ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਹਾੜ-ਸਾਵਣ, ਸੰਮਤ ਨਾਨਕਸ਼ਾਹੀ ੫੪੯ ਜੁਲਾਈ 2017

ਜਿਲਦ ੬੧ ਅੰਕ ੪

*ਮੁੱਖ ਸੰਪਾਦਕ*
ਸਿਮਰਜੀਤ ਸਿੰਘ

*ਸੰਪਾਦਕ*
ਸਤਵਿੰਦਰ ਸਿੰਘ ਫੂਲਪੁਰ

## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ₹ ੫ | ਸਾਲਾਨਾ | ₹ ੧੨੫੦ |
| ਸਾਲਾਨਾ | ₹ ੫੦ | ਪੰਜ ਸਾਲ | ₹ ੫੦੦੦ |
| ਪੰਜ ਸਾਲ | ₹ ੨੫੦ | ਲਾਈਫ਼ | ₹ ੧੦੦੦੦ |
| ਲਾਈਫ਼ | ₹ ੫੦੦ | | |

## ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁ: ਪ੍ਰ: ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

**Secretary**
**Dharam Parchar Committee**
**(S.G.P.C.)**
**Sri Amritsar-143006**

**ਫੋਨ :** 0183-2553956-59 **ਐਕਸ** 304 **ਫੈਕਸ :** 0183-2553919

website : www.sgpc.net

e-mail :gurmatparkashmonthly@gmail.com,
gyan_gurmat@yahoo.com

**ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।**

Approved for School libraries by the Director of Public Instructions Punjab.
Vide Circular No. 4580-2/25-58-B-49154 Dated Oct. 1958

# ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | ੬ |
| ਬਾਬਾ ਬੀਰ ਸਿੰਘ ਜੀ ਨੌਰੰਗਾਬਾਦੀ | -ਪ੍ਰੋ. ਕਿਰਪਾਲ ਸਿੰਘ ਬਡੂੰਗਰ | ੮ |
| . . . ਸ੍ਰੀ ਅਕਾਲ ਤਖ਼ਤ ਸਾਹਿਬ | -ਡਾ. ਰੂਪ ਸਿੰਘ | ੨੧ |
| ਮੀਰੀ ਪੀਰੀ: ਚਿੰਤਨਸ਼ੀਲ ਪੱਖ | -ਡਾ. ਵਜ਼ੀਰ ਸਿੰਘ | ੩੧ |
| ਗੁਰਦੁਆਰਾ: ਸਿਧਾਂਤ ਅਤੇ ਵਿਵਹਾਰ | -ਸਤਵਿੰਦਰ ਸਿੰਘ ਫੂਲਪੁਰ | ੩੩ |
| ਗੁਰਬਾਣੀ ਸਿਰਲੇਖ-ਪ੍ਰਬੰਧ: ਜਾਣ-ਪਛਾਣ | -ਡਾ. ਗੁਰਮੇਲ ਸਿੰਘ | ੩੯ |
| ਬਾਲਾ ਪ੍ਰੀਤਮ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | -ਡਾ. ਕੁਲਦੀਪ ਕੌਰ | ੪੫ |
| ਸ਼ਹੀਦ ਭਾਈ ਤਾਰੂ ਸਿੰਘ ਜੀ | -ਸ. ਸਿਮਰਜੀਤ ਸਿੰਘ | ੪੮ |
| ਸ਼ਹੀਦ ਭਾਈ ਮਨੀ ਸਿੰਘ | -ਡਾ. ਸ਼ਮਸ਼ੇਰ ਸਿੰਘ | ੫੯ |
| ਡਾ. ਦੀਵਾਨ ਸਿੰਘ ਕਾਲੇਪਾਣੀ | -ਡਾ. ਪਰਮਵੀਰ ਸਿੰਘ | ੬੭ |
| ਬੀਬੀ ਸੁੱਖਾਂ | -ਡਾ. ਅਮਰਜੀਤ ਕੌਰ | ੭੭ |
| ਬਾਬਾ ਬੰਦਾ ਸਿੰਘ ਬਹਾਦਰ: ਪ੍ਰਮੁੱਖ ਯਾਦਗਾਰਾਂ | -ਸ. ਸਿਮਰਜੀਤ ਸਿੰਘ | ੮੦ |
| ਗਾਗਰ 'ਚ ਸਾਗਰ-- ੭੬ | -ਡਾ. ਇੰਦਰਜੀਤ ਸਿੰਘ ਗੋਗੋਆਣੀ | ੯੬ |
| ਜੀਵਨ ਰਿਸ਼ਮਾਂ-- ੨ | -ਡਾ. ਚਮਕੌਰ ਸਿੰਘ | ੧੦੦ |
| ਭਾਈ ਤਾਰੂ ਸਿੰਘ ਸ਼ਹੀਦ (ਕਵਿਤਾ) | -ਸ. ਅਮਰਜੀਤ ਸਿੰਘ | ੧੦੬ |
| ਸਿੱਖ ਕੌਮ ਨੇ (ਕਵਿਤਾ) | -ਸ. ਕਰਨੈਲ ਸਿੰਘ ਸਰਦਾਰ ਪੰਛੀ | ੧੦੭ |
| ਲਗਾਂ ਅੱਖਰਾਂ ਦੀਆਂ ਬੋਲੀਆਂ (ਕਵਿਤਾ) | -ਸ. ਰਣਜੀਤ ਸਿੰਘ | ੧੦੮ |
| ਖ਼ਬਰਨਾਮਾ | | ੧੧੦ |
| ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਸਰਗਰਮੀਆਂ | | ੧੧੩ |

ਗੁਰਬਾਣੀ ਵਿਚਾਰ:

# ਸਾਵਣਿ ਸਰਸ ਮਨਾ....

*ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ॥*
*ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ॥*
*ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ॥*
*ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ॥*
*ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ॥*
*ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ॥* *(ਪੰਨਾ ੧੧੦੮)*

ਸਰਲ ਅਰਥ : ਗੁਰੂ ਜੀ ਸਾਵਣ ਮਹੀਨੇ ਦੀ ਸੁਹਾਣੀ ਰੁੱਤ ਦਾ ਵਰਣਨ ਕਰਦਿਆਂ ਜੀਵ-ਇਸਤਰੀ ਦੀ ਪਤੀ-ਪਰਮਾਤਮਾ ਤੋਂ ਵਿਛੋੜੇ ਦੀ ਹਾਲਤ ਦਰਸਾਉਂਦੇ ਹੋਏ ਫੁਰਮਾਨ ਕਰਦੇ ਹਨ ਕਿ ਸਾਵਣ ਮਹੀਨਾ ਮਨ ਨੂੰ ਚੰਗਾ ਲੱਗਣ ਵਾਲਾ ਹੈ। ਇਸ ਮਹੀਨੇ ਰੁੱਤ ਸੁਹਾਣੀ ਹੈ। ਆਕਾਸ਼ ਉੱਪਰ ਬੱਦਲ ਆ ਕੇ ਵਰ੍ਹਣ ਲੱਗਦੇ ਹਨ। ਜੇਠ-ਹਾੜ ਦੀ ਅਤਿ ਸਖ਼ਤ ਗਰਮੀ ਖੁਸ਼ਕੀ ਮਗਰੋਂ ਐਸਾ ਪਰਿਵਰਤਨ ਹਰੇਕ ਮਨੁੱਖ-ਮਾਤਰ ਨੂੰ ਸੁਖਦਾਇਕ ਮਹਿਸੂਸ ਹੁੰਦਾ ਹੀ ਹੈ। ਪਰ ਮੈਂ ਹਾਂ ਕਿ ਇਸ ਸੁਹਾਣੀ ਰੁੱਤ ਨੂੰ ਪੂਰੀ ਤਰ੍ਹਾਂ ਮਾਣ ਨਹੀਂ ਸਕਦੀ। ਮੇਰੇ ਮਨ ਤਨ ਅੰਦਰ ਉਸੇ ਪ੍ਰੀਤਮ ਪਿਆਰੇ ਪ੍ਰਭੂ ਦੀ ਯਾਦ ਹੈ। ਉਹ ਪਿਆਰਾ ਮੈਨੂੰ ਚੰਗਾ ਲੱਗਦਾ ਹੈ। ਸੁਹਾਣੀ ਰੁੱਤ 'ਚ ਪਿਆਰੇ ਦਾ ਕੋਲ ਨਾ ਹੋਣਾ ਦੁਖਦਾਇਕ ਹੈ। ਮੇਰਾ ਪਿਆਰਾ ਪਰਦੇਸ ਜੁ ਚਲਾ ਗਿਆ ਹੈ। ਜੀਵ-ਇਸਤਰੀ ਦੇ ਪਤੀ-ਪਰਮਾਤਮਾ ਦੇ ਵਿਯੋਗ ਨੂੰ ਪ੍ਰਗਟਾਉਂਦਿਆਂ ਗੁਰੂ ਜੀ ਫੁਰਮਾਉਂਦੇ ਹਨ ਕਿ ਜਦ ਤਕ ਪਿਆਰਾ ਘਰ ਨਹੀਂ ਆ ਜਾਂਦਾ ਮੈਂ ਨਿਮਾਣੀ ਜੀਵ ਇਸਤਰੀ ਤਦ ਤਕ ਹਉਕੇ ਭਰਦੀ ਹੋਈ ਮਰਦੀ-ਮੁੱਕਦੀ ਜਾਂਦੀ ਹਾਂ। ਅਸਮਾਨੀ ਬਿਜਲੀ ਜਿਸ ਨੇ ਪਿਆਰੇ ਦੇ ਘਰ ਹੁੰਦਿਆਂ, ਲਿਸ਼ਕਦਿਆਂ ਇਕ ਵਿਸਮਾਦੀ ਨਜ਼ਾਰਾ ਪੇਸ਼ ਕਰਨਾ ਸੀ ਮੈਨੂੰ ਬੇਵੱਸ ਲਾਚਾਰ ਜੀਵ-ਇਸਤਰੀ ਨੂੰ ਡਰਾ ਰਹੀ ਹੈ। ਜੀਵ-ਇਸਤਰੀ ਦੀ ਸੇਜ ਸੱਖਣੀ ਹੈ। ਇਹ ਸੱਚਮੁਚ ਹੀ ਔਖੀ ਹਾਲਤ ਹੈ। ਹੇ ਮਾਂ! ਇਹ ਤਾਂ ਜੀਂਦੇ-ਜੀਅ ਮਰਨ ਤੁਲ ਹੈ! ਪਰਮਾਤਮਾ ਤੋਂ ਬਿਨਾਂ ਜੀਵ-ਆਤਮਾ ਸੁਖ ਨਾਲ ਸੌਂਵੇ ਵੀ ਕਿਸ ਤਰ੍ਹਾਂ? ਸਾਵਣ ਮਹੀਨੇ ਵਿਚ ਘਰ-ਘਰ ਤਰ੍ਹਾਂ-ਤਰ੍ਹਾਂ ਦੇ ਪਕਵਾਨ ਪੱਕਦੇ ਹਨ। ਇਸ ਸੱਭਿਆਚਾਰਕ ਵਰਤਾਰੇ ਵੱਲ ਰਮਜ਼ੀ-ਸੰਕੇਤ ਕਰਦਿਆਂ ਗੁਰੂ ਜੀ ਪ੍ਰਭੂ ਵਿਹੂੰਨੀ ਜੀਵ-ਇਸਤਰੀ ਦੀ ਹਾਲਤ ਦਰਸਾਉਂਦੇ ਹੋਏ ਫੁਰਮਾਨ ਕਰਦੇ ਹਨ ਕਿ ਮੇਰਾ ਪ੍ਰੀਤਮ ਪਿਆਰਾ ਜੁ ਘਰ ਨਹੀਂ ਇਸ ਕਰਕੇ ਮੈਨੂੰ ਭੁੱਖ ਹੀ ਕਿੱਥੇ? ਸੁਹਾਣੀ ਰੁੱਤ ਸੁਖਦਾਇਕ ਹੋਣ ਕਰਕੇ ਨੀਂਦ ਲਿਆਉਣ 'ਚ ਕੁਦਰਤੀ ਸਹਾਇਕ ਸਿੱਧ ਹੁੰਦੀ ਹੈ ਪਰ ਪ੍ਰਭੂ-ਨਾਮ ਤੋਂ ਵਿੱਛੜੀ ਜੀਵ-ਇਸਤਰੀ ਨੂੰ ਨੀਂਦ ਕਿੱਥੇ? ਸਾਵਣ ਮਹੀਨੇ ਵਿਚ ਪੰਜਾਬ ਦੀ ਧਰਤੀ ਉੱਪਰ ਮਨੁੱਖ-ਮਾਤਰ ਖਾਸ ਕਰਕੇ ਇਸਤਰੀਆਂ (ਮੁਟਿਆਰਾਂ) ਰੰਗ-ਬਿਰੰਗੇ ਪਹਿਰਾਵੇ ਪਹਿਨ ਕੇ ਤੀਆਂ ਦੇ ਮੇਲੇ ਮਨਾਉਂਦੀਆਂ ਹਨ। ਇਸ ਸੱਭਿਆਚਾਰਕ ਵਰਤਾਰੇ ਵੱਲ ਸੰਕੇਤ ਕਰਦਿਆਂ ਗੁਰੂ ਜੀ ਮੁੜ ਪ੍ਰੀਤਮ ਪਿਆਰੇ ਤੋਂ ਵਿੱਛੜੀ ਅਭਾਗਣ ਜੀਵ-ਇਸਤਰੀ ਦੀ ਪੀੜਾ ਦਾ ਵਰਣਨ ਕਰਦੇ ਹਨ। ਗੁਰੂ ਜੀ ਫੁਰਮਾਉਂਦੇ ਹਨ ਕਿ ਮੈਨੂੰ ਜੀਵ-ਇਸਤਰੀ ਦੇ ਸਰੀਰ ਨੂੰ ਤਾਂ ਪਤੀ ਪਿਆਰੇ ਦੀ ਅਣਹੋਂਦ 'ਚ ਕੋਈ ਸੁੰਦਰ ਵਸਤਰ ਸੁਖਾਉਂਦਾ ਹੀ ਨਹੀਂ। ਗੁਰੂ ਪਾਤਸ਼ਾਹ ਜੀ ਅੰਤਿਮ ਨਿਰਣੇ ਦੀ ਬਖਸ਼ਿਸ਼ ਕਰਦਿਆਂ ਫੁਰਮਾਨ ਕਰਦੇ ਹਨ ਕਿ ਉਹੀ ਜੀਵ-ਇਸਤਰੀ ਕੰਤ ਵਾਲੀ ਸੁਹਾਗਣ ਕਹੀ ਜਾ ਸਕਦੀ ਹੈ ਜਿਹੜੀ ਕਿ ਪਿਆਰੇ ਅਕਾਲ ਪੁਰਖ ਦੇ ਨਾਮ-ਸਿਮਰਨ 'ਚ ਲੱਗੀ ਉਸ ਨਾਲ ਇਕਮਿਕ ਹੋ ਗਈ ਹੈ। ਦੂਜੇ ਸ਼ਬਦਾਂ 'ਚ ਉਸ ਦੀਆਂ ਸੰਸਾਰਕ ਖਾਹਿਸ਼ਾਂ ਨਹੀਂ ਰਹੀਆਂ; ਉਸ ਨੇ ਆਪਣੇ ਮਨ ਨੂੰ ਗੁਰੂ-ਗਿਆਨ ਦੀ ਸੇਧ 'ਚ ਚਲਦਿਆਂ ਵੱਸ 'ਚ ਕਰ ਲਿਆ ਹੈ। ■

ਸੰਪਾਦਕੀ . . .

# ਹੋਇ ਇਕਤ੍ਰ ਮਿਲਹੁ ਮੇਰੇ ਭਾਈ . . .

ਸਿੱਖ ਧਰਮ ਦੀ ਆਧਾਰਸ਼ਿਲ੍ਹਾ ਇਸ ਦੇ ਨਿਰੋਏ ਸੰਕਲਪ ਤੇ ਸਿਧਾਂਤ ਹਨ ਜੋ ਮਾਨਵਵਾਦੀ ਅਸੂਲਾਂ 'ਤੇ ਆਧਾਰਿਤ ਸਰਬ-ਸਾਂਝਾ ਭਾਈਚਾਰਾ ਸਿਰਜਦੇ ਹਨ। ਇਨ੍ਹਾਂ ਸਿਧਾਂਤਾਂ ਨੂੰ ਮਨੁੱਖਤਾ ਲਈ ਕਲਿਆਣਕਾਰੀ ਬਣਾਉਣ ਅਤੇ ਸਿੱਖ ਪੰਥ ਦਾ ਨਿਆਰਾਪਨ ਕਾਇਮ ਰੱਖਣ ਹਿੱਤ ਸਿਧਾਂਤਕ ਸੰਸਥਾਵਾਂ ਦੀ ਸਿਰਜਣਾ ਹੋਈ। ਇਨ੍ਹਾਂ ਸੰਸਥਾਵਾਂ ਨੇ ਸਿਧਾਂਤ ਦੇ ਵਿਵਹਾਰਿਕ ਪੱਖ ਨੂੰ ਨਿਯਮ-ਬੱਧ ਕੀਤਾ। ਮੀਰੀ-ਪੀਰੀ ਦੇ ਸਿਧਾਂਤ ਵਿੱਚੋਂ ਮੀਰੀ ਦਾ ਵਿਵਹਾਰਿਕ ਰੂਪ ਹੈ ਸ੍ਰੀ ਅਕਾਲ ਤਖ਼ਤ ਸਾਹਿਬ, ਜੋ ਸਿੱਖ ਪੰਥ ਦੀ ਪ੍ਰਭੂਸੱਤਾ ਸੰਪੰਨ ਬਾਦਸ਼ਾਹਤ ਦਾ ਪ੍ਰਤੀਕ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਨੇ ਹਮੇਸ਼ਾ ਹੀ ਪੰਥ ਨੂੰ ਏਕਤਾ ਦੇ ਸੂਤਰ ਵਿਚ ਪਰੋ ਕੇ ਰੱਖਿਆ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਖਾਲਸਾ ਪੰਥ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਹੇਠ ਵੱਡੇ-ਵੱਡੇ ਕੌਮੀ ਮਸਲੇ **ਹੋਇ ਇਕਤ੍ਰ ਮਿਲਹੁ ਮੇਰੇ ਭਾਈ** ਵਾਲੀ ਆਦਰਸ਼ਕ ਗੁਰਮਤਿ ਜੁਗਤ ਰਾਹੀਂ ਹੱਲ ਕੀਤੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿਚ ਖਾਲਸਾ ਪੰਥ ਨੇ ਆਪਣਾ ਰਾਜਨੀਤਕ ਵਿਕਾਸ ਕੀਤਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿਚ ਹੀ ਸਿੱਖਾਂ ਨੇ ਪੰਥਕ ਹਿੱਤਾਂ ਦੀ ਖਾਤਰ ਬੇਅੰਤ ਕੁਰਬਾਨੀਆਂ ਦਿੱਤੀਆਂ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦਿਸ਼ਾ-ਨਿਰਦੇਸ਼ਾਂ ਹੇਠ ਚੱਲ ਕੇ ਖਾਲਸਾ ਪੰਥ ਕੌਮੀ ਨਿਸ਼ਾਨੇ ਸਰ ਕਰਦਾ ਰਿਹਾ ਹੈ।

ਅਠਾਰ੍ਹਵੀਂ ਸਦੀ ਤੋਂ ਲੈ ਕੇ ਵੀਹਵੀਂ ਸਦੀ ਤਕ ਬਿਖੜੇ ਸਮਿਆਂ ਵਿਚ ਸਿੱਖ ਪੰਥ ਦੀਆਂ ਗਤੀਵਿਧੀਆਂ ਦਾ ਕੇਂਦਰ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਹੀ ਰਿਹਾ ਹੈ। ਸਿੰਘਾਂ ਦੁਆਰਾ ਪੰਥਕ ਮਸਲਿਆਂ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਇਕੱਤਰ ਹੋ ਕੇ ਕੀਤੇ ਜਾਂਦੇ ਗੁਰਮਤਿਆਂ ਬਾਰੇ ਇਤਿਹਾਸਿਕ ਗ੍ਰੰਥਾਂ ਵਿਚ ਹਵਾਲੇ ਮਿਲਦੇ ਹਨ:

**ਅਕਾਲ ਬੁੰਗੇ ਚੜ੍ਹ ਤਖਤੈ ਬਹਿ ਹੈਂ।**
**ਲਾਇ ਦੀਵਾਨ ਗੁਰਮਤੇ ਮਤੈ ਹੈਂ।**

ਖਾਲਸਾ ਪੰਥ ਨੂੰ ਇਹ ਦ੍ਰਿੜ੍ਹ ਨਿਸ਼ਚਾ ਹੈ ਕਿ ਜੇਕਰ ਕਦੇ ਵੀ ਕੌਮ ਉੱਪਰ ਕੋਈ ਬਿਖੜਾ ਸਮਾਂ ਆ ਜਾਵੇ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਹੀ ਕੌਮ ਦੀ ਅਗਵਾਈ ਕਰਨੀ ਹੈ। ਜਦ ਕਦੇ ਵੀ ਸਿੱਖ ਪੰਥ ਉੱਪਰ ਪ੍ਰੀਖਿਆ ਦੀ ਘੜੀ ਆਣ ਬਣੇ ਤਾਂ ਦੇਸ਼-ਵਿਦੇਸ਼ ਵਿਚ ਵਸਦੇ ਸਮੁੱਚੇ ਨਾਨਕ ਨਾਮ ਲੇਵਾ ਦੀਆਂ ਨਿਗਾਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਹਿਨੁਮਾਈ ਤੱਕਦੀਆਂ ਹਨ।

ਸਿੱਖ ਪੰਥ ਇਕ ਗੁਲਜ਼ਾਰ ਦੀ ਨਿਆਈਂ ਹੈ ਜਿਸ ਵਿਚ ਟਕਸਾਲਾਂ, ਸੰਤ ਸਮਾਜ, ਨਿਹੰਗ ਸਿੰਘ ਜਥੇਬੰਦੀਆਂ, ਨਿਰਮਲੇ ਸਿੱਖ, ਉਦਾਸੀ, ਸੇਵਾ-ਪੰਥੀ, ਮਿਸ਼ਨਰੀ ਵੀਰ ਆਦਿ ਆਪੋ-ਆਪਣੀ ਸਮਰੱਥਾ ਅਨੁਸਾਰ ਨਾਨਕ ਨਾਮ ਦੀ ਖੁਸ਼ਬੋਈ ਬਿਖੇਰ ਰਹੇ ਹਨ। ਇਹ ਸਭ ਆਪੋ-ਆਪਣੀ ਜਗ੍ਹਾ ਮੁਬਾਰਕ ਹਨ। ਪਰ ਜਦ ਕਦੇ ਵੀ ਪੰਥਕ ਹਿੱਤਾਂ ਲਈ ਸਾਂਝੇ ਕੌਮੀ ਉੱਦਮ ਦੀ ਲੋੜ ਪਵੇ ਤਾਂ ਸਰਬ ਸਾਂਝਾ ਪਲੇਟਫਾਰਮ ਕੇਵਲ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਹੀ ਬਣਨਾ ਹੈ। ਪੰਥ ਨੂੰ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਸਰਬ-ਸਾਂਝੇ ਉੱਦਮ ਸ੍ਰੀ

ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿਚ ਹੀ ਸਾਕਾਰ ਕੀਤੇ ਜਾਣੇ ਹਨ।

ਪਿਛਲੇ ਕੁਝ ਸਮੇਂ ਤੋਂ ਭਾਰਤ ਵਿਚ ਬਹੁਗਿਣਤੀ ਦੁਆਰਾ ਤਰ੍ਹਾਂ-ਤਰ੍ਹਾਂ ਦੇ ਮਨਸੂਬੇ ਘੜ ਕੇ ਘੱਟ-ਗਿਣਤੀਆਂ ਨੂੰ ਆਪਣੇ ਵਿਚ ਜਜ਼ਬ ਕਰਨ ਜਾਂ ਖਤਮ ਕਰਨ ਦੀ ਕਵਾਇਦ ਚੱਲ ਰਹੀ ਹੈ। ਇਸੇ ਕੜੀ ਵਿਚ ਪੰਥ-ਵਿਰੋਧੀ ਤਾਕਤਾਂ ਦੁਆਰਾ ਸਿੱਖਾਂ ਨੂੰ ਛੋਟੇ-ਛੋਟੇ ਮਸਲਿਆਂ ਵਿਚ ਉਲਝਾ ਕੇ ਕੌਮੀ ਸ਼ਕਤੀ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਵੀ ਹੋ ਰਹੀਆਂ ਹਨ। ਗੁਰਮਤਿ ਸਿਧਾਂਤਾਂ ਅਤੇ ਸਿੱਖ ਸੰਸਥਾਵਾਂ ਨੂੰ ਢਾਅ ਲਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਸਿੱਖ ਇਤਿਹਾਸ ਨਾਲ ਛੇੜ-ਛਾੜ ਕਰਨ ਦੇ ਯਤਨ ਹੋ ਰਹੇ ਹਨ। ਵਿੱਦਿਅਕ ਅਦਾਰਿਆਂ ਵਿਚ ਬੜੀ ਯੋਜਨਾ-ਬੱਧ ਢੰਗ ਨਾਲ ਘੁਸਪੈਠ ਕੀਤੀ ਜਾ ਰਹੀ ਹੈ।

ਅਜਿਹੀ ਦਸ਼ਾ ਵਿਚ ਹਰੇਕ ਨਾਨਕ ਨਾਮ ਲੇਵਾ ਨੂੰ ਇਨ੍ਹਾਂ ਸਾਰੀਆਂ ਸਿੱਖ ਵਿਰੋਧੀ ਗਤੀਵਿਧੀਆਂ ਤੋਂ ਸੁਚੇਤ ਹੋਣ ਦੀ ਲੋੜ ਹੈ, ਤਾਂਕਿ ਅਸੀਂ ਆਪਣੀ ਸਿੱਖ ਨੌਜਵਾਨੀ, ਸਿੱਖ ਸਾਹਿਤ ਅਤੇ ਕੌਮੀ ਵਿਰਸੇ ਨੂੰ ਬਚਾ ਸਕੀਏ।

ਅੱਜ ਸਮੁੱਚੀਆਂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਾਰੀਆਂ ਸਿੱਖ ਜਥੇਬੰਦੀਆਂ ਦਾ ਸਾਂਝਾ ਇਖ਼ਲਾਕੀ ਫ਼ਰਜ਼ ਬਣਦਾ ਹੈ ਕਿ ਪੰਥ-ਵਿਰੋਧੀ ਤਾਕਤਾਂ ਦੇ ਮਨਸੂਬਿਆਂ ਨੂੰ ਨਾਕਾਮ ਕਰਨ ਅਤੇ ਗੁਰਮਤਿ ਸਿਧਾਂਤਾਂ ਦੀ ਪਹਿਰੇਦਾਰੀ ਲਈ ਇਕਜੁੱਟ ਹੋ ਕੇ ਯਤਨਸ਼ੀਲ ਹੋਈਏ। ਇਸ ਮੰਤਵ ਲਈ ਨੌਜੁਆਨ ਪੀੜ੍ਹੀ ਵਿਚ ਗੁਰਮਤਿ ਦਾ ਪ੍ਰਚਾਰ ਕਰਨ ਲਈ ਪ੍ਰੰਪਰਾਗਤ ਪ੍ਰਚਾਰ ਢੰਗ ਦੇ ਨਾਲ-ਨਾਲ ਨਵੀਆਂ ਪ੍ਰਚਾਰਕ ਜੁਗਤਾਂ ਅਪਣਾਉਣ ਦੇ ਢੰਗ ਤਲਾਸ਼ੀਏ। ਆਪਣੀ ਨੌਜੁਆਨ ਪੀੜ੍ਹੀ ਨੂੰ ਗੁਰਮਤਿ ਸਿਧਾਂਤਾਂ ਵਿਚ ਪ੍ਰਪੱਕ ਕਰਨ ਅਤੇ ਗੁਰਮਤਿ ਵਿਰਸੇ ਨਾਲ ਜੋੜਨ ਦੇ ਯਤਨ ਕਰੀਏ ਤਾਂਕਿ ਉਨ੍ਹਾਂ ਨੂੰ ਕੋਈ ਕੁਰਾਹੇ ਨਾ ਪਾ ਸਕੇ। ਨੌਜੁਆਨ ਪੀੜ੍ਹੀ ਅੰਦਰ ਪੈਦਾ ਹੋ ਚੁੱਕੇ ਪਤਿਤਪੁਣੇ ਦੇ ਰੁਝਾਨ ਨੂੰ ਠੱਲ ਪਾਉਣ ਲਈ ਇਸ ਦੇ ਕਾਰਨ ਤਲਾਸ਼ ਕੇ ਇਸ ਦੇ ਸਮਾਧਾਨ ਲਈ ਸਾਰਥਕ ਹੱਲ ਲੱਭੀਏ। ਗੁਰੂ ਸਾਹਿਬਾਨ ਅਤੇ ਗੁਰਸਿੱਖਾਂ ਦੁਆਰਾ ਬੇਅੰਤ ਸ਼ਹਾਦਤਾਂ ਨਾਲ ਸਿਰਜੇ ਲਾਸਾਨੀ ਇਤਿਹਾਸ ਤੋਂ ਆਪਣੀ ਨਵੀਂ ਪੀੜ੍ਹੀ ਨੂੰ ਜਾਣੂ ਕਰਵਾਉਣ ਦੇ ਯਤਨ ਕਰੀਏ ਤਾਂ ਕਿ ਉਹ ਗਲਤ ਇਤਿਹਾਸਕਾਰੀ ਦਾ ਖ਼ੁਦ ਨਿਰਣਾ ਕਰਨ ਦੇ ਸਮਰੱਥ ਹੋ ਸਕਣ। ਗੁਰਸਿੱਖ ਨੌਜੁਆਨਾਂ ਨੂੰ ਮੌਕੇ ਪ੍ਰਦਾਨ ਕਰ ਕੇ ਪੂਰਨ ਰੂਪ ਵਿਚ ਗੁਰਮਤਿ ਦੇ ਧਾਰਨੀ ਅਤੇ ਉੱਚੇ ਇਖ਼ਲਾਕ ਵਾਲੇ ਜੱਜ, ਵਕੀਲ, ਆਈ. ਪੀ. ਐਸ., ਆਈ. ਏ. ਐਸ. ਅਫ਼ਸਰ, ਡਾਕਟਰ ਤੇ ਇੰਜੀਨੀਅਰ ਆਦਿ ਬਣਾਉਣ ਦੇ ਯਤਨ ਕਰੀਏ ਤਾਂ ਕਿ ਸਿੱਖੀ ਦਾ ਸਮਾਜਿਕ ਅਤੇ ਰਾਜਨੀਤਕ ਆਧਾਰ ਹੋਰ ਮਜ਼ਬੂਤ ਬਣਾਇਆ ਜਾ ਸਕੇ।

ਜਿਸ ਘਰ ਦੀਆਂ ਦੀਵਾਰਾਂ ਉੱਚੀਆਂ ਤੇ ਮਜ਼ਬੂਤ ਹੋਣ ਉੱਥੇ ਫਿਰ ਬਾਹਰੀ ਘੁਸਪੈਠ ਦਾ ਖ਼ਤਰਾ ਨਹੀਂ ਰਹਿੰਦਾ। ਅਸੀਂ ਵੀ ਸਮੁੱਚਾ ਸਿੱਖ ਪੰਥ ਰਲ ਮਿਲ ਕੇ ਆਪਣੇ ਗੁਰਮਤਿ ਸਿਧਾਂਤਾਂ ਦੀਆਂ ਦੀਵਾਰਾਂ ਨੂੰ ਇਨ੍ਹਾਂ ਮਜ਼ਬੂਤ ਕਰ ਲਈਏ ਕਿ ਵਿਰੋਧੀ ਤਾਕਤਾਂ ਦੇ ਮਨਸੂਬੇ ਸਿਰੇ ਨਾ ਚੜ੍ਹ ਸਕਣ। ਇਹ ਸਭ ਤਾਂ ਹੀ ਸੰਭਵ ਹੋਵੇਗਾ ਜਦੋਂ ਅਸੀਂ ਆਪਣੇ ਪੁਰਖਿਆਂ ਦੇ ਨਕਸ਼ੇ ਕਦਮਾਂ 'ਤੇ ਚੱਲ ਕੇ ਪੂਰਨ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪਿਤ ਹੁੰਦਿਆਂ **ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥ ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥** ਦੀ ਜੁਗਤ ਅਨੁਸਾਰ ਜਥੇਬੰਦਕ ਰੂਪ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਫਾ ਵਿਚ ਸ਼ਾਮਲ ਹੋ ਕੇ ਪੰਥਕ ਏਕਤਾ ਇਤਫਾਕ ਦੇ ਹਾਮੀ ਬਣਾਂਗੇ। ■

# ਬਾਬਾ ਬੀਰ ਸਿੰਘ ਜੀ ਨੌਰੰਗਾਬਾਦੀ

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

ਭਾਰਤ ਦੇਸ਼ ਮੁੱਢ ਤੋਂ ਹੀ ਵੱਖ-ਵੱਖ ਜਾਤਾਂ, ਵਰਣਾਂ, ਆਸ਼ਰਮਾਂ, ਰਾਜਿਆਂ, ਪਰਜਾ, ਊਚ-ਨੀਚ ਆਦਿ ਵਿਚ ਵੰਡਿਆ ਹੀ ਰਿਹਾ ਹੈ। ਇਸ ਪ੍ਰਥਾ ਨੂੰ ਮੰਨੂ ਨੇ ਪੱਕੀ ਮਾਨਤਾ ਹੀ ਦੇ ਦਿੱਤੀ। ਰਾਜੇ ਦਾ ਪੁੱਤ ਰਾਜਾ, ਕੰਮੀ ਦਾ ਪੁੱਤ ਕੰਮੀ, ਕਿੱਤੇ ਨਾਲ ਜਾਤ ਨੂੰ ਬੰਨ੍ਹ ਕੇ ਜਾਤ ਸਿਸਟਮ ਨੂੰ ਪੱਕਿਆਂ ਕਰ ਦਿੱਤਾ। ਰਾਜੇ ਦੇ ਸਾਰੇ ਹੱਕ, ਪਰਜਾ ਕੇਵਲ ਸੇਵਾਦਾਰ ਅਤੇ ਹੱਕ ਰਹਿਤ ਇਸ ਸਾਰੇ ਵਰਤਾਰੇ ਦਾ ਨਤੀਜਾ ਹੀ ਸੀ ਕਿ ਦੇਸ਼ ਹਰ ਪੱਖੋਂ ਕਮਜ਼ੋਰ ਹੋ ਗਿਆ। ਮੁਹੰਮਦ ਬਿਨ ਕਾਸਮ ਦੇ ੭੧੨ ਈ. ਵਿਚ ਭਾਰਤ ਉੱਤੇ ਕੀਤੇ ਹਮਲੇ ਤੋਂ ਬਾਅਦ ਇਹ ਹਮਲਿਆਂ ਦਾ ਦੌਰ ਨਵੇਂ ਪੈਦਾ ਹੋਵੇ ਇਸਲਾਮੀ ਧਰਮ ਦੇ ਪੈਰੋਕਾਰਾਂ ਵੱਲੋਂ ਇਸਲਾਮ ਦੇ ਆਲੰਬਰਦਾਰ ਬਣ ਕੇ ਲਗਾਤਾਰ ਕੀਤੇ ਜਾਂਦੇ ਰਹੇ। ਅੰਤ ੧੧੯੨ ਈ. ਵਿਚ ਮੁਹੰਮਦ ਗੌਰੀ ਨੇ ਦਿੱਲੀ ਦੇ ਤਖਤ ਉੱਤੇ ਕਬਜ਼ਾ ਕਰ ਕੇ ਭਾਰਤ ਵਿਚ ਇਸਲਾਮੀ ਰਾਜ ਸਥਾਪਿਤ ਕਰ ਦਿੱਤਾ। ਇਨ੍ਹਾਂ ਨੇ ਲੋਕਾਂ ਉੱਤੇ ਤਸ਼ੱਦਦ ਕਰ ਕੇ, ਲਾਲਚ ਦੇ ਕੇ ਤਥਾ ਤਲਵਾਰ ਦੇ ਜ਼ੋਰ ਨਾਲ ਇਸਲਾਮ ਧਰਮ ਨੂੰ ਫੈਲਾਉਣਾ ਸ਼ੁਰੂ ਕਰ ਦਿੱਤਾ। ਭਾਰਤ ਦੀ ਰਾਜਨੀਤੀ ਉੱਤੇ ਉਸ ਸਮੇਂ ਕਸ਼ੱਤਰੀ ਲੋਕ ਕਾਬਜ਼ ਸਨ। ਧਰਮ ਦੇ ਖੇਤਰ ਵਿਚ ਪਹਿਲਾਂ ਬ੍ਰਾਹਮਣ ਅਤੇ ਜੋਗੀ ਫਿਰ ਪਿੱਛੋਂ ਜਾ ਕੇ ਕਾਜ਼ੀ-ਮੁੱਲਾਂ ਵੀ ਇਨ੍ਹਾਂ ਨਾਲ ਰਲ ਗਏ ਅਤੇ ਇਹ ਲੋਕ ਧਰਮ ਉੱਤੇ ਕਾਬਜ਼ ਹੋ ਗਏ ਤਥਾ ਧਰਮ ਦੇ ਠੇਕੇਦਾਰ ਹੋ ਗਏ। ਸਮਾਂ ਬੀਤਣ ਉੱਤੇ ਇਨ੍ਹਾਂ ਵਿਚ ਢੇਰ ਸਾਰੀਆਂ ਗਿਰਾਵਟਾਂ ਆ ਗਈਆਂ ਅਤੇ ਦੇਸ਼ ਦੀ ਜਨਤਾ ਇਨ੍ਹਾਂ ਦੋਹਾਂ ਪੁੜਾਂ ਵਿਚ ਪੀਸੀ ਜਾਣ ਲੱਗੀ। ਕੁਰਲਾਹਟ ਮੱਚੀ ਹੋਈ ਸੀ। ਅਜਿਹੇ ਸਮੇਂ ੧੪੬੯ ਈ. ਨੂੰ ਰਾਇ ਭੋਇ ਦੀ ਤਲਵੰਡੀ (ਹੁਣ ਨਨਕਾਣਾ ਸਾਹਿਬ, ਪਾਕਿਸਤਾਨ) ਵਿਖੇ ਇਸ ਅੰਧੇਰ ਨਗਰੀ ਰੂਪੀ ਭਾਰਤ ਵਿਚ ਇਕ ਚਾਨਣ ਪ੍ਰਗਟ ਹੋਇਆ, ਜਿਸ ਦੀ ਸੋਭਾ ਮਹਾਨ ਸਿੱਖ ਵਿਦਵਾਨ ਅਤੇ ਕਵੀ ਭਾਈ ਗੁਰਦਾਸ ਜੀ ਨੇ ਇਉਂ ਕੀਤੀ ਹੈ:

*ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।*
*ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ।* *(ਵਾਰ ੧:੨੭)*

ਅਤੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਇਨ੍ਹਾਂ ਹਾਲਾਤਾਂ ਬਾਰੇ ਇਉਂ ਬਿਆਨ ਕਰਦੇ:

*ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਾਹਮਣੁ ਨਾਵੈ ਜੀਆ ਘਾਇ॥*
*ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥* *(ਪੰਨਾ ੬੬੨)*

ਭਾਰਤਵਾਸੀ ਰਾਜੇ ਜੋ ਰਾਜ-ਸ਼ਕਤੀ ਦੇ ਜੱਦੀ-ਪੁਸ਼ਤੀ ਠੇਕੇਦਾਰ ਸਨ, ਉਹ ਆਪਣੀ ਐਸ਼-ਪ੍ਰਸ਼ਤੀ ਵਿਚ ਗ਼ਲਤਾਨ ਸਨ ਅਤੇ ਉਨ੍ਹਾਂ ਨੇ ਆਪਣਾ ਰਾਜ-ਧਰਮ ਵਿਸਾਰ ਦਿੱਤਾ ਸੀ। ਕੇਵਲ ਲੋਕਾਂ ਦੀ ਲੁੱਟ, ਕੁੱਟ ਅਤੇ ਸ਼ੋਸ਼ਣ ਹੀ ਇਨ੍ਹਾਂ ਦਾ ਕਰਤੱਵ ਰਹਿ

**ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।*

ਗਿਆ ਸੀ। ਸ੍ਰੀ ਗੁਰੂ ਨਾਨਕ ਸਾਹਿਬ ਇਸ ਸਥਿਤੀ ਬਾਰੇ ਇਉਂ ਲਿਖਦੇ ਹਨ:

*ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥*
*ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ॥ (ਪੰਨਾ ੬੬੩)*

ਬ੍ਰਾਹਮਣ ਜੋ ਹਿੰਦੂ ਧਰਮ ਦੀਆਂ ਰਹੁ-ਰੀਤਾਂ ਅਤੇ ਮਰਯਾਦਾ ਦਾ ਠੇਕੇਦਾਰ ਬਣ ਕੇ ਧਾਰਮਿਕ ਖੇਤਰ ਵਿਚ ਏਕਾਅਧਿਕਾਰੀ ਬਣਿਆ ਹੋਇਆ ਸੀ, ਉਹ ਰਾਜ ਪ੍ਰੋਹਤ ਹੋਣ ਦੇ ਨਾਤੇ ਰਾਜੇ ਦਾ ਸਲਾਹਕਾਰ ਵੀ ਸੀ ਅਤੇ ਉਸ ਦੀ ਚੰਗੀ-ਮੰਦੀ ਸਭ ਜਾਇਜ਼ ਠਹਿਰਾਉਂਦਾ ਸੀ। ਉਸ ਨੇ ਵੀ ਆਪਣਾ ਧਰਮ-ਕਰਮ ਛੱਡ ਕੇ ਡਰਦੇ ਮਾਰੇ ਇਸਲਾਮੀ ਸੱਭਿਆਚਾਰ ਨੂੰ ਅਪਣਾਅ ਲਿਆ, ਜਿਸ ਬਾਰੇ ਗੁਰੂ ਸਾਹਿਬ ਦਾ ਫੁਰਮਾਨ ਹੈ:

*ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ॥ (ਪੰਨਾ ੪੭੧)*

ਸਾਰੇ ਦੇਸ਼ ਦੇ ਸਮੁੱਚੇ ਹਾਲਾਤ ਨੂੰ ਦੇਖ ਕੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਇਕ ਮੁਕੰਮਲ ਕ੍ਰਾਂਤੀ ਲਿਆਉਣ ਲਈ ਇਕ ਇਨਕਲਾਬੀ ਫ਼ਲਸਫ਼ਾ ਸਮੁੱਚੇ ਜਗਤ ਅਤੇ ਖਾਸ ਕਰਕੇ ਭਾਰਤੀਆਂ ਸਾਹਮਣੇ ਰੱਖਿਆ ਤਾਂ ਜੋ ਉਨ੍ਹਾਂ ਦੀ ਹਰ ਪੱਖੋਂ ਬੰਦ-ਖਲਾਸੀ ਹੋ ਸਕੇ ਅਤੇ ਉਹ ਆਪਣੇ ਮਾਣ-ਸਨਮਾਨ, ਗ਼ੈਰਤ ਅਤੇ ਗੌਰਵ ਨਾਲ ਜੀਅ ਸਕਣ ਅਤੇ ਆਪਣੇ ਧਰਮ-ਕਰਮ ਨੂੰ ਵੀ ਸੁਰੱਖਿਅਤ ਰੱਖ ਸਕਣ। ਸਮੇਂ ਦੇ ਹਾਲਾਤ ਬਾਰੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਵੱਲੋਂ ਕੀਤੇ ਅਧਿਐਨ ਬਾਰੇ ਭਾਈ ਗੁਰਦਾਸ ਜੀ ਇਉਂ ਬਿਆਨ ਕਰਦੇ ਹਨ:

*ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।*
*ਬਾਝੁ ਗੁਰੂ ਗੁਬਾਰ ਹੈ, ਹੈ ਹੈ ਕਰਦੀ ਸੁਣੀ ਲੁਕਾਈ। (ਵਾਰ ੧:੨੪)*

ਇਸ ਇਨਕਲਾਬੀ ਮਾਰਗ ਦੇ ਪਾਂਧੀ ਪਹਿਲਾਂ ਗੁਰੂ ਸਾਹਿਬ ਆਪ ਬਣੇ ਅਤੇ ਫਿਰ ਦੇਸ਼-ਵਾਸੀਆਂ ਨੂੰ ਸਿਰ ਤਲੀ ਉੱਤੇ ਧਰ ਕੇ ਮੌਤ ਦਾ ਡਰ ਤਿਆਗ ਕੇ ਅੱਗੇ ਆਉਣ ਅਤੇ ਇਸ ਧਰਮ-ਯੁੱਧ ਵਿਚ ਕੁੱਦਣ ਦਾ ਸੱਦਾ ਦਿੱਤਾ। ਪਾਤਸ਼ਾਹ ਨੇ ਫੁਰਮਾਇਆ:

*ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥ (ਪੰਨਾ ੧੪੧੨)*

ਇਸੇ ਸਿਧਾਂਤ ਨੂੰ ਸਪਸ਼ਟ ਕਰਦਿਆਂ ਸ੍ਰੀ ਗੁਰੂ ਰਾਮਦਾਸ ਜੀ ਜੀਵ ਨੂੰ ਪ੍ਰਭੂ ਵਿਚ ਅਭੇਦ ਹੋਣ ਲਈ ਗੁਰੂ ਅੱਗੇ ਸੀਸ ਭੇਟ ਕਰਨ ਦੀ ਗੱਲ ਇਉਂ ਸਮਝਾਉਂਦੇ ਹਨ:

*ਸਤਿਗੁਰ ਆਗੈ ਸੀਸੁ ਭੇਟ ਦੇਉ ਜੇ ਸਤਿਗੁਰ ਸਾਚੇ ਭਾਵੈ॥*
*ਆਪੇ ਦਇਆ ਕਰਹੁ ਪ੍ਰਭ ਦਾਤੇ ਨਾਨਕ ਅੰਕਿ ਸਮਾਵੈ॥ (ਪੰਨਾ ੧੧੧੪)*

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਸ਼ਹੀਦੀ ਅਤੇ ਕੁਰਬਾਨੀ ਦੇ ਸਿਧਾਂਤ ਦੀ ਪ੍ਰੋੜ੍ਹਤਾ ਇਉਂ ਕੀਤੀ ਹੈ:

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥ (ਪੰਨਾ ੧੧੦੨)*

ਗੁਰੂ ਦਸਮੇਸ਼ ਪਾਤਸ਼ਾਹ ਜੀ ਨੇ ਖਾਲਸਾ ਸਾਜਣ ਸਮੇਂ ਸਿਰਾਂ ਦੀ ਮੰਗ ਕੀਤੀ ਅਤੇ ਜਿਨ੍ਹਾਂ ਨੇ ਸੀਸ ਭੇਟ ਕੀਤੇ, ਉਹ ਗੁਰੂ ਦੇ ਪਿਆਰੇ ਖਾਲਸੇ, ਗੁਰੂ ਦੀ ਜਾਨ ਕੀ ਜਾਨ, ਗੁਰੂ ਦੇ ਸਤਿਗੁਰੂ ਪੂਰੇ, ਸੱਜਣ-ਸੂਰੇ, ਗੁਰੂ ਦਾ ਖਾਸ ਰੂਪ ਹੀ ਬਣ ਗਏ। ਗੁਰੂ ਸਾਹਿਬਾਨ

ਦੀ ਇਹ ਵਿਲੱਖਣਤਾ ਅਤੇ ਮਹੱਤਤਾ ਰਹੀ ਹੈ ਕਿ ਜੋ ਉਨ੍ਹਾਂ ਨੇ ਜਗਤ ਨੂੰ ਕਿਹਾ, ਉਹ ਉਨ੍ਹਾਂ ਨੇ ਇੰਨ-ਬਿੰਨ ਆਪਣੀ ਜ਼ਿੰਦਗੀ ਵਿਚ ਨਿਭਾਇਆ ਅਤੇ ਹੰਢਾਇਆ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਬਾਬਰ ਨੂੰ ਜਾਬਰ ਕਿਹਾ, ਜਮ ਰੂਪ ਕਿਹਾ, ਪਾਪ ਦੀ ਜੰਞ ਦਾ ਮੋਹਰੀ ਕਿਹਾ, ਬਾਬਰ ਦੀ ਜੇਲ੍ਹ ਵਿਚ ਚੱਕੀਆਂ ਚਲਾਈਆਂ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਦੇਗ ਵਿਚ ਉਬਲ ਕੇ, ਤੱਤੀ ਰੇਤ ਸੀਸ ਵਿਚ ਪੁਆ ਕੇ ਤੱਤੀ-ਤਵੀ ਉੱਤੇ ਸ਼ਾਂਤ-ਚਿੱਤ ਬੈਠ ਕੇ *ਤਪਤਿ ਮਾਹਿ ਠਾਢਿ ਵਰਤਾਈ* ਅਤੇ *ਤੇਰਾ ਕੀਆ ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥* ਅਨੁਸਾਰ ਭਾਣੇ ਵਿਚ ਅਡੋਲ ਅਤੇ ਅਹਿੱਲ ਵਿਚਰਦਿਆਂ ਸ਼ਹੀਦੀ ਦੇ ਦਿੱਤੀ, ਜੋ ਭਾਰਤ ਦੇ ਲੰਬੇ ਇਤਿਹਾਸ ਵਿਚ ਪਹਿਲੀ ਸ਼ਹੀਦੀ ਸੀ। ਉਪਰੰਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਮੁਗ਼ਲਾਂ ਵਿਰੁੱਧ ਖੰਡਾ ਖੜਕਾਇਆ ਅਤੇ ਮੁਗ਼ਲਾਂ ਨੂੰ ਚਾਰਾਂ ਹੀ ਜੰਗਾਂ ਵਿਚ ਧੂਲ ਚਟਾ ਕੇ ਇਕ ਨਵਾਂ ਇਤਿਹਾਸ ਸਿਰਜ ਦਿੱਤਾ ਅਤੇ ਮੁਗ਼ਲਾਂ ਦੇ ਅਜਿੱਤ ਹੋਣ ਦਾ ਭਰਮ ਤੋੜ ਦਿੱਤਾ। ਅਨ-ਧਰਮ ਦੀ ਰੱਖਿਆ ਅਤੇ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਹਿੱਤ ਆਪਣੀ ਸ਼ਹੀਦੀ ਦੇ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਜਿੱਥੇ ਹਿੰਦੂ ਧਰਮ ਦੀ ਰੱਖਿਆ ਕੀਤੀ, ਉੱਥੇ ਦੁਨੀਆ ਦੇ ਧਾਰਮਿਕ ਕੱਟੜਵਾਦੀਆਂ ਅਤੇ ਜਰਵਾਣਿਆਂ ਨੂੰ ਜ਼ਬਰੀ ਧਰਮ ਤਬਦੀਲ ਕਰਾਉਣ ਤੋਂ ਵਰਜਿਆ ਹੀ ਨਹੀਂ ਸਗੋਂ ਉਨ੍ਹਾਂ ਸਾਹਮਣੇ ਇਕ ਬੜੀ ਵੱਡੀ ਚੁਣੌਤੀ ਖੜ੍ਹੀ ਕਰ ਦਿੱਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਰਸਤੇ ਚੱਲਦਿਆਂ ਆਪਣਾ ਸਾਰਾ ਸਰਬੰਸ, ਅਨੇਕਾਂ ਸਿੰਘਾਂ-ਸਿੰਘਣੀਆਂ ਅਤੇ ਭੁਜੰਗੀਆਂ ਨੂੰ ਕੁਰਬਾਨ ਕਰ ਦਿੱਤਾ। ਗੁਰੂ ਸਾਹਿਬ ਨੇ ਸ਼ਹੀਦੀ ਦਾ ਰਸਤਾ ਇਉਂ ਵਿਖਾਇਆ:

> *ਸਿੱਖ ਹੋਣਾ ਹੀ ਸ਼ਹੀਦ ਹੋਣਾ ਹੈ। ਸਿੱਖੀ ਮੰਜ਼ਿਲ ਨਹੀਂ, ਸਗੋਂ ਜ਼ਿੰਦਗੀ ਦੀ ਸ਼ੁਰੂਆਤ ਹੈ। ਸ਼ਹਾਦਤ ਅੱਤਿਆਚਾਰ ਵਿਰੁੱਧ ਸਤਿਆਚਾਰ ਹੈ। ਸ਼ਹਾਦਤ ਜ਼ਬਰ, ਜ਼ੁਲਮ ਅਤੇ ਤਸ਼ੱਦਦ ਵਿਰੁੱਧ ਸੱਚ ਅਤੇ ਸਹਿਣਸ਼ੀਲਤਾ ਦੀ ਫ਼ਤਿਹ ਹੈ। ਸ਼ਹਾਦਤ ਕੋਈ ਮਜਬੂਰੀ ਨਹੀਂ, ਸਗੋਂ ਸਿਦਕ ਅਤੇ ਸਬੂਰੀ ਹੈ। ਸ਼ਹਾਦਤ ਨਿਰਭੈ ਸ਼ਕਤੀ ਹੀ ਨਹੀਂ, ਸਗੋਂ ਨਿਰਵੈਰ ਬਿਰਤੀ ਵੀ ਹੈ।*

ਦੁਨੀਆ ਨੇ ਵੇਖਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਨਕਲਾਬੀ ਅਤੇ ਮੁਕੰਮਲ ਫ਼ਲਸਫ਼ੇ ਸਦਕਾ ਭਾਰਤ ਵਿਚ ਇਹ ਸੰਪੂਰਨ ਇਨਕਲਾਬ ਆਇਆ। ਜਾਤ-ਪਾਤ, ਵਰਣ, ਊਚ-ਨੀਚ ਖਤਮ ਕਰ ਕੇ *ਏਕੁ ਪਿਤਾ ਏਕਸ ਕੇ ਹਮ ਬਾਰਿਕ* ਅਤੇ *ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ* ਵਾਲੇ ਇਕਸਾਰ ਅਤੇ ਇਕ ਰੂਪ ਸਮਾਜ ਦੀ ਸਿਰਜਣਾ ਕਰ ਕੇ ਸਮਾਜਿਕ ਇਨਕਲਾਬ ਲਿਆਂਦਾ। ਧਾਰਮਿਕ ਖੇਤਰ ਵਿਚ ਸਮਾਜ ਨੂੰ ਇਕ ਖਾਸ ਸ਼੍ਰੇਣੀ ਦੇ ਕਬਜ਼ੇ ਵਿੱਚੋਂ ਕੱਢ ਕੇ ਧਰਮ, ਧਾਰਮਿਕ ਗ੍ਰੰਥ, ਧਰਮ ਅਸਥਾਨ, ਪਾਠ-ਪੂਜਾ ਦੇ ਸਭ ਨੂੰ ਹੱਕਦਾਰ ਬਣਾ ਕੇ ਦੇਸ਼ ਅੰਦਰ ਇਕ ਮਹਾਨ ਧਾਰਮਿਕ-ਕ੍ਰਾਂਤੀ ਲਿਆਂਦੀ। ਇਸੇ ਤਰ੍ਹਾਂ ਕਿਰਤ ਕਰਨ ਲਈ ਸਭ ਨੂੰ ਪ੍ਰੇਰ ਕੇ ਸੁਕ੍ਰਿਤ ਕਰਨ ਦਾ ਰਾਹ ਵਿਖਾ ਕੇ ਅਤੇ *ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥* ਦਾ ਉਪਦੇਸ਼ ਦੇ ਕੇ ਲੁੱਟਣ, ਕੁੱਟਣ ਅਤੇ ਆਰਥਿਕ ਸ਼ੋਸ਼ਣ ਕਰਨ ਵਾਲੀ

ਸ਼੍ਰੇਣੀ ਦਾ ਡਟਵਾਂ ਵਿਰੋਧ ਕਰ ਕੇ ਇਕ ਆਰਥਿਕ ਇਨਕਲਾਬ ਦਾ ਮੁੱਢ ਬੰਨ੍ਹਿਆ ਅਤੇ ਰਾਜ ਭਾਗ ਦੇ ਸਭ ਨੂੰ ਹੱਕਦਾਰ ਬਣਾਇਆ ਅਤੇ *ਜਿਨ ਕੀ ਜਾਤ ਗੋਤ ਕੁਲ ਮਾਹੀ ਸਰਦਾਰੀ ਨਹੀਂ ਭਈ ਕਦਾਂਹੀ। ਤਿਨ ਹੀ ਕੋ ਸਰਦਾਰ ਬਣਾਊ ਤਬੈ ਗੋਬਿੰਦ ਸਿੰਘ ਨਾਮ ਕਹਾਊ।* ਦੇ ਰਸਤੇ ਤੋਰਦਿਆਂ ਨਿਮਾਣਿਆਂ ਨਿਤਾਣਿਆਂ, ਨਿਆਸਰਿਆਂ, ਨਿਓਟਿਆਂ ਨੂੰ ਸੂਰਬੀਰ-ਬਲੀ, ਯੋਧੇ ਬਣਾ ਕੇ ਖੰਡਾ ਖੜਕਾ ਕੇ ਰਾਜਨੀਤਕ ਇਨਕਲਾਬ ਲਿਆਂਦਾ ਜੋ ਇਕ ਲਾ-ਮਿਸਾਲ ਇਤਿਹਾਸਿਕ ਘਟਨਾ ਸੀ। ਬੁੱਲ੍ਹੇ ਸ਼ਾਹ ਇਉਂ ਲਿਖਦਾ ਹੈ:

*ਬੁਰਾ ਹਾਲ ਹੋਇਆ ਪੰਜਾਬ ਦਾ।*
*ਦਰ ਖੁਲ੍ਹਾ ਹਸ਼ਰ ਅਜਾਬ ਦਾ।*
*ਵਿਚ ਹਾਵੀਆਂ ਦੋਜ਼ਖ ਮਾਰਿਆ।*
*ਸਾਨੂੰ ਆ ਮਿਲ ਯਾਰ ਪਿਆਰਿਆ।*
*ਭੂਰਿਆਂ ਵਾਲੇ ਰਾਜੇ ਕੀਤੇ।*
*ਮੁਗ਼ਲਾਂ ਜ਼ਹਿਰ ਪਿਆਲੇ ਪੀਤੇ।*

ਇਸੇ ਰਸਤੇ ਦੇ ਪਾਂਧੀ ਹੁੰਦਿਆਂ ਦਸਮੇਸ਼ ਜੀ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ੭ ਸਤੰਬਰ, ੧੭੮੦ ਈ. ਨੂੰ ਨਾਂਦੇੜ ਦੀ ਧਰਤੀ ਤੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਧਰਮ-ਯੁੱਧ ਅਰੰਭ ਕੇ ੧੨ ਮਈ, ੧੭੧੦ ਈ. ਤੀਕ ਤਕਰੀਬਨ ਅੱਧਾ ਉੱਤਰੀ ਭਾਰਤ ਜਰਵਾਣਿਆਂ ਮੁਗ਼ਲਾਂ ਪਾਸੋਂ ਅਜ਼ਾਦ ਕਰਵਾ ਕੇ ਇੱਥੇ ੧੪ ਮਈ, ੧੭੧੦ ਈ. ਨੂੰ ਭਾਰਤੀਆਂ ਦਾ ਖਾਸ ਕਰਕੇ ਖਾਲਸੇ ਦਾ ਰਾਜ ਸਥਾਪਿਤ ਹੋ ਗਿਆ। ਉਪਰੰਤ ੧੨ ਸਿੱਖ ਮਿਸਲਾਂ ਹੋਂਦ ਵਿਚ ਆਈਆਂ, ਜਿਨ੍ਹਾਂ ਦਾ ਲੰਮਾ ਸਮਾਂ ਸਾਰੇ ਉੱਤਰੀ ਭਾਰਤ ਉੱਤੇ ਰਿਹਾ ਅਤੇ ਇਨ੍ਹਾਂ ਮਿਸਲਾਂ ਦੇ ਭਾਵੇਂ ਸਾਰੇ ਮਿਸਲਦਾਰ ਸਰਦਾਰ ਬਲਵਾਨ ਤੇ ਸੂਰਬੀਰ ਸਨ ਪਰੰਤੂ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ, ਜਥੇਦਾਰ ਜੱਸਾ ਸਿੰਘ ਰਾਮਗੜ੍ਹੀਆ, ਬਾਬਾ ਬਘੇਲ ਸਿੰਘ, ਜਥੇਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ ਅਤੇ ਰਾਣੀ ਸਦਾ ਕੌਰ ਖਾਸ ਜ਼ਿਕਰਯੋਗ ਹਨ। ਜਥੇਦਾਰ ਆਹਲੂਵਾਲੀਆ ਦੀ ਅਗਵਾਈ ਵਿਚ ਦਿੱਲੀ ਫ਼ਤਿਹ ਕਰ ਕੇ ਜਥੇਦਾਰ ਰਾਮਗੜ੍ਹੀਆ ਮੁਗ਼ਲਾਂ ਦਾ ਲਾਲ ਕਿਲ੍ਹੇ ਵਿੱਚੋਂ ਤਖਤ ਹੀ ਚੁੱਕ ਲਿਆਇਆ ਜੋ ਦਰਬਾਰ ਸਾਹਿਬ ਕੰਪਲੈੱਕਸ ਵਿਚ ਮੌਜੂਦ ਸਿੱਖ ਕੌਮ ਦੀ ਮੁਗ਼ਲਾਂ ਉੱਤੇ ਸ਼ਾਨਦਾਰ ਜਿੱਤ ਦੀ ਸ਼ਾਹਦੀ ਭਰ ਰਿਹਾ ਹੈ ਅਤੇ ੧੭੯੯ ਈ. ਵਿਚ ਸ਼ੁਕਰਚੱਕੀਆ ਮਿਸਲ ਦੇ ਨੌਜੁਆਨ ੧੯ ਸਾਲਾ ਮੋਢੀ ਸ. ਰਣਜੀਤ ਸਿੰਘ ਨੇ ਲਾਹੌਰ ਫ਼ਤਿਹ ਕਰ ਕੇ ਖਾਲਸਾ ਰਾਜ ਸਥਾਪਿਤ ਕਰ ਦਿੱਤਾ ਜੋ ੨੭ ਜੂਨ, ੧੮੪੯ ਈ. ਤੀਕ ਕਾਇਮ ਰਿਹਾ। ਭਾਰਤ ਦੀ ਧਰਤੀ ਉੱਤੇ ਮੁਗ਼ਲਾਂ ਨੂੰ ਸੋਧ ਕੇ, ਅਜਿੱਤ ਸਮਝੇ ਜਾਂਦੇ ਪਠਾਨਾਂ ਨੂੰ ਧੂਲ ਚਟਾ ਕੇ, ਧਾੜਵੀਆਂ ਲਈ ਹਮੇਸ਼ਾਂ ਖੁੱਲ੍ਹੇ 'ਦੱਰਾ ਖ਼ੈਬਰ' ਨੂੰ ਹਮੇਸ਼ਾਂ-ਹਮੇਸ਼ਾਂ ਲਈ ਫ਼ਤਿਹ ਕਰ ਕੇ ਮਹਾਰਾਜਾ ਰਣਜੀਤ ਸਿੰਘ, ਜਿਨ੍ਹਾਂ ਨੂੰ ਪੰਜਾਬੀ ਜੋਸ਼ ਅਤੇ ਜਜ਼ਬੇ ਨਾਲ ਸ਼ੇਰ-ਏ-ਪੰਜਾਬ ਕਹਿੰਦੇ ਸਨ, ਨੇ ਇਕ ਵਿਸ਼ਾਲ ਰਾਜ 'ਸਰਕਾਰ-ਏ-ਖਾਲਸਾ' ਸਥਾਪਿਤ ਕੀਤਾ। ਇਸ ਵਿਸ਼ਾਲ ਰਾਜ ਦੀ ਸਥਾਪਤੀ ਵਿਚ ਜਿੱਥੇ ਮਹਾਰਾਜਾ ਰਣਜੀਤ ਸਿੰਘ ਦਾ ਬਾਹੂ-ਬਲ, ਦੂਰ-ਦ੍ਰਿਸ਼ਟੀ, ਯੁੱਧ ਕਲਾ ਵਿਚ ਨਿਪੁੰਨਤਾ, ਦਲੇਰੀ, ਦ੍ਰਿੜ੍ਹਤਾ, ਗੁਰੂ ਵਿਚ ਅਟੁੱਟ ਵਿਸ਼ਵਾਸ ਦਾ ਯੋਗਦਾਨ ਸੀ, ਉੱਥੇ

ਖਾਲਸਾ ਪੰਥ ਇਸ ਦੇ ਲਾ-ਮਿਸਾਲ ਯੋਧੇ ਜਰਨੈਲ ਅਤੇ ਪੂਰਨ ਗੁਰਸਿੱਖ ਜਿਹਾ ਕਿ ਰਾਣੀ ਸਦਾ ਕੌਰ, ਜਥੇਦਾਰ ਅਕਾਲੀ ਫੂਲਾ ਸਿੰਘ, ਜਰਨੈਲ ਹਰੀ ਸਿੰਘ ਨਲਵਾ, ਜਰਨੈਲ ਸ਼ਾਮ ਸਿੰਘ ਅਟਾਰੀ, ਦੀਵਾਨ ਮੂਲ ਰਾਜ, ਜਰਨੈਲ ਮੁਹਕਮ ਚੰਦ, ਜਥੇਦਾਰ ਫ਼ਤਿਹ ਸਿੰਘ ਆਹਲੂਵਾਲੀਆ, ਫ਼ਰਾਂਸੀਸੀ ਜਰਨੈਲ ਵੈਂਤੂਰਾ, ਕੰਵਰ ਖੜਕ ਸਿੰਘ, ਕੰਵਰ ਸ਼ੇਰ ਸਿੰਘ ਅਤੇ ਬਾਅਦ ਵਿਚ ਕੁਝ ਲੜਾਈਆਂ ਵਿਚ ਕੰਵਲ ਨੌਨਿਹਾਲ ਸਿੰਘ ਦਾ ਵਡਮੁੱਲਾ ਯੋਗਦਾਨ ਰਿਹਾ। ਤਕਰੀਬਨ ਸਾਰਾ ਸਮਾਂ ਮਹਾਰਾਜਾ ਰਣਜੀਤ ਸਿੰਘ ਅਤੇ ਉਸ ਦੇ ਸਿੱਖ ਜਰਨੈਲਾਂ ਦੀ ਜੰਗਾਂ-ਯੁੱਧਾਂ, ਰਾਜ ਦੀ ਵਿਸ਼ਾਲ ਕਾਇਮੀ ਕਰਨ, ਰਾਜ ਨੂੰ ਪੱਕੇ ਪੈਰੀਂ ਕਰਨ ਵਿਚ ਲੰਘਿਆ। ਪਿੱਛੋ ਲਾਹੌਰ ਦਰਬਾਰ ਅਰਥਾਤ ਰਾਜ ਦਰਬਾਰ ਨੂੰ ਸੰਭਾਲਣ ਅਤੇ ਚਲਾਉਣ ਦਾ ਕੰਮ ਜੰਮੂ ਦੇ ਨਮਕ-ਹਰਾਮ ਡੋਗਰਿਆਂ ਹੱਥ ਆ ਗਿਆ। ਇਹ ਡੋਗਰੇ ਇਕ ਤਰ੍ਹਾਂ ਨਾਲ ਬਾਈਧਾਰ ਦੇ ਹਿੰਦੂ ਰਾਜਪੂਤ ਰਾਜਿਆਂ ਦਾ ਹੀ ਦੂਜਾ ਰੂਪ ਸਨ। ਅਤਿ ਦਰਜੇ ਦੇ ਚਲਾਕ, ਮੀਸਣੇ, ਦੰਭੀ, ਖ਼ੁਦਗਰਜ਼, ਬੇਈਮਾਨ ਅਤੇ ਵਿਸ਼ਵਾਸਘਾਤੀ ਸਨ। ਇਨ੍ਹਾਂ ਦੀ ਹਮੇਸ਼ਾ ਹੀ ਅੱਖ ਖਾਲਸਾ ਰਾਜ ਨੂੰ ਤਬਾਹ ਕਰ ਕੇ ਉਸ ਦੇ ਖੰਡਰਾਂ ਉੱਤੇ ਆਪਣਾ ਜੰਮੂ ਦਾ ਡੋਗਰਾ ਰਾਜ ਸਥਾਪਤ ਕਰਨ ਉੱਤੇ ਰਹੀ। ੨ ਰੁਪਏ ਮਾਸਿਕ ਦੀ ਕਲਰਕੀ ਕਰਦੇ ਹੌਲੀ-ਹੌਲੀ ਇਹ ਡੋਗਰੇ ਧਿਆਨ ਸਿੰਘ, ਲਾਲ ਸਿੰਘ, ਗੁਲਾਬ ਸਿੰਘ, ਮਗਰੋਂ ਧਿਆਨ ਸਿੰਘ ਦਾ ਪੁੱਤਰ ਹੀਰਾ ਸਿੰਘ ਲਾਹੌਰ ਦਰਬਾਰ ਵਿਚ ਵਜ਼ੀਰ ਫਿਰ ਵਜ਼ੀਰ-ਏ-ਆਜ਼ਮ (ਪ੍ਰਧਾਨ ਮੰਤਰੀ) ਬਣ ਗਏ। ਨਿਸ਼ਕਪਟ ਸ਼ੇਰਦਿਲ ਮਹਾਰਾਜਾ ਇਨ੍ਹਾਂ ਦੀਆਂ ਚਲਾਕੀਆਂ, ਸੁਆਰਥੀ ਗਤੀਵਿਧੀਆਂ ਅਤੇ ਡੂੰਘੀਆਂ ਸਾਜ਼ਿਸ਼ਾਂ ਨੂੰ ਨਾ ਭਾਂਪ ਸਕਿਆ, ਕਿਉਂਕਿ ਇਹ ਚੁਗ਼ਲਖੋਰ ਮਹਾਰਾਜੇ ਦੇ ਵਿਸ਼ਵਾਸ-ਪਾਤਰ ਬਣੇ ਹੋਏ ਸਨ। ੨੭ ਜੂਨ, ੧੮੩੯ ਈ. ਨੂੰ ਮਹਾਰਾਜਾ ਰਣਜੀਤ ਸਿੰਘ ਨੇ ਇਕ ਨਮੂਨੇ ਦਾ ਵਿਸ਼ਾਲ ਰਾਜ, ਜਿਸ ਤੋਂ ਬਾਕੀ ਭਾਰਤ ਦਾ ਜੇਤੂ ਅੰਗਰੇਜ਼ ਭੈਅ ਖਾਂਦਾ ਸੀ ਅਤੇ ਇਸੇ ਕਾਰਨ ਵਕਤੀ ਤੌਰ 'ਤੇ ਉਸ ਨੇ ਖਾਲਸੇ ਨਾਲ ੧੮੦੯ ਈ. ਦੀ ਰੋਪੜ ਦੀ ਸੰਧੀ ਕੀਤੀ, ਕਾਇਮ ਕੀਤਾ, ਇਸ ਸੰਸਾਰ ਨੂੰ ਫ਼ਤਿਹ ਬੁਲਾ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ। ਬਸ ਫਿਰ ਕੀ ਸੀ? ਡੋਗਰਿਆਂ ਨੇ ਮੌਕੇ ਦਾ ਲਾਭ ਉਠਾ ਲਿਆ ਅਤੇ ੪੦ ਸਾਲ ਦੀ ਸਖਤ ਮਿਹਨਤ ਅਤੇ ਢੇਰ ਕੁਰਬਾਨੀਆਂ ਨਾਲ ਉਸਾਰੇ ਵਿਸ਼ਾਲ ਖਾਲਸਾ ਰਾਜ ਅਤੇ ਰਾਜ-ਦਰਬਾਰ ਅਤੇ ਰਾਜ ਘਰਾਣੇ ਨੂੰ ਡੋਗਰਿਆਂ ਨੇ ਅੰਗਰੇਜ਼ਾਂ ਨਾਲ ਸਾਜ਼ਬਾਜ਼ ਕਰ ਕੇ ਦਸਾਂ ਸਾਲਾਂ ਵਿਚ ਤਬਾਹ ਕਰ ਦਿੱਤਾ। ਡੋਗਰਿਆਂ ਨੂੰ ਜੰਮੂ ਦਾ ਰਾਜ, ਅੰਗਰੇਜ਼ਾਂ ਨੂੰ ਪੰਜ ਦਰਿਆਵਾਂ ਦੀ ਖੁਸ਼ਹਾਲ ਅਤੇ ਜ਼ਰਖੇਜ਼ ਧਰਤੀ ਅਤੇ ਅੰਨ ਦਾ ਭੰਡਾਰ ਅਤੇ ਕੁਦਰਤੀ ਸੋਮਿਆਂ ਦੀ ਖਾਣ ਦੇਸ਼ ਪੰਜਾਬ ਮਿਲ ਗਿਆ ਅਤੇ ਪੰਜਾਬੀਆਂ ਅਤੇ ਖਾਸ ਕਰਕੇ ਸਿੱਖਾਂ ਨੂੰ ਅੰਗਰੇਜ਼ਾਂ ਦੀ ਗ਼ੁਲਾਮੀ ਮਿਲ ਗਈ। ਇਸ ਵਿਸ਼ਾਲ ਖਾਲਸਾ ਰਾਜ ਦੀ ਕਾਇਮੀ ਤੇ ਸੁਰੱਖਿਆ ਵਿਚ ਯੋਗਦਾਨ ਪਾਉਣ ਵਾਲੀਆਂ ਮਹਾਨ ਸਿੱਖ-ਸ਼ਖ਼ਸੀਅਤਾਂ ਵਿੱਚੋਂ ਇਹ ਮਹਾਨ ਗੁਰਸਿੱਖ, ਯੋਧਾ, ਬਚਨ ਦਾ ਬਲੀ, ਸਿੱਖ ਰਾਜ ਦਾ ਸੱਚਾ ਹਿਤੈਸ਼ੀ ਸੀ- ਬਾਬਾ ਬੀਰ ਸਿੰਘ ਨੌਰੰਗਾਬਾਦੀ। ਇਸ ਲੇਖ ਵਿਚ ਬਾਬਾ ਬੀਰ ਸਿੰਘ ਨੌਰੰਗਾਬਾਦੀ ਦੇ ਜੀਵਨ ਬਾਰੇ ਵਿਚਾਰ ਕਰ ਰਹੇ ਹਾਂ।

ਬਾਬਾ ਬੀਰ ਸਿੰਘ ਜੀ ਦਾ ਜਨਮ ਮਾਤਾ ਧਰਮ ਕੌਰ ਅਤੇ ਪਿਤਾ ਸੇਵਾ ਸਿੰਘ ਦੇ

ਘਰ ਵਿਖੇ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਹੁਣ ਜ਼ਿਲ੍ਹਾ ਤਰਨ ਤਾਰਨ, ਕਸਬਾ ਝਬਾਲ ਦੇ ਨੇੜਲੇ ਪਿੰਡ 'ਗਗੋ ਬੂਆ' ਵਿਖੇ 'ਮਹਾਨ ਕੋਸ਼' ਅਨੁਸਾਰ ਸਾਵਣ ਸੁਦੀ ੩ ਅਰਥਾਤ ੪ ਸਾਵਣ ਸੰਮਤ ੧੮੨੫ ਬਿਕ੍ਰਮੀ ਨੂੰ ਹੋਇਆ। ਖਾਲਸਾ ਪੰਥ ਵਿਚ ਪਹਿਲੀ ਸਿੱਖ ਬੀਬੀ ਜਥੇਦਾਰ ਦਾ ਰੁਤਬਾ ਦਸਮੇਸ਼ ਜੀ ਪਾਸੋਂ ਹਾਸਲ ਕਰਨ ਵਾਲੀ ਅਤੇ ਸਤਿਗੁਰਾਂ ਨੂੰ ਬੇਦਾਵਾ ਦੇ ਗਏ ਸਿੰਘਾਂ ਦੀ ਆਤਮਾ ਨੂੰ ਸੁਜੱਗ ਕਰ ਕੇ ਗੁਰੂ ਨਾਲ ਟੁੱਟੀ ਨੂੰ ਗੰਢਾਉਣ ਵਾਲੀ ਮਾਈ ਭਾਗੋ ਜੀ ਇਸੇ ਨਗਰ ਦੇ ਨੇੜੇ ਕਸਬਾ ਝਬਾਲ ਦੀ ਵਸਨੀਕ ਸੀ। ਮਗਰੋਂ ੧੪ ਦਸੰਬਰ, ੧੯੨੦ ਈ. ਨੂੰ ਹੋਂਦ ਵਿਚ ਆਏ ਅਜੋਕੇ ਸ਼੍ਰੋਮਣੀ ਅਕਾਲੀ ਦਲ ਦੇ ਪਹਿਲੇ ਜਥੇਦਾਰ ਅਰਥਾਤ ਪ੍ਰਧਾਨ ਜਥੇਦਾਰ ਸਰਮੁੱਖ ਸਿੰਘ ਝਬਾਲ ਵੀ ਇਸੇ ਨਗਰ ਨਾਲ ਸੰਬੰਧਿਤ ਸਨ। ਇਸ ਤਰ੍ਹਾਂ ਇਹ ਨਗਰ ਇਕ ਇਤਿਹਾਸਿਕ ਨਗਰ ਹੋ ਨਿਬੜਿਆ।

ਬਾਬਾ ਬੀਰ ਸਿੰਘ ਦੇ ਮਾਪਿਆਂ ਦੇ ਘਰ ਵਿਚ ਭਰਪੂਰ ਸਿੱਖੀ ਸੀ ਅਤੇ ਸਾਰਾ ਪਰਵਾਰ ਗੁਰੂ ਨੂੰ ਸਮਰਪਿਤ ਸੀ। ਬਾਬਾ ਜੀ ਦੇ ਪਿਤਾ ਸ. ਸੇਵਾ ਸਿੰਘ ਜੀ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਉੱਚੇ ਅਫ਼ਸਰ ਸਨ। ਉਨ੍ਹਾਂ ਨੇ ਆਪਣੇ ਪੁੱਤਰ (ਬਾਬਾ) ਬੀਰ ਸਿੰਘ ਜੀ ਨੂੰ ਵੀ ਖਾਲਸਾ ਫੌਜ ਵਿਚ ਭਰਤੀ ਕਰਵਾ ਦਿੱਤਾ। ਬਾਬਾ ਬੀਰ ਸਿੰਘ ਜੀ ਨੇ ਕੁਝ ਸਮਾਂ ਅਟਾਰੀ ਵਾਲੇ ਸਰਦਾਰਾਂ ਦੀ ਕਮਾਂਡ ਵਿਚ ਸੇਵਾ ਕੀਤੀ ਅਤੇ ਆਪ ਨੇ ਬੜੀ ਸੂਰਬੀਰਤਾ ਨਾਲ ਮੁਲਤਾਨ ਦੀ ਜੰਗ ਵਿਚ ਖੰਡਾ ਖੜਕਾਇਆ। ਮੁਲਤਾਨ ਦੀ ਜੰਗ ਦੌਰਾਨ ਆਪ ਇਤਨੇ ਜੋਸ਼ ਵਿਚ ਆਏ ਕਿ ਸਾਰੀਆਂ ਅੜਤਲਾਂ ਤੋੜ ਕੇ ਵਿਰੋਧੀਆਂ ਦੇ ਧੁਰ ਅੰਦਰ ਪਹੁੰਚ ਗਏ। ਅਚਾਨਕ ਹੀ ਆਪ ਦਾ ਖੰਡਾ ਟੁੱਟ ਗਿਆ। ਬਾਬਾ ਜੀ ਬੜੀ ਸੂਝ-ਬੂਝ ਨਾਲ ਘੇਰੇ ਤੋਂ ਬਾਹਰ ਆ ਗਏ। ਪਰੰਤੂ ਧੁਰ ਅੰਤਹਕਰਣ ਤੀਕ ਪੂਰਨ ਧਾਰਮਿਕ ਬਿਰਤੀ ਹੋਣ ਕਾਰਨ ਆਪ ਨੇ ਅੱਗੋਂ ਜੰਗ ਅਤੇ ਫੌਜ ਨੂੰ ਛੱਡ ਦਿੱਤਾ ਅਤੇ ਨਾਮ ਸਿਮਰਨ ਵਿਚ ਲੱਗ ਗਏ। ਆਪ ਜੀ ਪੂਰਨ ਗੁਰਸਿੱਖ ਤਿਆਗੀ ਅਤੇ ਧਾਰਮਿਕ ਬਿਰਤੀ ਵਾਲੇ ਵਿਅਕਤੀ ਸਨ। ਆਪ ਨੇ ਗੋਇੰਦਵਾਲ, ਤਰਨ ਤਾਰਨ ਸੜਕ 'ਤੇ ਨੌਰੰਗਾਬਾਦ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ, ਹੁਣ ਜ਼ਿਲ੍ਹਾ ਤਰਨ ਤਾਰਨ ਵਿਖੇ ਇਕ ਧਾਰਮਿਕ ਸਥਾਨ ਬਣਾ ਲਿਆ, ਜਿਸ ਨੂੰ ਮਗਰੋਂ 'ਡੇਰਾ ਬਾਬਾ ਬੀਰ ਸਿੰਘ ਨੌਰੰਗਾਬਾਦੀ' ਤਥਾ ਸੰਤਪੁਰਾ ਕਿਹਾ ਜਾਣ ਲੱਗ ਪਿਆ। *ਬੈਕੁੰਠ ਨਗਰੁ ਜਹਾ ਸੰਤ ਵਾਸਾ॥ ਪ੍ਰਭ ਚਰਨ ਕਮਲ ਰਿਦ ਮਾਹਿ ਨਿਵਾਸਾ॥* ਦੇ ਮਹਾਂਵਾਕ ਅਨੁਸਾਰ ਇਸ ਸਥਾਨ ਉੱਤੇ ਨਾਮ ਦਾ ਪ੍ਰਵਾਹ ਅਤੇ ਸਦਾ ਬਰਤ ਲੰਗਰ ਚੱਲਣ ਲੱਗ ਪਿਆ। ਜੰਗਲ ਵਿਚ ਮੰਗਲ ਹੋ ਗਿਆ। ਇਸ ਤਰ੍ਹਾਂ ਇਹ ਸਥਾਨ *ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ॥* ਬਣ ਗਿਆ। ਸਤਿਨਾਮੁ ਦਾ ਮੰਤਰ ਦ੍ਰਿੜ੍ਹ ਕਰਵਾਇਆ ਜਾਣ ਲੱਗ ਗਿਆ। ਗੁਰਵਾਕ ਹੈ:

*ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ॥*
*ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ॥ (ਪੰਨਾ ੧੪੦)*

ਆਪ ਨੂੰ ਕੁਝ ਸਮਾਂ ਬਾਬਾ ਸਾਹਿਬ ਸਿੰਘ ਬੇਦੀ ਦਾ ਸਾਥ ਮਾਣਨ ਦਾ ਸੁਭਾਗ ਪ੍ਰਾਪਤ ਹੋਇਆ। ਆਪ ਨੇ ਬਾਬਾ ਬੇਦੀ ਜੀ ਪਾਸ ਰਹਿ ਕੇ ਜਿੱਥੇ ਨਾਮ ਸਿਮਰਨ ਕੀਤਾ, ਉੱਥੇ ਲੰਗਰ ਅਤੇ ਸੰਗਤ ਦੇ ਜੋੜਿਆਂ ਦੀ ਭਰਪੂਰ ਸੇਵਾ ਕੀਤੀ। ਸੇਵਾ ਪ੍ਰਵਾਨ ਹੋਈ। ਬਾਬਾ ਬੇਦੀ ਜੀ ਦੇ ਕਹਿਣ ਉੱਤੇ ਹੀ ਆਪ ਨੇ ਡੇਰਾ ਸੰਤ ਸਰ ਸਥਾਪਿਤ ਕੀਤਾ ਸੀ। ਬਾਬਾ ਬੀਰ

ਸਿੰਘ ਜੀ ਨੇ ਬਾਬਾ ਭਾਗ ਸਿੰਘ ਜੀ ਕੂਰੀ ਵਾਲਿਆਂ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਇਨ੍ਹਾਂ ਦੀ ਪੀੜ੍ਹੀ-ਦਰ-ਪੀੜ੍ਹੀ ਇਸ ਤਰ੍ਹਾਂ ਹੈ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ-- ਭਾਈ ਦਇਆ ਸਿੰਘ ਜੀ, ਬਾਬਾ ਸੋਭਾ ਸਿੰਘ ਜੀ ਸੋਢੀ (ਅਨੰਦਪੁਰ ਸਾਹਿਬ), ਬਾਬਾ ਸਾਹਿਬ ਸਿੰਘ ਬੇਦੀ (ਊਨਾ), ਬਾਬਾ ਭਾਗ ਸਿੰਘ ਜੀ ਕੂਰੀ ਵਾਲੇ ਅਤੇ ਬਾਬਾ ਬੀਰ ਸਿੰਘ ਜੀ ਨੌਰੰਗਾਬਾਦੀ। ਇਸ ਧਾਰਮਿਕ ਸਥਾਨ 'ਤੇ ਲੋਕਾਂ ਨੂੰ ਗੁਰ-ਸ਼ਬਦ ਨਾਲ ਜੋੜਿਆ ਜਾਂਦਾ ਸੀ। ਨਾਮ ਸਿਮਰਨ ਵਿਚ ਪ੍ਰਪੱਕ ਕੀਤਾ ਜਾਂਦਾ ਸੀ। ਯੁੱਧ ਕਲਾ ਦਾ ਅਭਿਆਸ ਵੀ ਕਰਵਾਇਆ ਜਾਂਦਾ ਸੀ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਬਾਬਾ ਜੀ ਪਾਸ ੩੦੦੦ ਤੋਂ ਵੱਧ ਮਰਜੀਵੜੇ ਗੁਰਸਿੱਖ ਸਨ ਅਤੇ ਅਤੁੱਟ ਗੁਰੂ ਕਾ ਲੰਗਰ ਚਲਾਉਣ ਹਿੱਤ ਵੱਡੀ ਗਿਣਤੀ ਵਿਚ ਮੱਝਾਂ ਅਤੇ ਗਾਵਾਂ ਵੀ ਸਨ। ਬਾਬਾ ਜੀ ਪਾਸ ਕਿਧਰੋਂ ਵੀ ਕੋਈ ਇਸਤਰੀ-ਮਰਦ ਖਾਸ ਕਰ ਕੇ ਲਾਹੌਰ ਦਰਬਾਰ ਤੋਂ ਜਾਂ ਕਿਸੇ ਹੋਰ ਦਾ ਡਰਾਇਆ, ਧਮਕਾਇਆ ਅਤੇ ਸਤਾਇਆ ਆ ਜਾਂਦਾ ਤਾਂ ਉਹ ਬਿਨਾ ਕਿਸੇ ਭਿੰਨ-ਭੇਦ ਦੇ ਸ਼ਰਨ ਦਿੰਦੇ, ਦੁੱਖ ਦੂਰ ਕਰਦੇ, ਨਾਮ ਸਿਮਰਨ ਵਿਚ ਜੋੜਦੇ ਸਨ। ਇਹ ਹੀ ਗੁਰਮਤਿ ਹੈ। *ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥ ਬਿਨਵੰਤਿ ਨਾਨਕ ਹਰਿ ਕੰਤੁ ਮਿਲਿਆ ਸਦਾ ਕੇਲ ਕਰੰਦਾ॥* ਕਿਉਂਕਿ ਬਾਬਾ ਜੀ ਦਾ ਲਾਹੌਰ ਦਰਬਾਰ ਵਿਚ ਪੂਰਾ ਸਤਿਕਾਰ ਸੀ, ਇਸ ਲਈ ਕੋਈ ਵੀ ਉਨ੍ਹਾਂ ਵਿਰੁੱਧ ਕਾਰਵਾਈ ਕਰਨ ਦੀ ਹਿੰਮਤ ਨਹੀਂ ਸੀ ਕਰਦਾ।

੨੭ ਜੂਨ, ੧੮੩੯ ਈ. ਤੋਂ ੨੯ ਮਾਰਚ, ੧੮੪੯ ਈ. ਦੌਰਾਨ ਡੋਗਰਿਆਂ ਅਤੇ ਅੰਗਰੇਜ਼ਾਂ ਦੀਆਂ ਸਾਂਝੀਆਂ ਅਤੇ ਡੂੰਘੀਆਂ ਸਾਜ਼ਿਸ਼ਾਂ ਦਾ ਸਦਕਾ ਖਾਲਸਾ ਫੌਜਾਂ ਮੁਦਕੀ, ਆਲੀਵਾਲ, ਫੇਰੂ ਸ਼ਹਿਰ, ਸਭਰਾਵਾਂ, ਚੇਲਿਆਂਵਾਲੀ, ਗੁਜਰਾਤ ਆਦਿ ਦੀਆਂ ਲੜਾਈਆਂ ਹਾਰ ਗਈਆਂ। ਭਾਵੇਂ ਖਾਲਸਾ ਫੌਜਾਂ ਨੇ ਤੇਗ ਤੇ ਖੰਡਾ ਖੂਬ ਜਾਨ ਹੂਲ ਕੇ ਵਾਹਿਆ, ਪਰੰਤੂ ਡੋਗਰਿਆਂ ਵੱਲੋਂ ਪਿੱਛੋਂ ਸਪਲਾਈ ਨਾ ਘੱਲਣ ਅਤੇ ਬਰੂਦ ਦੀ ਥਾਂ ਸਰ੍ਹੋਂ ਭੇਜਣ ਕਰਕੇ ਅਤੇ ਬੇੜੀਆਂ ਦਾ ਪੁਲ ਤੋੜਨ ਕਾਰਨ ਅਜਿੱਤ ਖਾਲਸਾ ਫੌਜਾਂ ਨੂੰ ਹਾਰ ਅਤੇ ਭਾਰੀ ਤਬਾਹੀ ਦਾ ਮੂੰਹ ਵੇਖਣ ਪਿਆ। ਸ਼ਾਹ ਮੁਹੰਮਦ ਇਨ੍ਹਾਂ ਹਾਲਾਤ ਨੂੰ ਇਉਂ ਬਿਆਨ ਕਰਦਾ ਹੈ:

*ਪਿੱਛੋਂ ਸਰਕਾਰ ਦੇ ਇਕ ਖੇਡ ਚੱਲੀ, ਪਈ ਨਿਤ ਹੁੰਦੀ ਮਾਰੋ ਮਾਰ ਮੀਆਂ।*
*ਸਿੰਘਾਂ ਮਾਰ ਸਰਦਾਰਾਂ ਦਾ ਨਾਸ ਕੀਤਾ, ਸਭੋ ਕਤਲ ਹੋਏ ਵਾਰੋ ਵਾਰ ਮੀਆਂ।*
*ਸਿਰ ਫੌਜ ਦੇ ਰਿਹਾ ਨਾ ਕੋਈ ਕੁੰਡਾ, ਹੋਏ ਸ਼ੁਤਰ ਜਿਉਂ ਬਾਝ ਮੁਹਾਰ ਮੀਆਂ।*

... ... ...

*ਕਿਹਾ ਬੁਰਛਿਆਂ ਆਣ ਅੰਧੇਰ ਪਾਇਆ*
*ਜਿਹੜਾ ਬਹੇ ਗੱਦੀ ਉਹਨੂੰ ਮਾਰ ਦਿੰਦੇ*
*ਨਹੀਂ ਛਡਿਆ ਕੋਈ ਸਾਧ ਤੇ ਸੰਤ ਮੀਆਂ।*

ਖਾਲਸਾ ਫੌਜ ਵਿਚ ਫੈਲੀ ਇਹ ਬੁਰਛਾ-ਗਰਦੀ ਡੋਗਰੇ ਧਿਆਨ ਸਿੰਘ, ਉਸ ਦੇ ਭਰਾਵਾਂ, ਪੁੱਤਰ ਹੀਰਾ ਸਿੰਘ ਅਤੇ ਅੰਗਰੇਜ਼ਾਂ ਦੀਆਂ ਸਾਂਝੀਆਂ, ਡੂੰਘੀਆਂ ਸਾਜ਼ਿਸ਼ਾਂ ਅਧੀਨ ਸਮੇਂ-ਸਮੇਂ ਭਾਂਤ-ਭਾਂਤ ਦੀਆਂ ਫੈਲਾਈਆਂ ਜਾਂਦੀਆਂ ਅਫ਼ਵਾਹਾਂ ਦਾ ਹੀ ਨਤੀਜਾ ਸੀ। ਨਿੱਤ ਕਿਸਮ-ਕਿਸਮ ਦੀਆਂ ਅਫ਼ਵਾਹਾਂ ਫੈਲਾ ਕੇ ਲਾਹੌਰ ਦਰਬਾਰ ਅਤੇ ਖਾਲਸਾ ਫੌਜ ਵਿਚ

ਮਾਰੋ-ਮਾਰ ਕਰਵਾ ਦਿੱਤੀ ਅਤੇ ਬੁਰਛਾ-ਗਰਦੀ ਦਾ ਮਾਹੌਲ ਕਾਇਮ ਕਰ ਦਿੱਤਾ। ਡੋਗਰਾ ਧਿਆਨ ਸਿੰਘ ਚਾਹੁੰਦਾ ਸੀ ਕਿ ਕਿਸੇ ਤਰ੍ਹਾਂ ਉਸ ਦਾ ਪੁੱਤਰ ਹੀਰਾ ਸਿੰਘ ਡੋਗਰਾ ਰਾਜ-ਭਾਗ ਦਾ ਮਾਲਕ ਬਣ ਜਾਵੇ। ਉਕਤ ਲਿਖੀਆਂ ਸਿੰਘਾਂ ਅਤੇ ਫ਼ਰੰਗੀਆਂ ਦੀਆਂ ਲੜਾਈਆਂ ਅਤੇ ਜੰਗਾਂ ਵਿਚ ਖਾਲਸਾ ਫੌਜਾਂ ਦੀ ਸੂਰਬੀਰਤਾ ਦਾ ਵੇਰਵਾ ਸ਼ਾਹ ਮੁਹੰਮਦ ਇਉਂ ਦਿੰਦਾ ਹੈ:

*ਸਿੰਘਾਂ ਮਾਰ ਕੇ ਕਟਕ ਮੁਕਾਇ ਦਿੱਤੇ,*
*ਹਿੰਦੁਸਤਾਨੀ ਤੇ ਪੂਰਬੀ ਦੱਖਣੀ ਜੀ।*
*ਲੰਦਨ ਟਾਪੂਆਂ ਵਿਚ ਕੁਰਲਾਹਟ ਪਈ,*
*ਕੁਰਸੀ ਚਾਰ ਹਜ਼ਾਰ ਸਖਣੀ ਜੀ।*

ਤਥਾ:

*ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,*
*ਵਾਂਗ ਨਿੰਬੂਆਂ ਲਹੂ ਨਿਚੋੜ ਦਿੱਤੇ।*

ਦੋਹਾਂ ਦੇਸ਼ਾਂ ਪੰਜਾਬ ਅਤੇ ਹਿੰਦੁਸਤਾਨ (ਅੰਗਰੇਜ਼ਾਂ ਅਧੀਨ) ਦੀ ਜੰਗ ਦਾ ਨਕਸ਼ਾ ਸ਼ਾਹ ਮੁਹੰਮਦ ਇਸ ਤਰ੍ਹਾਂ ਖਿੱਚਦਾ ਹੈ ਜੋ ਸਮੇਂ ਤੇ ਡੋਗਰਿਆਂ ਵੱਲੋਂ ਕੀਤੀ ਗਈ ਗ਼ੱਦਾਰੀ ਅਤੇ ਖਾਲਸਾ ਫੌਜਾਂ ਵੱਲੋਂ ਦਿਖਾਈ ਗਈ ਮਿਸਾਲੀ ਸੂਰਮਗਤੀ ਅਤੇ ਬਹਾਦਰੀ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਗ਼ੈਰ-ਮੌਜੂਦਗੀ ਬਾਰੇ ਇਉਂ ਬਿਆਨ ਕਰਦਾ ਹੈ:

*ਜੰਗ ਹਿੰਦ ਪੰਜਾਬ ਦਾ ਹੋਣ ਲੱਗਾ ਫੌਜਾਂ ਦੋਵੇਂ ਪਾਤਸ਼ਾਹੀ ਭਾਰੀਆਂ ਨੇ।*
*ਅੱਜ ਹੋਏ ਸਰਕਾਰ ਤਾਂ ਮੁੱਲ ਪਾਵੇ ਜਿਹੜੀਆਂ ਖਾਲਸੇ ਨੇ ਤੇਗ਼ਾਂ ਮਾਰੀਆਂ ਨੇ।*
*ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ ਫ਼ੌਜਾਂ ਜਿੱਤ ਕੇ ਹਾਰੀਆਂ ਨੇ।*

ਪ੍ਰਸਿੱਧ ਪੰਜਾਬੀ ਕਵੀ ਸ. ਕਰਤਾਰ ਸਿੰਘ ਕਲਾਸਵਾਲੀਆ ਇਨ੍ਹਾਂ ਡੋਗਰਿਆਂ ਦੀ ਵਿਸ਼ਵਾਸਘਾਤੀ ਅਤੇ ਨਮਕ ਹਰਾਮਗੀ ਉੱਤੇ ਇਉਂ ਟਿੱਪਣੀ ਕਰਦਾ ਹੈ:

*ਬੜੇ ਬੜੇ ਹੋਏ ਨਿਮਕ ਹਰਾਮ ਭਾਰੇ,*
*ਪਰ ਇਨ੍ਹਾਂ ਜਿਹੀ ਨਾ ਮਿਸਾਲ ਕਿਧਰੇ।*
*ਇਨ੍ਹਾਂ ਕੀਤੀਆਂ ਨਿਮਕ ਹਰਾਮੀਆਂ ਜੋ,*
*ਨਹੀਂ ਕਰਦੇ ਵੱਡੇ ਚੰਡਾਲ ਕਿਧਰੇ।*

ਸਿੱਖ ਕੌਮ ਦੇ ਮਹਾਨ ਵਿਦਵਾਨ, ਚਿੰਤਕ ਅਤੇ ਲਿਖਾਰੀ ਭਾਈ ਗੁਰਦਾਸ ਜੀ ਨੇ ਅਕ੍ਰਿਤਘਣਾਂ ਨੂੰ ਧਰਤੀ ਉੱਤੇ ਬਹੁਤ ਹੀ ਵੱਡਾ ਭਾਰ ਦੱਸਿਆ ਹੈ। ਜਿਸ ਦੇ ਭਾਰ ਹੇਠ *ਮਾਤਾ ਧਰਤਿ ਮਹਤੁ* ਆਪਣੇ ਆਪ ਨੂੰ ਅਸਹਿ ਭਾਰ ਹੇਠ ਦੱਬੀ ਮਹਿਸੂਸ ਕਰਦੀ ਹੈ। ਇਹ ਡੋਗਰੇ ਇਤਿਹਾਸ ਦੇ ਸਭ ਤੋਂ ਵੱਡੇ ਅਕ੍ਰਿਤਘਣ ਸਨ ਕਿਉਂਕਿ ਜਿਸ ਮਹਾਰਾਜਾ ਰਣਜੀਤ ਸਿੰਘ ਨੇ ਇਨ੍ਹਾਂ ਨੂੰ ਧਰਤੀ ਤੋਂ ਚੁੱਕ ਕੇ ਅਸਮਾਨ ਦੀਆਂ ਬੁਲੰਦੀਆਂ ਉੱਤੇ ਪਹੁੰਚਾਇਆ, ਉਸ ਦੇ ਅੱਖਾਂ ਮੀਟਣ ਤੋਂ ਤੁਰੰਤ ਬਾਅਦ ਉਸਦੇ ਰਾਜ, ਪਰਵਾਰ ਅਤੇ ਦਰਬਾਰ ਨੂੰ ਨੇਸਤ-ਓ-ਨਾਬੂਦ ਕਰਨ ਲੱਗ ਪਏ ਅਤੇ ਅੰਤ ਇਹ ਅੱਤ ਨਿੰਦਣਯੋਗ ਕਰਮ ਕਰਨ ਵਿਚ ਕਾਮਯਾਬ ਹੋ ਗਏ। ਭਾਈ ਗੁਰਦਾਸ ਜੀ ਅਜਿਹੇ ਹੀ ਅਕ੍ਰਿਤਘਣਾਂ ਬਾਰੇ ਇਉਂ ਲਿਖਦੇ ਹਨ:

*ਨਾ ਤਿਸੁ ਭਾਰੇ ਪਰਬਤਾਂ ਅਸਮਾਨ ਖਹੰਦੇ।*

*ਨਾ ਤਿਸੁ ਭਾਰੇ ਕੋਟ ਗੜ੍ਹ ਘਰ ਬਾਰ ਦਿਸੰਦੇ।*
*ਨਾ ਤਿਸੁ ਭਾਰੇ ਸਾਇਰਾਂ ਨਦ ਵਾਹ ਵਹੰਦੇ।*
*ਨਾ ਤਿਸੁ ਭਾਰੇ ਤਰੁਵਰਾਂ ਫਲ ਸੁਫਲ ਫਲੰਦੇ।*
*ਨਾ ਤਿਸੁ ਭਾਰੇ ਜੀਅ ਜੰਤ ਅਣਗਿਣਤ ਫਿਰੰਦੇ।*
*ਭਾਰੇ ਭੁਈਂ ਅਕਿਰਤਘਣ ਮੰਦੀ ਹੂ ਮੰਦੇ।* *(ਵਾਰ ੩੫:੮)*

ਸ੍ਰੀ ਗੁਰੂ ਅਰਜਨ ਦੇਵ ਜੀ ਅਕ੍ਰਿਤਘਣ ਬਾਰੇ ਫੁਰਮਾਉਂਦੇ ਹਨ:

*ਅਕਿਰਤਘਣੈ ਕਉ ਰਖੈ ਨ ਕੋਈ ਨਰਕ ਘੋਰ ਮਹਿ ਪਾਵਣਾ॥* *(ਪੰਨਾ ੧੦੮੬)*

ਦਸ ਸਾਲ ਦੀ ਇਸ ਮਾਰ-ਧਾੜ ਵਿਚ ਮਹਾਰਾਜਾ ਖੜਕ ਸਿੰਘ, ਮਹਾਰਾਜਾ ਨੌਨਿਹਾਲ ਸਿੰਘ, ਮਹਾਰਾਣੀ ਚੰਦ ਕੌਰ, ਮਹਾਰਾਜਾ ਸ਼ੇਰ ਸਿੰਘ, ਕੰਵਰ ਪ੍ਰਤਾਪ ਸਿੰਘ, ਸ. ਚੇਤ ਸਿੰਘ, ਸ. ਜਵਾਹਰ ਸਿੰਘ, ਸ. ਲਹਿਣਾ ਸਿੰਘ ਸੰਧਾਵਾਲੀਆ, ਸ. ਅਜੀਤ ਸਿੰਘ ਸੰਧਾਵਾਲੀਆ ਆਦਿ ਅਨੇਕਾਂ ਸਿੱਖ ਕੌਮ ਦੇ ਹੀਰੇ ਮਾਰੇ ਗਏ। ਮਹਾਰਾਣੀ ਜਿੰਦ ਕੌਰ ਨੂੰ ਕੈਦ ਕਰ ਦਿੱਤਾ ਗਿਆ। ਉਪਰੰਤ ਦੇਸ਼-ਨਿਕਾਲਾ ਦੇ ਦਿੱਤਾ ਗਿਆ। ਮਹਾਰਾਜਾ ਦਲੀਪ ਸਿੰਘ ਨੂੰ ਦੇਸ਼-ਨਿਕਾਲਾ ਦੇ ਦਿੱਤਾ ਗਿਆ। ਰਾਣੀ ਦਇਆ ਕੌਰ ਦੀ ਕੁੱਖੋਂ ਪੈਦਾ ਹੋਏ ਮਹਾਰਾਜਾ ਰਣਜੀਤ ਸਿੰਘ ਦੇ ਦੋਵੇਂ ਪੁੱਤਰ ਕੰਵਰ ਕਸ਼ਮੀਰਾ ਸਿੰਘ ਅਤੇ ਕੰਵਰ ਪਿਸ਼ੌਰਾ ਸਿੰਘ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਚਚੇਰੇ ਭਾਈ ਸ. ਅਤਰ ਸਿੰਘ ਸੰਧਾਵਾਲੀਆ ਨੇ ਬਾਬਾ ਬੀਰ ਸਿੰਘ ਦੇ ਡੇਰੇ ਸ਼ਰਨ ਲੈ ਲਈ। ਧਿਆਨ ਸਿੰਘ ਡੋਗਰਾ ਦਾ ਪੁੱਤਰ ਹੀਰਾ ਸਿੰਘ ਡੋਗਰਾ ਜੋ ਪੰਜਾਬ ਦੇਸ਼ ਅਤੇ ਸਰਕਾਰ-ਏ-ਖਾਲਸਾ ਦਾ ਪ੍ਰਧਾਨ ਮੰਤਰੀ ਸੀ ਅਤੇ ਉਸ ਦਾ ਅਧਿਆਪਕ ਸਲਾਹਕਾਰ ਪੰਡਤ ਜੱਲ੍ਹਾ ਸਿੰਘ ਨੂੰ ਇਹ ਡਰ ਸਤਾਉਂਦਾ ਸੀ ਕਿ ਜਿਤਨਾ ਚਿਰ ਮਹਾਰਾਜਾ ਰਣਜੀਤ ਸਿੰਘ ਦਾ ਚਚੇਰਾ ਭਰਾ ਅਤਰ ਸਿੰਘ ਸੰਧਾਵਾਲੀਆ ਅਤੇ ਉਸ ਦੇ ਪੁੱਤਰ ਕੰਵਰ ਪਿਸ਼ੌਰਾ ਸਿੰਘ ਅਤੇ ਕੰਵਰ ਕਸ਼ਮੀਰਾ ਸਿੰਘ ਜੀਵਤ ਹਨ, ਉਤਨਾ ਚਿਰ ਉਸ ਦੀ ਗੱਦੀ ਸੁਰੱਖਿਅਤ ਨਹੀਂ ਹੈ ਅਤੇ ਉਹ ਪੰਜਾਬ ਦਾ ਮਹਾਰਾਜਾ ਨਹੀਂ ਬਣ ਸਕਦਾ। ਜਦੋਂ ਉਸ ਨੂੰ ਪਤਾ ਲੱਗਾ ਕਿ ਮਹਾਰਾਜੇ ਦੇ ਪੁੱਤਰਾਂ ਅਤੇ ਚਚੇਰੇ ਭਰਾ ਨੇ ਬਾਬਾ ਬੀਰ ਸਿੰਘ ਨੌਰੰਗਾਬਦੀ ਦੇ ਡੇਰੇ ਪਨਾਹ ਲਈ ਹੋਈ ਹੈ ਤਾਂ ਉਹ ਬੜਾ ਤੜਫਿਆ, ਪਰੰਤੂ ਬਾਬਾ ਬੀਰ ਸਿੰਘ ਜੀ ਦਾ ਖਾਲਸਾ ਪੰਥ ਅੰਦਰ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਹੀ ਬਹੁਤ ਸ਼ਰਧਾ ਅਤੇ ਸਤਿਕਾਰ ਸੀ ਅਤੇ ਸਿੱਖ ਉਸ ਨੂੰ ਮਹਾਂਪੁਰਸ਼ਾਂ ਵਾਂਗ ਹੀ ਸਤਿਕਾਰਦੇ ਸਨ। ਕਿਉਂਕਿ ਉਨ੍ਹਾਂ ਦਾ ਜੀਵਨ ਹੀ ਅਜਿਹਾ ਗੁਰਮੁਖਾਂ ਵਾਲਾ ਮਿਸਾਲੀ ਜੀਵਨ ਸੀ। ਕੁਝ ਸਮਾਂ ਡੋਗਰੇ ਹੀਰਾ ਸਿੰਘ ਨੇ ਹੌਸਲਾ ਨਾ ਕੀਤਾ ਪਰੰਤੂ ਡੋਗਰਿਆਂ ਨੇ ਬੜੀ ਚਲਾਕੀ ਨਾਲ ਖਾਲਸਾ ਫੌਜਾਂ ਅੰਦਰ ਇਹ ਗੱਲ ਘੁੰਮਾ ਦਿੱਤੀ ਕਿ ਬਾਬਾ ਬੀਰ ਸਿੰਘ ਨੌਰੰਗਾਬਾਦੀ, ਕੰਵਰ ਕਸ਼ਮੀਰਾ ਸਿੰਘ ਅਤੇ ਅਤਰ ਸਿੰਘ ਸੰਧਾਵਾਲੀਆ ਸਾਜ਼ਿਸ਼ ਅਧੀਨ ਅੰਗਰੇਜ਼ਾਂ ਨਾਲ ਮਿਲ ਗਏ ਹਨ ਅਤੇ ਉਹ ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ ਕਰਵਾ ਰਹੇ ਹਨ। ਇਸ ਉੱਤੇ ਫੌਜਾਂ ਅੰਦਰ ਗੁੱਸੇ ਦੀ ਲਹਿਰ ਦੌੜ ਗਈ। ਅੰਤ ਇਕ ਦਿਨ ਵੀਹ ਹਜ਼ਾਰ ਸੈਨਿਕਾਂ ਅਤੇ ਪੰਜਾਹ ਤੋਪਾਂ ਨਾਲ ਉਸ ਨੇ ਡੇਰੇ, ਜੋ ਇਕ ਚੰਗਾ ਮਜ਼ਬੂਤ ਕਿਲ੍ਹੇ-ਨੁਮਾ ਸੀ, ਉੱਤੇ ਲਾਹੌਰ ਦਰਬਾਰ ਦੀਆਂ ਫੌਜਾਂ ਚੜ੍ਹਾ ਹੀ ਦਿੱਤੀਆਂ। ਸਾਜ਼ਿਸ਼ ਸਫਲ ਹੋ ਗਈ। ਭਰਾ-ਮਾਰੂ ਜੰਗ ਜੋ ਬੜੀ ਸਾਜ਼ਿਸ਼

ਅਧੀਨ ਪਹਿਲਾਂ ਡੋਗਰਿਆਂ ਨੇ ਮਹਾਰਾਜਾ ਸ਼ੇਰ ਸਿੰਘ ਦੀਆਂ ਫੌਜਾਂ ਅਤੇ ਮਹਾਰਾਣੀ ਚੰਦ ਕੌਰ ਦੀ ਅਗਵਾਈ ਵਿਚ ਲਾਹੌਰ ਦਰਬਾਰ ਦੀਆਂ ਫੌਜਾਂ ਦਰਮਿਆਨ ਕਰਵਾਈ ਸੀ, ਮੁੜ ਸ਼ੁਰੂ ਕਰਨ ਦੇ ਆਸਾਰ ਪੈਦਾ ਕਰ ਦਿੱਤੇ, ਫੌਜਾਂ ਦੀ ਅਗਵਾਈ ਜਰਨਲ ਕੋਰਟ ਅਤੇ ਮੀਆਂ ਲਾਭ ਸਿੰਘ ਕਰ ਰਹੇ ਸਨ। ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਹੁਣ ਜ਼ਿਲ੍ਹਾ ਤਰਨਤਾਰਨ ਵਿਚ ਸਭਰਾਵਾਂ ਅਤੇ ਹਰੀਕੇ ਪੱਤਣ ਸੜਕ ਉੱਤੇ ਪਿੰਡ ਮੂਠਿਆਂਵਾਲਾ ਦੇ ਨੇੜੇ ਸਥਿਤ ਡੇਰਾ ਬਾਬਾ ਬੀਰ ਸਿੰਘ ਉੱਤੇ ਲਾਹੌਰ ਦਰਬਾਰ ਦੀਆਂ ਫੌਜਾਂ ਨੇ ਭਰਾ ਮਾਰੂ ਹਮਲਾ ਕਰ ਦਿੱਤਾ। ਕਵੀ ਕਰਤਾਰ ਸਿੰਘ ਕਲਾਸਵਾਲੀਆ ਇਸ ਹਮਲੇ ਬਾਰੇ ਇਉਂ ਲਿਖਦਾ ਹੈ:

*ਦੋ ਰਜਮੰਟਾਂ ਪਲਟਨਾਂ ਅੱਠ ਚੜ੍ਹੀਆਂ,*
*ਭਰ ਗੱਡੀਆਂ ਰਸਦ ਚਲਾਈਆਂ ਜੀ।*
*ਤਿੰਨ ਤੋਪਖਾਨੇ ਚਲੇ ਸਾਫ ਹੋ ਕੇ,*
*ਭਾਰੇ ਜੰਗ ਦੀਆਂ ਕਾਰਵਾਈਆਂ ਜੀ।*
*ਮੀਆਂ ਲਾਭ ਸਿੰਘ ਤਾਈਂ ਕਮਾਨ ਦੇ ਕੇ,*
*ਗੱਲਾਂ ਸਾਰੀਆਂ ਉਸ ਨੂੰ ਸਮਝਾਈਆਂ ਜੀ।*

ਪਰੰਤੂ ਬਾਬਾ ਜੀ ਪ੍ਰਤੀ ਫੌਜਾਂ ਵਿਚ ਅਜੇ ਸ਼ਰਧਾ ਅਤੇ ਸਤਿਕਾਰ ਕਾਇਮ ਸੀ। ਉਹ ਹਮਲਾ ਕਰਨ ਤੋਂ ਝਿਜਕ ਦਿਖਾ ਰਹੀਆਂ ਸਨ। ਦੋ ਮੁਹਤਬਰ ਮੁਖੀ ਸ. ਗੁਲਾਬ ਸਿੰਘ ਕਲਕੱਤੀਆ ਅਤੇ ਸ. ਬਾਘ ਸਿੰਘ ਨੂੰ ਬਾਬਾ ਜੀ ਨਾਲ ਗੱਲਬਾਤ ਕਰਨ ਲਈ ਘੱਲਿਆ ਗਿਆ। ਉਨ੍ਹਾਂ ਬਾਬਾ ਜੀ ਪਾਸੋਂ ਸ. ਅਤਰ ਸਿੰਘ ਸੰਧਾਵਾਲੀਆ ਅਤੇ ਕੰਵਰ ਕਸ਼ਮੀਰਾ ਸਿੰਘ ਨੂੰ ਫੌਜ ਦੇ ਹਵਾਲੇ ਕਰਨ ਦੀ ਮੰਗ ਕੀਤੀ। ਬਾਬਾ ਜੀ ਦੇ ਕਾਰਨ ਪੁੱਛੇ ਜਾਣ 'ਤੇ ਇਨ੍ਹਾਂ ਪੈਂਚਾਂ ਨੇ ਉੱਤਰ ਦਿੱਤਾ ਕਿ ਇਹ ਦੋਵੇਂ ਸਿੱਖ ਰਾਜ ਦੇ ਬਾਗ਼ੀ ਹਨ। ਬਾਬਾ ਜੀ ਨੇ ਉਨ੍ਹਾਂ ਨੂੰ ਬੜੀ ਹਲੀਮੀ ਨਾਲ ਸਮਝਾਇਆ ਕਿ ਉਹ ਗ਼ਲਤ-ਬਿਆਨੀ ਕਰ ਰਹੇ ਹਨ। ਕੰਵਰ ਕਸ਼ਮੀਰਾ ਸਿੰਘ ਅਤੇ ਸ. ਅਤਰ ਸਿੰਘ ਸੰਧਾਵਾਲੀਆ, ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਅੰਸ਼-ਬੰਸ ਹਨ। ਉਹ ਬਾਗੀ ਕਿਵੇਂ ਹੋਏ ਅਤੇ ਦੋ ਰੁਪਏ ਮਾਸਿਕ ਉੱਤੇ ਖਾਲਸਾ ਰਾਜ ਵਿਚ ਨੌਕਰੀ ਕਰਨ ਆਏ ਡੋਗਰੇ ਖਾਲਸਾ ਰਾਜ ਦੇ ਮਾਲਕ ਅਤੇ ਰਾਖੇ ਕਿਵੇਂ ਹੋਏ? ਤਾਕਤ ਵਿਚ ਮਦਹੋਸ਼ ਹੋਏ ਇਨ੍ਹਾਂ ਪੈਂਚਾਂ ਨੇ ਬਾਬਾ ਜੀ ਨਾਲ ਬਦਮਗ਼ਜ਼ੀ ਸ਼ੁਰੂ ਕਰ ਦਿੱਤੀ ਅਤੇ ਬਾਬਾ ਜੀ ਨਾਲ ਬਦਤਮੀਜ਼ੀ ਨਾਲ ਪੇਸ਼ ਆਏ। ਸਰਦਾਰ ਅਤਰ ਸਿੰਘ ਸੰਧਾਵਾਲੀਆ ਬਾਬਾ ਜੀ ਦੀ ਬੇਇੱਜ਼ਤੀ ਨਾ ਸਹਾਰਦੇ ਹੋਏ ਉਨ੍ਹਾਂ ਉੱਤੇ ਟੁੱਟ ਕੇ ਪੈ ਗਏ ਅਤੇ ਆਪਣੀ ਤਲਵਾਰ ਨਾਲ ਉਨ੍ਹਾਂ ਦੇ ਟੁੱਕੜੇ-ਟੁੱਕੜੇ ਕਰ ਦਿੱਤੇ। ਇਨ੍ਹਾਂ ਪੈਂਚਾਂ ਦੇ ਕਤਲ ਦੀ ਖ਼ਬਰ ਸੁਣਦਿਆਂ ਹੀ ਲਾਹੌਰ ਦਰਬਾਰ ਦੀ ਫੌਜ ਨੇ ਡੇਰੇ ਉੱਤੇ ਹਮਲਾ ਕਰ ਦਿੱਤਾ। ਕੰਵਰ ਕਸ਼ਮੀਰਾ ਸਿੰਘ ਅਤੇ ਸ. ਅਤਰ ਸਿੰਘ ਸੰਧਾਵਾਲੀਆ ਨੇ ਬਾਬਾ ਜੀ ਤੋਂ ਫੌਜਾਂ ਦਾ ਮੁਕਾਬਲਾ ਕਰਨ ਦੀ ਆਗਿਆ ਮੰਗੀ, ਪਰੰਤੂ ਬਾਬਾ ਜੀ ਤਾਂ ਖਾਲਸਾ ਰਾਜ ਦੇ ਪੱਕੇ ਹਿਮਾਇਤੀ ਸਨ। ਉਹ ਇਸ ਤਰ੍ਹਾਂ ਦੀ ਭਰਾ-ਮਾਰੂ ਜੰਗ ਲਈ ਆਗਿਆ ਨਹੀਂ ਸਨ ਦੇ ਸਕਦੇ। ਜਦੋਂ ਧੜਾ-ਧੜ ਹੋ ਰਹੀ ਗੋਲੀਬਾਰੀ ਨਾਲ ਅਨੇਕਾਂ ਸਿੰਘ-ਸਿੰਘਣੀਆਂ ਅਤੇ ਮਾਲ-ਡੰਗਰ ਨੂੰ ਮਰਦਿਆਂ ਵੇਖਿਆ ਤਾਂ ਸ. ਅਤਰ ਸਿੰਘ ਅਤੇ ਕੰਵਰ ਕਸ਼ਮੀਰਾ ਸਿੰਘ ਚੁੱਪ-ਚਾਪ ਨਾ ਬੈਠ ਸਕੇ। *ਜਬ*

*ਆਵ ਕੀ ਅਉਧ ਨਿਦਾਨ ਬਨੈ ਅਤ ਹੀ ਰਨ ਮੈ ਤਬ ਜੂਝ ਮਰੋਂ॥* ਤਥਾ *ਜਬੈ ਬਾਣ ਲਾਗਿਯੋ॥ ਤਬੈ ਰੋਸ ਜਾਗਿਯੋ॥* ਅਨੁਸਾਰ ਮੁੱਠੀ ਭਰ ਸਿੰਘਾਂ ਨੂੰ ਨਾਲ ਲੈ ਕੇ ਇਨ੍ਹਾਂ ਦੋਨਾਂ ਨੇ ਲਾਹੌਰ ਦੀਆਂ ਫੌਜਾਂ ਦਾ ਮੁਕਾਬਲਾ ਕੀਤਾ, ਪਰੰਤੂ ਭਾਰੀ ਗੋਲਾਬਾਰੀ ਅਤੇ ਭਾਰੀ ਗਿਣਤੀ ਵਿਚ ਫੌਜ ਹੋਣ ਕਾਰਨ ਇਨ੍ਹਾਂ ਦੀ ਪੇਸ਼ ਨਾ ਗਈ ਅਤੇ ਇਹ ਦੋਵੇਂ ਜੂਝਦੇ ਹੋਏ ਬਾਕੀ ਸਿੰਘਾਂ ਨਾਲ ਸ਼ਹੀਦ ਹੋ ਗਏ। ਬਾਬਾ ਜੀ ਚੁੱਪ-ਚਾਪ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਜਾ ਬੈਠੇ ਅਤੇ ਨਾਮ-ਸਿਮਰਨ ਵਿਚ ਲੀਨ ਹੋ ਗਏ। ਲਾਹੌਰ ਦਰਬਾਰ ਦੀਆਂ ਫੌਜਾਂ ਨੇ ਇਕ ਗੋਲਾ ਬਾਬਾ ਜੀ ਵੱਲ ਵੀ ਸੇਧ ਦਿੱਤਾ, ਜਿਸ ਨਾਲ ਬਾਬਾ ਜੀ ਦੇ ਸਰੀਰ ਦੇ ਚਿੱਥੜੇ ਉੱਡ ਗਏ ਅਤੇ ਉਹ ਸ਼ਹੀਦੀ ਪਾ ਗਏ। ਸ਼ਾਹ ਮੁਹੰਮਦ ਬਾਬਾ ਜੀ ਦੀ ਸ਼ਹੀਦੀ ਸੰਬੰਧੀ ਇਉਂ ਲਿਖਦਾ ਹੈ:

*ਬੀਰ ਸਿੰਘ ਨੂੰ ਮਾਰਿਆ ਢਾਹ ਤੋਪਾਂ,*
*ਨਹੀਂ ਛਡਿਆ ਸਾਧ ਤੇ ਸੰਤ ਮੀਆਂ।*

ਬਾਬਾ ਬੀਰ ਸਿੰਘ ਨੌਰੰਗਾਬਾਦੀ ਜੀ ਦੀ ਸ਼ਹੀਦੀ ਮੰਗਲਵਾਰ ੨੨ ਵੈਸਾਖ, ੧੯੦੧ ਬਿਕ੍ਰਮੀ ਅਰਥਾਤ ੭ ਮਈ, ੧੮੪੪ ਈ. ਨੂੰ ਹੋਈ। ਵੱਖ-ਵੱਖ ਇਤਿਹਾਸਕਾਰਾਂ ਦੇ ਦਿੱਤੇ ਵੇਰਵਿਆਂ ਅਨੁਸਾਰ ਉਸ ਸਮੇਂ ਤਕਰੀਬਨ ੩੦੦੦ ਮਾਲ-ਡੰਗਰ ਅਤੇ ੬-੭ ਹਜ਼ਾਰ ਸਿੰਘ-ਸਿੰਘਣੀਆਂ ਅਤੇ ਭੁਜੰਗੀ ਸਿੱਖ ਸ਼ਰਧਾਲੂ ਸਨ। ਇਹ ਘੱਲੂਘਾਰਾ ਮਗਰੋਂ ਹੋਏ ੧੭੪੬ ਈ. ਦੇ ਛੋਟੇ ਘੱਲੂਘਾਰੇ ਅਤੇ ੧੭੬੨ ਈ. ਦੇ ਵੱਡੇ ਘੱਲੂਘਾਰੇ ਤੋਂ ਜ਼ਿਆਦਾ ਘਿਨਾਉਣਾ ਅਤੇ ੧੯੮੪ ਈ. ਦੇ ਭਾਰਤੀ ਫੌਜ ਦੇ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਉੱਤੇ ਬਿਨਾ ਵਜ੍ਹਾ ਮਾਰੂ ਹਮਲੇ ਵਾਂਗ ਹੀ ਨਿੰਦਣ ਯੋਗ ਸੀ ਕਿਉਂਕਿ ਉਹ ਸਿੱਖ ਰਾਜ ਦੇ ਗ਼ੱਦਾਰਾਂ ਦੇ ਹੁਕਮ ਨਾਲ ਭਰਾ-ਮਾਰੂ ਹਮਲਾ ਸੀ। ਕਿਲ੍ਹੇ ਵਰਗੇ ਧਾਰਮਿਕ ਸਥਾਨ ਅਤੇ ਹਜ਼ਾਰਾਂ ਕੀਮਤੀ ਜਾਨਾਂ ਦੇ ਢਹਿ-ਢੇਰੀ ਹੋ ਜਾਣ ਉੱਤੇ ਕਵੀ ਸ. ਕਰਤਾਰ ਸਿੰਘ ਇਉਂ ਹੰਝੂ ਕੇਰਦਾ ਹੈ:

*ਡੇਰਾ ਰਾਜਿਆਂ ਦੇ ਜੇਹਾ ਬੀਰ ਸਿੰਘ ਦਾ,*
*ਲੁੱਟ ਪੁੱਟ ਬਰਬਾਦਿ ਕਰਾਇ ਦਿੱਤਾ।*
*ਮੰਦਾ ਚੰਗਾ ਵੀ ਨਾ ਵੇਖਿਓ ਨੇ,*
*ਅਧਮੂਲ ਫਤੂਰ ਮਚਾਇ ਦਿੱਤਾ।*

ਡੇਰੇ ਨੂੰ ਮੁਕੰਮਲ ਰੂਪ ਵਿਚ ਮਿੱਟੀ ਵਿਚ ਮਿਲਾ ਕੇ ਫੌਜ ਨੇ ਬਾਬਾ ਬੀਰ ਸਿੰਘ ਨੌਰੰਗਾਬਾਦੀ ਦੇ ਸਰੀਰ ਦੇ ਟੁੱਕੜੇ ਇਕੱਠੇ ਕਰ ਕੇ ਉਨ੍ਹਾਂ ਦੇ ਪਲੰਘ ਉੱਤੇ ਰੱਖ ਕੇ ਹਰੀ ਕੇ ਪੱਤਣ ਲਾਗੇ ਦਰਿਆ ਸਤਲੁਜ ਵਿਚ ਰੋੜ੍ਹ ਦਿੱਤੇ। ਬੜੀ ਬੇਰਹਿਮੀ ਅਤੇ ਬੇਸ਼ਰਮੀ ਨਾਲ ਸ. ਅਤਰ ਸਿੰਘ ਸੰਧਾਵਾਲੀਆ ਅਤੇ ਕੰਵਰ ਕਸ਼ਮੀਰਾ ਸਿੰਘ ਦੇ ਸਿਰ ਵੱਢ ਕੇ ਨੇਜ਼ਿਆਂ 'ਤੇ ਟੰਗ ਕੇ ਰਾਜਾ ਹੀਰਾ ਸਿੰਘ ਡੋਗਰਾ ਦੇ ਜਾ ਪੇਸ਼ ਕੀਤੇ। ਉਪਰੰਤ ਜਦੋਂ ਫੌਜ ਨੂੰ ਸਨਮਾਨਿਤ ਕਰਨ ਦੀ ਤਿਆਰੀ ਹੋਈ ਤਾਂ ਸ਼ਰਧਾਲੂ 'ਮਾਈਆਂ ਰੱਬ ਰਜਾਈਆਂ' ਅਤੇ ਹੋਰ ਸਾਥੀ ਫੌਜੀਆਂ ਨੇ ਫੌਜ ਨੂੰ ਭਾਰੀ ਲਾਹਨਤਾਂ ਪਾਈਆਂ। ਫੌਜ ਨੂੰ ਆਪਣੀ ਮੂਰਖਤਾ ਅਤੇ ਡੋਗਰਿਆਂ ਦੀ ਸਾਜ਼ਿਸ਼ ਦਾ ਅਹਿਸਾਸ ਹੋਇਆ। ਖਾਲਸਾ ਫੌਜ ਅੰਦਰ ਗੁੱਸੇ ਦੀ

ਲਹਿਰ ਦੌੜ ਗਈ। ਸਮੇਂ ਨੂੰ ਭਾਂਪਦਿਆਂ ਰਾਜਾ ਹੀਰਾ ਸਿੰਘ ਅਤੇ ਜੱਲ੍ਹਾ ਪੰਡਤ ਭਾਰੀ ਮਾਲ, ਅਸਬਾਬ ਅਤੇ ਸ਼ਾਹੀ ਖਜ਼ਾਨੇ ਦਾ ਧਨ ਲੱਦ ਕੇ ਜੰਮੂ ਨੂੰ ਲੈ ਤੁਰੇ ਪਰੰਤੂ *ਪਾਪੀ ਕੋ ਮਾਰਨੇ ਕੋ ਪਾਪ ਮਹਾਂਬਲੀ ਹੈ* ਖਾਲਸਾ ਫੌਜ ਨੇ ਉਨ੍ਹਾਂ ਨੂੰ ਘੇਰ ਕੇ ਟੁੱਕੜੇ-ਟੁੱਕੜੇ ਕਰ ਦਿੱਤਾ।

ਬਾਬਾ ਬੀਰ ਸਿੰਘ ਨੌਰੰਗਾਬਾਦੀ ਜੀ ਦੀ ਸਰੀਰ ਦੇ ਟੁੱਕੜਿਆਂ ਦੀ ਗੰਢ ਪਲੰਘ ਸਮੇਤ ਥੋੜ੍ਹੀ ਦੂਰ ਮੂਠਿਆਂਵਾਲਾ ਪਿੰਡ ਨੇੜੇ ਦਰਿਆ ਦੇ ਕਿਨਾਰੇ ਲਾਗੇ ਜਾ ਰੁਕੀ ! ਇਨ੍ਹਾਂ ਨੂੰ ਇੱਥੋਂ ਕੱਢ ਕੇ ਭਾਈ ਗੰਡਾ ਸਿੰਘ ਰਾਮਗੜ੍ਹੀਏ ਨੇ ਸਿੱਖ ਸੰਗਤਾਂ ਨੂੰ ਨਾਲ ਲੈ ਕੇ ਪੂਰੀ ਗੁਰ-ਮਰਯਾਦਾ ਨਾਲ ਬਾਬਾ ਜੀ ਦੀ ਦੇਹ ਦਾ ਸਸਕਾਰ ਪਿੰਡ ਮੂਠਿਆਂਵਾਲਾ ਵਿਖੇ ਕਰ ਦਿੱਤਾ। ਪਿੱਛੋਂ ਬਾਬਾ ਜੀ ਦੀਆਂ ਅਸਥੀਆਂ ਤਰਨ ਤਾਰਨ ਲਾਗੇ ਪਿੰਡ ਰਤੋਕੇ ਵਿਖੇ ਲਿਜਾ ਕੇ ਸਤਿਕਾਰ ਸਹਿਤ ਸਥਾਪਿਤ ਕਰ ਦਿੱਤੀਆਂ ਅਤੇ ਹਰ ਸਾਲ ੨੭ ਵੈਸਾਖ ਨੂੰ ਬਾਬਾ ਜੀ ਦੀ ਯਾਦ ਵਿਚ ਭਾਰੀ ਜੋੜ-ਮੇਲਾ ਲੱਗਦਾ ਹੈ ਅਤੇ ਸਿੱਖ-ਸੰਗਤਾਂ ਬਾਬਾ ਜੀ ਨੂੰ ਆਪਣੀ ਸ਼ਰਧਾ ਅਤੇ ਸਤਿਕਾਰ ਭੇਟ ਕਰਦੀਆਂ ਹਨ ਅਤੇ ਸਤਿਗੁਰੂ ਨੂੰ ਨਤਮਸਤਕ ਹੁੰਦੀਆਂ ਹਨ। ਬਾਬਾ ਬੀਰ ਸਿੰਘ ਨੌਰੰਗਾਬਾਦੀ ਜੀ ਨੇ ਸਾਰੀ ਉਮਰ ਗੁਰੂ-ਪੰਥ ਅਤੇ ਗੁਰੂ-ਗ੍ਰੰਥ ਦੀ ਵਡਮੁੱਲੀ ਸੇਵਾ ਕਰਦਿਆਂ ਸ਼ਹੀਦੀ ਪਾਈ ਅਤੇ ਇਸ ਸੰਸਾਰ ਤੋਂ ਸੁਰਖਰੂ ਹੋ ਕੇ ਆਪਣਾ ਮੁਖ ਉਜਲ ਲੈ ਕੇ *ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥* ਅਨੁਸਾਰ ਆਪਣੀ ਜੀਵਨ ਯਾਤਰਾ *ਸਫਲ ਸਫਲ ਭਈ ਸਫਲ ਜਾਤ੍ਰਾ॥ ਆਵਣ ਜਾਣ ਰਹੇ ਮਿਲੇ ਸਾਧਾ॥* ਸਫਲ ਹੋ ਕੇ ਇਕ ਮਹਾਨ ਇਤਿਹਾਸ ਸਿਰਜ ਕੇ ਸਰੀਰਕ ਤੌਰ 'ਤੇ ਸੰਸਾਰ ਤੋਂ ਵਿਦਾ ਹੋ ਗਏ। ਬਾਬਾ ਜੀ ਦੀ ਯਾਦ ਵਿਚ ਪਿੰਡ ਨੌਰੰਗਾਬਾਦ ਵਿਚ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਜਿੱਥੇ ਸਿੱਖ-ਸੰਗਤ ਗੁਰੂ ਦੇ ਲੜ ਲੱਗ ਕੇ ਆਪਣੀ ਸੱਚੀ-ਸੁੱਚੀ ਜੀਵਨ-ਜਾਚ ਪ੍ਰਾਪਤ ਕਰ ਰਹੀ ਹੈ। ਬਾਬਾ ਬੀਰ ਸਿੰਘ ਨੌਰੰਗਾਬਾਦੀ ਜੀ ਤੋਂ ਪਿੱਛੋਂ ਉਨ੍ਹਾਂ ਦੀ ਇਸ ਸੰਪਰਦਾਇ ਦੇ ਮੁਖੀ ਖੰਨੇ (ਜ਼ਿਲ੍ਹਾ ਲੁਧਿਆਣਾ) ਦੇ ਨੇੜਲੇ ਪਿੰਡ ਉਚੀ ਰੱਬੋ ਦੇ ਭਾਈ ਮਹਾਰਾਜ ਸਿੰਘ ਬਣੇ ਜਿਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਵੱਲੋਂ ਉਸਾਰੇ ਅਤੇ ਸਥਾਪਿਤ ਕੀਤੇ ਵਿਸ਼ਾਲ ਖਾਲਸਾ ਰਾਜ ਦੇ ਅੰਗਰੇਜ਼ ਅਧੀਨ ਹੋਣ ਦੇ ਇਕ ਹਫਤੇ ਦੇ ਅੰਦਰ ਹੀ ਫਿਰੰਗੀ ਦੀ ਸਰਕਾਰ ਵਿਰੁੱਧ ਬਗ਼ਾਵਤ ਅਤੇ ਪੰਜਾਬ ਨੂੰ ਅਜ਼ਾਦ ਕਰਵਾਉਣ ਹਿੱਤ ਜੱਦੋ-ਜਹਿਦ ਦਾ ਬਿਗਲ ਵਜਾ ਦਿੱਤਾ। ਭਾਰੀ ਵਿਉਂਤਬੰਦੀ ਕੀਤੀ ਗਈ ਤੇ ਅਜ਼ਾਦ ਹੋਣ ਲਈ ਬਗਾਵਤ ਦਾ ਦਿਨ ੩ ਜਨਵਰੀ, ੧੮੫੦ ਈ. ਨੀਯਤ ਕੀਤਾ ਗਿਆ, ਪਰੰਤੂ ਚੁਗਲਾਂ ਦੀ ਮੁਖਬਰੀ ਕਾਰਨ ਬਾਬਾ ਮਹਾਰਾਜ ਸਿੰਘ ੨੮ ਦਸੰਬਰ, ੧੮੪੯ ਈ. ਨੂੰ ਗ੍ਰਿਫ਼ਤਾਰ ਕਰ ਲਏ ਗਏ ਅਤੇ ਭਾਰੀ ਤਸ਼ੱਦਦ ਕਰਨ ਉਪਰੰਤ ਸਰਕਾਰ ਅੰਗਰੇਜ਼ੀ ਨੇ ਉਨ੍ਹਾਂ ਨੂੰ ਸਿੰਘਾਪੁਰ ਕਾਲ-ਕੋਠੜੀ ਵਿਚ ਕੈਦ ਕਰ ਦਿੱਤਾ, ਜਿੱਥੇ ੫ ਜੁਲਾਈ, ੧੮੫੬ ਈ. ਨੂੰ ਉਹ ਸ਼ਹੀਦੀ ਪਾ ਗਏ। ਇਸ ਤਰ੍ਹਾਂ ਉਹ ਭਾਰਤ ਦੀ ਅਜ਼ਾਦੀ ਦਾ ਮੁੱਢ ਬੰਨ੍ਹ ਗਏ। ੧੮੫੭ ਈ. ਦੇ ਗ਼ਦਰ ਨੂੰ ਭਾਰਤ ਦੀ ਅਜ਼ਾਦੀ ਦੀ ਪਹਿਲੀ ਲੜਾਈ ਆਖਣ ਵਾਲਿਆਂ ਨੂੰ ਇਤਿਹਾਸ ਦੀ ਸਹੀ ਜਾਣਕਾਰੀ ਪ੍ਰਾਪਤ ਕਰਨੀ ਬਣਦੀ ਹੈ ਅਤੇ ਧਾਰਮਿਕ ਕੱਟੜਵਾਦ ਤੋਂ ਉੱਪਰ ਉਠ ਕੇ ਬਾਬਾ ਮਹਾਰਾਜ ਸਿੰਘ ਵੱਲੋਂ ਅਰੰਭੀ ਭਾਰਤ ਦੀ ਅਜ਼ਾਦੀ ਲਈ ਜੱਦੋ-ਜਹਿਦ ਨੂੰ ਭਾਰਤ ਦੀ ਅਜ਼ਾਦੀ ਲਈ ਪਹਿਲਾ ਸਾਰਥਿਕ ਯਤਨ ਪ੍ਰਵਾਨ ਕਰ ਲੈਣਾ ਚਾਹੀਦਾ ਹੈ। ਬਾਬਾ ਬੀਰ ਸਿੰਘ ਨੌਰੰਗਾਬਾਦੀ ਜੀ ਅਤੇ ਬਾਬਾ ਮਹਾਰਾਜ ਸਿੰਘ ਵੱਲੋਂ ਕੀਤੀ ਕੁਰਬਾਨੀ ਬਾਰੇ ਸ. ਕਰਤਾਰ ਸਿੰਘ ਬਲੱਗਣ

ਦੀ ਕਵਿਤਾ 'ਸ਼ਹੀਦ' ਦੀਆਂ ਹੇਠ ਲਿਖੀਆਂ ਸਤਰਾਂ ਸਾਰਥਿਕ ਹਨ:

*ਉਨ੍ਹਾਂ ਲੋਕਾਂ ਦੀ ਮੰਜ਼ਿਲ ਦਾ ਰਾਹ ਸਿੱਧਾ,*
*ਵਲ ਜਿਨ੍ਹਾਂ ਨੂੰ ਆਇਆ ਸ਼ਹੀਦੀਆਂ ਦਾ।*
*ਉਹ ਹੈ ਕੌਮ ਪੂੰਜੀਦਾਰ ਜ਼ਿੰਦਗੀ ਦਾ,*
*ਜਿਹਦੇ ਕੋਲ ਸਰਮਾਇਆ ਸ਼ਹੀਦੀਆਂ ਦਾ।*

ਸ. ਪ੍ਰੀਤਮ ਸਿੰਘ ਕਾਸਦ ਵੀ ਸਿੱਖ ਸ਼ਹੀਦੀ ਪਰੰਪਰਾ ਬਾਰੇ ਆਪਣੀ ਕਵਿਤਾ ਵਿਚ ਇਉਂ ਸਪਸ਼ਟ ਕਰਦਾ ਹੈ:

*ਰੁੱਤਾਂ ਕੁਦਰਤ ਨੂੰ ਭੁੱਲਣ ਤਾਂ ਭੁੱਲ ਜਾਵਣ,*
*ਸਿੱਖ ਨੂੰ ਮੌਸਮ ਸ਼ਹੀਦੀ ਨਾ ਭੁੱਲਦਾ ਏ।*
*ਸਾਡਾ ਸ਼ੌਕ ਸੰਗੀਨਾਂ ਤੇ ਸੂਲੀਆਂ 'ਤੇ,*
*ਜਦ ਵੀ ਤੁਲਦਾ ਏ, ਪੂਰੇ ਮੁੱਲ ਦਾ ਏ।*

. . . . . .

*ਜਿਤਨਾ ਛਾਂਗੋ ਇਹ ਸੰਘਣਾ ਹੋਈ ਜਾਂਦਾ,*
*ਕਿਉਂਕਿ ਇਹ ਬੂਟਾ ਗੁਰੂ ਅਰਜਨ ਦੀ ਕੁਲ ਦਾ ਏ।*

ਸ੍ਰੀ ਗੁਰੂ ਨਾਨਕ ਸਾਹਿਬ ਵੱਲੋਂ ਜ਼ਬਰ, ਜ਼ੁਲਮ, ਬੇਇਨਸਾਫੀ, ਬੇਈਮਾਨੀ, ਧਰਮ ਵਿਚ ਧੱਕਾ, ਧਾਰਮਿਕ ਕੱਟੜਵਾਦ, ਊਚ-ਨੀਚ, ਜਾਤੀਵਾਦ, ਅੱਤਿਆਚਾਰ ਅਤੇ ਅਨਿਆਂ ਵਿਰੁੱਧ ਅਰੰਭਿਆ ਧਰਮ-ਯੁੱਧ ਸੰਘਰਸ਼ ਖਾਲਸਾ-ਪੰਥ ਵੱਲੋਂ ਉਤਨਾ ਚਿਰ ਕਿਸੇ ਨਾ ਕਿਸੇ ਰੂਪ ਵਿਚ ਜਾਰੀ ਰਹੇਗਾ, ਜਿਤਨਾ ਚਿਰ ਉਕਤ ਬੁਰਾਈਆਂ ਸਮਾਜ ਅਤੇ ਦੇਸ਼ ਨੂੰ ਪੀੜਤ ਕਰਦੀਆਂ ਰਹਿਣਗੀਆਂ। ਆਓ! ਮਹਾਨ ਯੋਧਿਆਂ, ਸਿੰਘ-ਸ਼ਹੀਦਾਂ ਦੀਆਂ ਜੀਵਨੀਆਂ ਤੋਂ ਸਬਕ ਸਿੱਖੀਏ ਅਤੇ ਹੱਕ ਅਤੇ ਸੱਚ ਲਈ ਜੂਝਨ ਲਈ ਹਮੇਸ਼ਾ ਤੱਤਪਰ ਰਹੀਏ। ਲਾਲਸਾਵਾਂ, ਤ੍ਰਿਸ਼ਨਾਵਾਂ, ਸੁਆਰਥੀ ਅਤੇ ਪਖੰਡ ਗ੍ਰਸੀਆਂ, ਜ਼ਿੰਦਗੀਆਂ ਹੱਕ-ਸੱਚ ਦੀ ਲੜਾਈ ਨਹੀਂ ਲੜ ਸਕਦੀਆਂ। ਸ਼ਹੀਦੀ ਪਾਉਣ ਲਈ *ਅਪਨਾ ਬਿਗਾਰਿ ਬਿਰਾਂਨਾ ਸਾਂਢੈ॥* ਧਰਮ ਵਿਚ ਪਰਪੱਕਤਾ, ਨਿਸ਼ਾਨੇ ਪ੍ਰਤੀ ਸਪਸ਼ਟਤਾ ਅਤੇ ਨੇਕੀ ਲਈ ਦ੍ਰਿੜ੍ਹਤਾ ਅਤੇ ਕੌਮੀ ਜਜ਼ਬਾ ਜ਼ਰੂਰੀ ਹੈ ਜੋ ਕੁਝ ਵਿਰਲਿਆਂ ਦੇ ਹੀ ਹਿੱਸੇ ਆਉਂਦਾ ਹੈ। *ਹੈਨਿ ਵਿਰਲੇ ਨਾਹੀ ਘਣੇ* ਬਾਬਾ ਬੀਰ ਸਿੰਘ ਨੌਰੰਗਾਬਾਦੀ ਅਤੇ ਭਾਈ ਮਹਾਰਾਜਾ ਨੌਰੰਗਾਬਾਦੀ ਵਰਗੀਆਂ ਜ਼ਿੰਦਗੀਆਂ ਹਮੇਸ਼ਾ-ਹਮੇਸ਼ਾ ਲਈ ਅਮਰ ਹੋ ਜਾਂਦੀਆਂ ਹਨ ਅਤੇ ਕੌਮਾਂ ਲਈ ਭਵਿੱਖ ਲਈ ਚਾਨਣ-ਮੁਨਾਰਾ ਬਣ ਜਾਂਦੀਆਂ ਹਨ। ਇਹ ਸ਼ਹੀਦੀਆਂ ਅਤੇ ਸ਼ਹੀਦਾਂ ਦੀਆਂ ਮਿਸਾਲੀ ਜ਼ਿੰਦਗੀਆਂ ਕੌਮਾਂ ਨੂੰ ਨਵੀਂ ਜ਼ਿੰਦਗੀ ਦੇ ਜਾਂਦੀਆਂ ਹਨ:

*ਸ਼ਹੀਦ ਕੀ ਜੋ ਮੌਤ ਹੈ ਵੋਹ ਕੌਮ ਕੀ ਹਯਾਤ ਹੈ।*
*ਹਯਾਤ ਤੋਂ ਹਯਾਤ ਹੈ ਵੋਹ ਮੌਤ ਭੀ ਹਯਾਤ ਹੈ।*

ਤਥਾ:

*ਸ਼ਹੀਦੋਂ ਕੀ ਚਿਤਾਉਂ ਪੇ ਲਗੇਂਗੇ ਹਰ ਬਰਸ ਮੇਲੇ,*
*ਵਤਨ ਪੇ ਮਿਟਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ।* ■

# ਸਿੱਖਾਂ ਦੀ ਸਰਵਉੱਚ ਕੇਂਦਰੀ ਸੰਸਥਾ: ਸ੍ਰੀ ਅਕਾਲ ਤਖ਼ਤ ਸਾਹਿਬ

*-ਡਾ. ਰੂਪ ਸਿੰਘ**

ਗੁਰਮਤਿ ਵਿਚਾਰਧਾਰਾ ਤੇ ਸਿੱਖ ਇਤਿਹਾਸ ਸਬੰਧੀ ਜਾਣਕਾਰੀ ਤਦ ਤਕ ਮੁਕੰਮਲ ਨਹੀਂ ਹੋ ਸਕਦੀ, ਜਦ ਤਕ ਗੁਰਮਤਿ ਵਿਚਾਰਧਾਰਾ ਤੇ ਸਿੱਖ ਇਤਿਹਾਸ ਦਾ ਵਿਦਿਆਰਥੀ ਸ੍ਰੀ ਅਕਾਲ ਤਖਤ ਸਾਹਿਬ ਦੇ ਸਿਧਾਂਤ, ਸੰਸਥਾ ਤੇ ਇਤਿਹਾਸ ਤੋਂ ਜਾਣੂ ਨਹੀਂ ਹੋ ਜਾਂਦਾ ਪਰ ਅੱਜ ਸਥਿਤੀ ਇਹ ਹੈ ਕਿ ਬਹੁਤੇ ਸਿੱਖ ਵਿਦਿਆਰਥੀ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਬਾਰੇ ਇਹੀ ਜਾਣਦੇ ਹਨ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਇਕ ਹੋਰ ਵੱਡਾ ਗੁਰਦੁਆਰਾ ਹੈ, ਜਿਸ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਣਾਇਆ ਤੇ ਭਾਰਤ ਸਰਕਾਰ ਨੇ ਜੂਨ ੧੯੮੪ ਈ. ਵਿਚ ਬੁਰੀ ਤਰ੍ਹਾਂ ਢਾਹ ਦਿੱਤਾ ਸੀ।

'ਤਖ਼ਤ' ਦਾ ਸਿਧਾਂਤ ਤੇ ਇਤਿਹਾਸ ਗੁਰਦੁਆਰੇ ਦੀ ਸੰਸਥਾ ਤੋਂ ਬਹੁਤ ਭਿੰਨ ਹੈ। ਗੁਰਬਾਣੀ ਵਿਚ 'ਤਖ਼ਤ' ਸ਼ਬਦ ਦੀ ਵਰਤੋਂ 'ਤਖ਼ਤ, ਤਖਤੁ, ਤਖਤਿ' ਆਦਿ ਵੱਖ-ਵੱਖ ਰੂਪਾਂ ਵਿਚ ਹੋਈ ਹੈ। ਇਹ ਸ਼ਬਦ ਗੁਰਬਾਣੀ ਵਿਚ ਲੱਗਭਗ ੫੦ ਵਾਰੀ ਵੱਖ-ਵੱਖ ਅਰਥਾਂ ਵਿਚ ਵਰਤਿਆ ਗਿਆ ਹੈ। 'ਤਖ਼ਤ' ਸ਼ਬਦ ਦੇ ਸ਼ਬਦੀ-ਅਰਥ ਬੈਠਣ ਦੀ ਚੌਕੀ ਤੇ ਰਾਜ ਸਿੰਘਾਸਨ ਦੇ ਕੀਤੇ ਮਿਲਦੇ ਹਨ, ਭਾਵ ਉਹ ਥਾਂ ਜਿੱਥੇ ਬੈਠ ਕੇ ਰਾਜਾ ਰਾਜ ਦੀ ਕਾਰਵਾਈ ਨੂੰ ਚਲਾਉਂਦਾ ਹੈ। ਇਸ ਅਰਥ ਵਾਲੇ ਬਹੁਤ ਸਾਰੇ 'ਤਖ਼ਤ' ਦੁਨੀਆ 'ਤੇ ਹੋਏ ਤੇ ਸਮੇਂ ਦੀ ਗਲਵਕੜੀ ਵਿਚ ਆ ਕੇ ਆਪਣਾ ਨਾਮ-ਨਿਸ਼ਾਨ ਮਿਟਾ ਚੁੱਕੇ ਹਨ, ਪਰ ਜਿਸ ਰੂਪ ਵਿਚ 'ਤਖ਼ਤ' ਸ਼ਬਦ ਦੀ ਵਰਤੋਂ 'ਗੁਰਮਤਿ ਵਿਚਾਰਧਾਰਾ' ਵਿਚ ਹੋਈ ਹੈ, ਉਹ 'ਤਖ਼ਤ' ਨਾਸ਼ਵਾਨ ਨਹੀਂ ਸਦੀਵੀ ਹੈ, ਕਾਲ ਦੇ ਘੇਰੇ ਵਿਚ ਨਹੀਂ 'ਅਕਾਲ' ਹੈ, ਭਾਵ ਸਮੇਂ, ਸਥਾਨ ਦੇ ਪ੍ਰਭਾਵ ਤੋਂ ਸੁਤੰਤਰ ਹੈ। 'ਤਖ਼ਤ' ਦੇ ਅਜਿਹੇ ਸਿਧਾਂਤ ਨੂੰ ਗੁਰੂ ਸਾਹਿਬਾਨ ਨੇ ਆਪਣੇ ਜੀਵਨ-ਕਾਲ ਵਿਚ ਅਮਲੀ ਜਾਮਾ ਪਹਿਨਾਇਆ ਤੇ ਇਹ ਸਾਬਤ ਕਰ ਦਿੱਤਾ ਕਿ 'ਤਖ਼ਤ' ਕਿਸੇ ਵਿਅਕਤੀ ਵਿਸ਼ੇਸ਼ ਦੀਆਂ ਰਾਜਸੀ-ਖੇਤਰੀ ਗਤੀਵਿਧੀਆਂ ਦਾ ਕੇਂਦਰ ਨਹੀਂ, ਸਗੋਂ ਸੁਤੰਤਰ, ਪ੍ਰਭੂਸੱਤਾ ਸੰਪੰਨ ਸੰਸਥਾ ਹੈ।

ਬਹੁਤ ਸਾਰੇ ਇਤਿਹਾਸਕਾਰ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਗੁਰਿਆਈ ਦੇ ਰੂਪ ਵਿਚ ਅਚਾਨਕ ਪਰਿਵਰਤਨ ਹੋਇਆ ਵੇਖਦੇ ਹਨ। ਇਨ੍ਹਾਂ ਇਤਿਹਾਸਕਾਰਾਂ ਦਾ ਮਤ ਹੈ ਕਿ ਪਹਿਲੇ ਗੁਰੂ ਸਾਹਿਬਾਨ ਦੈਵੀ ਧਾਰਮਿਕ ਨੇਤਾ ਸਨ ਤੇ 'ਸੰਤ' ਭਾਵ ਧਾਰਮਿਕ ਪਹਿਰਾਵੇ ਵਿਚ ਜੀਵਨ ਗੁਜ਼ਾਰਦੇ ਸਨ, ਪਰ ਸ੍ਰੀ ਗੁਰੂ ਹਰਿਗੋਬਿੰਦ ਜੀ ਵੱਲੋਂ 'ਤਖ਼ਤ' ਦੀ ਸਿਰਜਣਾ ਕਰਨਾ, 'ਸੱਚਾ-ਪਾਤਸ਼ਾਹ' ਅਖਵਾਉਣਾ, 'ਮੀਰੀ-ਪੀਰੀ' ਦੀਆਂ ਕਿਰਪਾਨਾਂ ਧਾਰਨ ਕਰਨਾ, 'ਫ਼ੌਜੀ ਕਰਤਵ' ਕਰਨਾ ਆਦਿਕ ਪਰਿਵਰਤਨ ਸਿੱਖ ਧਰਮ ਨੂੰ ਵੱਖਰਾ ਧਰਮ ਸਥਾਪਤ ਕਰਨ ਵੱਲ ਰਾਜਸੀ ਪਹੁੰਚ ਸੀ।

**ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।*

ਪਰ ਇਹ ਵਿਚਾਰ ਉਨ੍ਹਾਂ ਇਤਿਹਾਸਕਾਰਾਂ ਦੇ ਹਨ, ਜੋ ਗੁਰਬਾਣੀ, ਗੁਰਮਤਿ ਵਿਚਾਰਧਾਰਾ, ਸਿੱਖ ਇਤਿਹਾਸ ਤੇ ਪਰੰਪਰਾ ਤੋਂ ਅਣਜਾਣ ਹਨ। 'ਤਖ਼ਤ', 'ਸੱਚਾ ਪਾਤਸ਼ਾਹ', 'ਰਾਜ ਦਰਬਾਰ' ਆਦਿ ਸ਼ਬਦ ਤਾਂ ਗੁਰਮਤਿ ਵਿਚ ਵੱਖ-ਵੱਖ ਪ੍ਰਕਰਣਾਂ ਵਿਚ ਪਹਿਲਾਂ ਹੀ ਵਰਤੋਂ ਵਿਚ ਮਿਲਦੇ ਹਨ, ਨਾ ਕਿ ਇਨ੍ਹਾਂ ਸ਼ਬਦਾਂ ਦੀ ਕਾਢ ਤੇ ਵਰਤੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਹੋਈ। ਉਕਤ ਵਰਤੇ ਗਏ ਸ਼ਬਦਾਂ ਦੇ ਅਰਥ ਗੁਰਮਤਿ ਵਿਚਾਰਧਾਰਾ ਅਨੁਸਾਰ ਕਿਸੇ ਤਰ੍ਹਾਂ ਵੀ ਖੇਤਰੀ, ਰਾਜਸੀ ਵਿਚਾਰਧਾਰਾ ਨਾਲ ਸੰਬੰਧਿਤ ਨਹੀਂ, ਸਗੋਂ ਇਨ੍ਹਾਂ ਸ਼ਬਦਾਂ ਦੇ ਅਰਥਾਂ ਦਾ ਦੈਵੀਕਰਣ ਕੀਤਾ ਗਿਆ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਸਮੇਂ ਲੋਕਾਈ ਵਿਚ ਰਾਜਸੀ, ਧਾਰਮਿਕ, ਸਮਾਜਿਕ ਤੇ ਸੱਭਿਆਚਾਰਕ ਅਧੋਗਤੀ ਨੂੰ ਅਨੁਭਵ ਕਰ, ਇਸ ਨੂੰ ਦੂਰ ਕਰਨ ਦਾ ਭਰਪੂਰ ਯਤਨ ਕੀਤਾ। ਇਸ ਕਾਰਜ ਨੂੰ ਅਮਲੀ ਜਾਮਾ ਪਹਿਨਾਉਣ ਲਈ ਉਨ੍ਹਾਂ 'ਨਾਨਕ ਨਿਰਮਲ ਪੰਥ' ਦੀ ਆਧਾਰਸ਼ਿਲ੍ਹਾ ਰੱਖੀ। ਇਹ 'ਨਿਰਮਲ ਪੰਥ' ਨਿਰੋਲ ਇਕ ਅਧਿਆਤਮਕ ਲਹਿਰ ਹੀ ਨਹੀਂ ਸੀ, ਸਗੋਂ ਇਹ ਆਦਿ-ਆਰੰਭ ਤੋਂ ਭਗਤੀ-ਸ਼ਕਤੀ ਨੂੰ ਇਕ ਦੂਸਰੇ ਦੀ ਹੋਂਦ ਲਈ ਜ਼ਰੂਰੀ ਮੰਨਦਾ ਹੈ।

ਸਿਧਾਂਤ ਰੂਪ ਵਿਚ ਗੁਰੂ ਨਾਨਕ ਸਾਹਿਬ ਦਾ 'ਬਾਬਰ' ਨੂੰ 'ਜਾਬਰ' ਕਹਿਣਾ, ਇਸ ਦਾ ਪਹਿਲਾ ਪ੍ਰਮਾਣ ਸੀ। ਇਸ ਸਿਧਾਂਤ ਅਨੁਸਾਰ ਹੀ ਸ੍ਰੀ ਗੁਰੂ ਅੰਗਦ ਸਾਹਿਬ, ਬਾਦਸ਼ਾਹ ਹਮਾਯੂੰ ਨੂੰ 'ਤਲਵਾਰ' ਦੀ 'ਸਮੇਂ ਤੇ ਸਥਾਨ' ਅਨੁਸਾਰ ਵਰਤੋਂ ਕਰਨ ਲਈ ਸੁਚੇਤ ਕਰਦੇ ਹਨ।

ਗੁਰਮਤਿ ਵਿਚਾਰਧਾਰਾ ਅਨੁਸਾਰ ਆਤਮਿਕ ਸੁਤੰਤਰਤਾ ਨੂੰ ਸਮਾਜਿਕ ਸੁਤੰਤਰਤਾ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਇਹ ਵਿਚਾਰਧਾਰਾ ਉਸ ਸਮੇਂ ਤੇ ਹੁਣ ਵੀ ਉਨ੍ਹਾਂ ਲੋਕਾਂ ਨੂੰ ਪਸੰਦ ਨਹੀਂ, ਜੋ ਸਿਰਫ਼ ਅੱਖ ਬੰਦ ਕਰ ਕੇ, ਸਮਾਧੀਆਂ ਲਗਾ ਕੇ, ਸਮਾਜਿਕ, ਰਾਜਸੀ, ਧਾਰਮਿਕ ਮੁਸ਼ਕਲਾਂ ਵੱਲੋਂ ਮੂੰਹ ਫੇਰ 'ਭਗਤੀ' ਕਰਨ ਦਾ ਢੌਂਗ ਰਚਦੇ ਹਨ। ਜੇਕਰ ਗੁਰਮਤਿ ਵਿਚਾਰਧਾਰਾ ਵਿਚ ਵੀ ਭਗਤੀ-ਸ਼ਕਤੀ ਨੂੰ ਅਲੱਗ-ਥਲੱਗ ਰੱਖਿਆ ਜਾਂਦਾ ਤਾਂ ਸੰਭਵ ਸੀ ਕਿ ਵਿਚਾਰਧਾਰਾ ਵੀ ਬਾਕੀ ਸੁਧਾਰਕ ਲਹਿਰਾਂ ਵਾਂਗ ਆਪਣੀ ਹੋਂਦ-ਹਸਤੀ ਤੋਂ ਹੱਥ ਧੋ ਬੈਠਦੀ। ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਇਹ ਮਹਿਸੂਸ ਕਰ ਲਿਆ ਸੀ ਕਿ ਜੇਕਰ ਲੋਕਾਂ ਨੂੰ ਧਾਰਮਿਕ-ਸਿਆਸੀ ਜਾਬਰਾਂ-ਜ਼ਾਲਮਾਂ ਤੋਂ ਬੰਧਨ-ਮੁਕਤ ਕਰਾਉਣਾ ਅਤੇ ਉਨ੍ਹਾਂ ਵਿਚ ਆਤਮ-ਵਿਸ਼ਵਾਸ ਭਰਨਾ ਹੈ ਤਾਂ ਹਕੂਮਤ ਦਾ ਡਰ ਮਨ ਤੋਂ ਦੂਰ ਕਰਨਾ ਲਾਜ਼ਮੀ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਇਸ ਮੰਤਵ ਦੀ ਪੂਰਤੀ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਕੀਤੀ, ਜਿਸ ਦਾ ਸਿਧਾਂਤ ਤੇ ਸੁਭਾਉ ਸੰਸਾਰੀ 'ਤਖ਼ਤਾਂ' ਤੋਂ ਨਿਰਾਲਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਨਾਲ ਸਿੱਖ ਕੌਮ ਇਕ ਸੁਤੰਤਰ ਤੇ ਪ੍ਰਭੂਸੱਤਾ ਸੰਪੰਨ ਦੈਵੀ ਗੁਣਾਂ 'ਤੇ ਆਧਾਰਿਤ ਕੌਮ ਦੇ ਰੂਪ ਵਿਚ ਪ੍ਰਗਟ ਹੋਈ।

'ਸ੍ਰੀ ਅਕਾਲ ਤਖ਼ਤ ਸਾਹਿਬ' ਸਿਧਾਂਤ, ਸੰਸਥਾ, ਇਤਿਹਾਸਿਕ ਪਿਛੋਕੜ, ਸਿਰਜਣਾ, ਉਸਾਰੀ, ਗਤੀਵਿਧੀਆਂ ਤੇ ਮਰਯਾਦਾ ਆਦਿ ਵਿਸ਼ਿਆਂ ਸੰਬੰਧੀ ਜੇਕਰ ਵਿਚਾਰ ਕਰਨ ਲੱਗੀਏ ਤਾਂ ਇਹ ਕਾਰਜ ਬਹੁਤ ਵਡੇਰਾ ਹੋਵੇਗਾ। ਕਾਰਨ? ਹਰ ਵਿਸ਼ਾ ਆਪਣੇ ਆਪ ਵਿਚ ਮੁਕੰਮਲ ਮਜ਼ਮੂਨ ਹੈ, ਅਸੀਂ ਕੇਵਲ ਸੰਖੇਪ ਰੂਪ ਵਿਚ ਵਿਚਾਰ ਕਰਨੀ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ 'ਨਾਨਕ ਨਿਰਮਲ ਪੰਥ' ਦੀ 'ਨਿਰਮਲ ਵਿਚਾਰਧਾਰਾ' ਦਾ ਇਕ ਮਹੱਤਵਪੂਰਨ ਪੜਾਅ ਹੈ। ਸਿੱਖ ਧਰਮ ਦੇ ਵਿਕਾਸ ਤੇ ਸਥਾਪਤੀ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੰਸਥਾ ਨੇ ਮੀਲ-ਪੱਥਰ ਦਾ ਕਾਰਜ ਕੀਤਾ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਤੋਂ ਪਹਿਲਾਂ ਸੰਗਤ-ਪੰਗਤ ਤੇ ਗੁਰਦੁਆਰੇ ਦੀਆਂ ਸੰਸਥਾਵਾਂ ਦੀ ਸਿਰਜਣਾ ਹੋ ਚੁੱਕੀ ਸੀ। ਭਾਵੇਂ ਕਿ ਸੰਗਤ-ਪੰਗਤ ਤੇ ਧਰਮਸਾਲ ਦੇ ਸੰਕਲਪ ਦੀ ਸਿਰਜਣਾ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਕੀਤੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਹਰਿਮੰਦਰ ਸਾਹਿਬ ਦੀ ਸਿਰਜਣਾ ਕਰ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ, ਸਿੱਖ ਧਰਮ ਨੂੰ ਵਿਲੱਖਣ ਹੋਂਦ ਹਸਤੀ ਵਾਲੇ ਧਰਮ ਵਜੋਂ ਸਥਾਪਿਤ ਕਰ ਚੁੱਕੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਉਪਰੰਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਗੁਰੂ-ਪਿਤਾ ਦੇ ਆਦੇਸ਼ ਅਨੁਸਾਰ ਗੁਰਿਆਈ ਦੀ ਪਦਵੀ ਧਾਰਨ ਕੀਤੀ ਤੇ ਮੀਰੀ-ਪੀਰੀ ਦੀਆਂ ਕਿਰਪਾਨਾਂ ਧਾਰਨ ਕੀਤੀਆਂ। ਗੁਰਬਿਲਾਸ ਪਾਤਸ਼ਾਹੀ ਛੇਵੀਂ ਦੇ ਕਰਤਾ ਸੋਹਣ ਕਵੀ ਅਨੁਸਾਰ, "ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮਹਾਨ ਉੱਦਮ ਕਰ ਕੇ ਅਕਾਲ ਪੁਰਖ ਦੀ ਆਗਿਆ ਮੁਤਾਬਿਕ ਭਾਈ ਗੁਰਦਾਸ ਤੇ ਬਾਬਾ ਬੁੱਢਾ ਜੀ ਨੂੰ ਨਾਲ ਲੈ ਕੇ ਹਾੜ ਸੁਦੀ ਪੰਚਮੀ, ੧੬੬੩ ਮੁਤਾਬਿਕ ੧੬੦੬ ਈ. ਨੂੰ ਅਕਾਲ ਤਖ਼ਤ ਦੀ ਨੀਂਹ ਰੱਖੀ, ਇਸ ਦੈਵੀ ਤਖ਼ਤ ਦੀ ਉਸਾਰੀ ਵਿਚ ਕਿਸੇ ਮਿਸਤਰੀ ਦੀ ਸਹਾਇਤਾ ਨਹੀਂ ਲਈ ਗਈ, ਸਾਰੀ ਉਸਾਰੀ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਰਾਹੀਂ ਹੀ ਹੋਈ।

*ਹਾੜ ਪੰਚਮੀ ਕੋ ਦਿਨ ਜਾਨ। ਸ੍ਰੀ ਗੁਰੁ ਉਦਮ ਕੀਨ ਮਹਾਨ॥੩੫॥*
*ਗੁਰਦਾਸ ਬੁੱਢੇ ਕੋ ਲੈ ਨਿਜ ਸਾਥ। ਤਖਤ ਅਰੰਭ ਕਰ ਦੀਨਾ ਨਾਥ।...*
*ਕਰ ਅਰਦਾਸ ਸ੍ਰੀ ਸਤਿ ਗੁਰੂ ਪੁਨ ਪ੍ਰਸਾਦਿ ਵਰਤਾਇ॥*
*ਪ੍ਰਿਥਮ ਨੀਂਵ ਸ੍ਰੀ ਗੁਰੁ ਰਖੀ ਅਬਚਲ ਤਖਤ ਸੁਹਾਇ॥੩੮॥*
*ਕਿਸੀ ਰਾਜ ਨਹਿੰ ਹਾਥ ਲਗਾਯੋ। ਬੁੱਢੇ ਔ ਗੁਰਦਾਸ ਬਨਾਯੋ॥*
*(ਸੋਹਣ ਕਵੀ, ਗੁਰਬਿਲਾਸ ਪਾਤਸ਼ਾਹੀ ਛੇਵੀਂ ਪੰਨਾ ੧੫੦-੧੫੧)*

ਇਸ ਤੋਂ ਇਕ ਗੱਲ ਸਪਸ਼ਟ ਹੈ ਕਿ ਸੰਸਥਾਵਾਂ ਦੀ ਸਿਰਜਣਾ ਵਿਚ ਰਾਜ-ਮਿਸਤਰੀ ਜਾਂ ਕਾਰੀਗਰ ਨਹੀਂ, ਬਲਕਿ ਕੌਮ ਦੇ ਬਜ਼ੁਰਗਵਾਰ ਤੇ ਵਿਦਵਾਨ ਵਿਚਾਰਵਾਨ ਸਹਾਈ ਹੁੰਦੇ ਹਨ ਅਤੇ ਸੰਸਥਾਵਾਂ ਦੀ ਸਿਰਜਣਾ ਵਿਚ ਦਿਨ-ਮਹੀਨੇ ਨਹੀਂ, ਸਗੋਂ ਸਦੀਆਂ ਲੱਗ ਜਾਂਦੀਆਂ ਹਨ।

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਹੋਣ 'ਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਸਾ ਦੀ ਵਾਰ ਦੇ ਭੋਗ ਪੈਣ ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਦੀਵਾਨ ਸਜਦੇ, ਜਿੱਥੇ ਸਿੱਖਾਂ ਦੇ ਝਗੜੇ ਨਜਿੱਠੇ ਜਾਂਦੇ ਸਨ। ਇਸ ਤਰ੍ਹਾਂ ਲਾਗਲੇ ਪਿੰਡਾਂ ਦੇ ਲੋਕ ਆਪੋ ਆਪਣੇ ਝਗੜੇ ਨਿਪਟਾਉਣ ਲਈ ਗੁਰੂ ਜੀ ਪਾਸ ਆਉਣ ਲੱਗ ਪਏ।

(ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ,* ਪੰਨਾ ੪੧੧)

ਸ. ਖੁਸ਼ਵੰਤ ਸਿੰਘ ਦੇ ਕਥਨ ਅਨੁਸਾਰ, "ਨੌਜੁਆਨ (ਗੁਰੂ) ਹਰਿਗੋਬਿੰਦ (ਸਾਹਿਬ) ਨੇ ਆਪਣੇ ਪਿਤਾ ਦੀ ਥਾਂ ਲਈ ਤੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ, ਜਿਨ੍ਹਾਂ ਵਿੱਚੋਂ ਇਕ ਅਧਿਆਤਮਿਕ ਤੇ ਦੂਸਰੀ ਰਾਜਸੀ ਸ਼ਕਤੀ ਦੀ ਪ੍ਰਤੀਕ ਸੀ। ਸ੍ਰੀ ਗੁਰੂ

ਹਰਗੋਬਿੰਦ (ਸਾਹਿਬ) ਨੇ ਸਿੱਖਾਂ ਨੂੰ ਕਿਹਾ ਕਿ ਉਹ ਸ਼ਸਤਰਾਂ ਤੇ ਘੋੜਿਆਂ ਦੀਆਂ ਭੇਟਾਵਾਂ ਨੂੰ ਧਨ ਦੀ ਭੇਟਾ ਨਾਲੋਂ ਤਰਜੀਹ ਦੇਣਗੇ। ਉਨ੍ਹਾਂ ਨੇ ਹਰਿਮੰਦਰ ਸਾਹਿਬ ਦੇ ਨਜ਼ਦੀਕ ਹੀ 'ਅਕਾਲ ਤਖ਼ਤ' (ਸਮੇਂ ਤੋ ਸੁਤੰਤਰ ਪਰਮਾਤਮਾ ਦਾ ਤਖ਼ਤ) ਉਸਾਰਿਆ। . . . ਢਾਡੀ ਵਾਰਾਂ ਦਾ ਗਾਇਨ ਸ਼ੁਰੂ ਹੋਇਆ। ਗੁਰੂ ਹਰਿਗੋਬਿੰਦ ਸਾਹਿਬ ਦੇ ਦਰਬਾਰ ਵਿਚ ਦੂਸਰੇ ਰਾਜਿਆਂ ਦੇ ਪ੍ਰਤੀਨਿਧ ਆਉਂਦੇ ਸਨ, ਜਿਨ੍ਹਾਂ ਨੂੰ ਸ਼ਾਹੀ ਸਨਮਾਨ ਦਿੱਤਾ ਜਾਂਦਾ ਸੀ। ਇਸ ਤਰ੍ਹਾਂ ਹੀ ਗੁਰੂ ਜੀ ਵੀ ਆਪਣੇ ਪ੍ਰਤੀਨਿਧ ਦੂਜੇ ਰਾਜਿਆਂ ਪਾਸ ਭੇਜਦੇ ਸਨ"

(ਖੁਸ਼ਵੰਤ ਸਿੰਘ, *ਹਿਸਟਰੀ ਆਫ਼ ਸਿੱਖਜ਼,* ਪੰਨਾ ੬੩-੬੪)

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਬਾਰੇ ਸਿਰਦਾਰ ਕਪੂਰ ਸਿੰਘ ਲਿਖਦੇ ਹਨ, "ਇਹ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਬਣੇ ਤਖ਼ਤਾਂ ਵਿੱਚੋਂ ਸਿੱਖ ਧਰਮ ਦਾ ਪ੍ਰਮੁੱਖ ਸਥਾਨ ਹੈ, ਜਿਸ ਦੀ ਸਥਾਪਨਾ ਛੇਵੇਂ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਉਸ ਵੇਲੇ ਕੀਤੀ, ਜਦੋਂ ਸਿੱਖ ਧਰਮ ਨੇ ਸਪਸ਼ਟ ਰੂਪ ਵਿਚ ਰਾਜਨੀਤੀ ਤੇ ਸਮਾਜਿਕ ਸਮੱਸਿਆਵਾਂ ਬਾਰੇ ਆਦੇਸ਼ ਦੇਣੇ ਆਰੰਭ ਕੀਤੇ। ਇਉਂ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਭਾਰਤ ਦੇ ਮੁਗਲ ਰਾਜ ਨੂੰ ਅਸਵੀਕਾਰ ਕਰ ਕੇ ਸਿੱਖਾਂ ਦੇ ਪ੍ਰਭੂਸੱਤਾ ਸੰਪੰਨ ਹੋਣ ਦਾ ਐਲਾਨ ਕਰ ਦਿੱਤਾ। ਅਠਾਰ੍ਹਵੀਂ, ਉੱਨੀਵੀਂ ਤੇ ਵੀਹਵੀਂ ਸਦੀ ਵਿਚ ਸਿੱਖ ਸੰਗਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਵਿਸ਼ੇਸ਼ ਮੌਕਿਆਂ ਉੱਪਰ ਇਕੱਠੀ ਹੋ ਕੇ ਸਰਬ-ਸੰਮਤੀ ਨਾਲ ਕੌਮੀ ਫ਼ੈਸਲੇ ਲੈਂਦੀ ਰਹੀ, ਜਿਨ੍ਹਾਂ ਦੀ ਪਾਲਣਾ ਕਰਨੀ ਹਰ ਸਿੱਖ ਲਈ ਜ਼ਰੂਰੀ ਮੰਨੀ ਜਾਂਦੀ" (ਡਾ: ਗੁਰਸ਼ਰਨਜੀਤ ਸਿੰਘ {ਅਨੁਵਾਦਕ}, *ਸਿਰਦਾਰ ਕਪੂਰ ਸਿੰਘ ਦੇ ਚੋਣਵੇਂ ਲੇਖ,* ਪੰਨਾ ੩੭)

ਸਿਰਦਾਰ ਕਪੂਰ ਸਿੰਘ ਦੇ ਉਕਤ ਕਥਨ ਤੋਂ 'ਸ੍ਰੀ ਅਕਾਲ ਤਖ਼ਤ ਸਾਹਿਬ' ਦੀ ਸਿਰਜਣਾ, ਸਿਧਾਂਤ ਤੇ ਸੰਸਥਾ ਬਾਰੇ ਕਈ ਨੁਕਤੇ ਸਪਸ਼ਟ ਹੁੰਦੇ ਹਨ। ਜਿਵੇਂ ਤਖ਼ਤ ਦੇ ਕਾਰਜ ਖੇਤਰ ਵਜੋਂ ਇੱਥੇ ਰਾਜਸੀ ਤੇ ਸਮਾਜਿਕ ਸਮੱਸਿਆਵਾਂ ਬਾਰੇ ਆਦੇਸ਼ ਕਰਨੇ, ਮੁਗ਼ਲ ਰਾਜ ਸ਼ਕਤੀ ਨੂੰ ਅਪ੍ਰਵਾਨ ਕਰਦਿਆਂ, ਸਿੱਖਾਂ ਦੇ ਪ੍ਰਭੂਸੱਤਾ ਸੰਪੰਨ ਹੋਣ ਦਾ ਐਲਾਨ ਅਤੇ ਤਿੰਨ-ਚਾਰ ਸਦੀਆਂ ਤੋਂ ਇੱਥੋਂ ਹੁੰਦੇ ਫ਼ੈਸਲਿਆਂ ਨੂੰ ਵਿਸ਼ਵ ਭਰ ਵਿਚ ਰਹਿਣ ਵਾਲਾ ਹਰ ਸਿੱਖ ਮੰਨਦਾ ਹੈ, ਤਖ਼ਤ ਦੇ ਅਧਿਕਾਰ ਖੇਤਰ ਨੂੰ ਦਰਸਾਉਂਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਮੁਗ਼ਲ ਹਕੂਮਤ ਦੇ ਤੁਲ ਸੀ। ਇਹ ਸਮਕਾਲੀ ਮੁਗ਼ਲ ਹਕੂਮਤ ਨੂੰ ਇਕ ਪ੍ਰਤੱਖ ਚੁਣੌਤੀ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦੀ ਉਸਾਰੀ ਮਗਰੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸਿੱਖਾਂ ਵੱਲ ਹੁਕਮਨਾਮੇ ਜਾਰੀ ਕੀਤੇ।

ਸ੍ਰੀ ਅਕਾਲ ਤਖ਼ਤ ਸਮੂਹ ਸਿੱਖਾਂ ਦੀ, ਸਰਬੱਤ ਖ਼ਾਲਸੇ ਦੀ ਇਕ ਸਰਵੋਤਮ ਸੰਸਥਾ ਹੈ। ਇਹ ਸਿੱਖਾਂ ਦੇ ਕਿਸੇ ਇਕ ਭਾਗ ਦੀ ਆਜਾਰਦਾਰੀ ਸੰਸਥਾ ਨਹੀਂ।... ਸ੍ਰੀ ਅਕਾਲ ਤਖ਼ਤ ਦਾ ਕਾਰਜ ਖੇਤਰ ਸਮੂਹ ਸਿੱਖਾਂ ਦੇ ਵਿਸ਼ਵ ਵਿਆਪੀ ਧਾਰਮਿਕ, ਸਮਾਜਿਕ, ਰਾਜਨੀਤਿਕ ਸਰੋਕਾਰਾਂ ਨਾਲ ਹੈ, ਨਾ ਕਿ ਕੇਵਲ ਪੰਜਾਬ ਦੇ ਸਿੱਖਾਂ ਦੇ ਇਕ ਵਰਗ ਅਕਾਲੀਆਂ ਦੇ ਵਕਤੀ ਸਰੋਕਾਰਾਂ ਤਕ ਮਹਿਦੂਦ ਨਹੀਂ। (ਡਾ.ਜਸਬੀਰ ਸਿੰਘ ਆਹਲੂਵਾਲੀਆ, *ਸ੍ਰੀ ਅਕਾਲ ਤਖ਼ਤ ਸਾਹਿਬ,* ਪੰਨਾ ੮੮)

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨੀਂਹ ਰੱਖਣ ਅਤੇ ਪਹਿਲਾ ਹੁਕਮਨਾਮਾ ਜਾਰੀ ਹੋਣ ਬਾਰੇ

ਸੰਖੇਪ ਰੂਪ ਜਾਣਕਾਰੀ ਪੁਰਾਤਨ ਇਤਿਹਾਸਿਕ ਗ੍ਰੰਥਾਂ ਤੋਂ ਮਿਲਦੀ ਹੈ। ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ੧੬੩੫ ਈ. ਵਿਚ ਕਰਤਾਰਪੁਰ ਚਲੇ ਜਾਣ 'ਤੇ ਸ੍ਰੀ ਹਰਿਮੰਦਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਪ੍ਰਿਥੀ ਚੰਦ ਦੇ ਪਰਵਾਰ ਪਾਸ ਆ ਗਿਆ। ੧੬੯੯ ਈ. ਵਿਚ ਖਾਲਸੇ ਦੀ ਸਿਰਜਣਾ ਉਪਰੰਤ ਭਾਈ ਮਨੀ ਸਿੰਘ ਨੂੰ ਖਾਲਸਾ ਪੰਥ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਸੁਚਾਰੂ ਢੰਗ ਨਾਲ ਚਲਾਉਣ ਲਈ ਭੇਜਿਆ।

ਬਿਖੜੇ ਸਮਿਆਂ ਸਮੇਂ ਖ਼ਾਲਸਾ ਪੰਥ ਦੀਵਾਲੀ, ਵੈਸਾਖੀ 'ਤੇ ਸਰਬੱਤ ਖ਼ਾਲਸੇ ਦੇ ਰੂਪ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਮਿਲ ਬੈਠ ਕੇ ਪੰਥਕ ਕਾਰਜ ਕਰਦਾ ਰਿਹਾ। ਸਰਬੱਤ ਖਾਲਸਾ ਜਾਂ ਖਾਲਸਾ ਪੰਥ ਦਾ ਜਨਰਲ ਇਜਲਾਸ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਣ ਦੀ ਪੰਥਕ ਰਵਾਇਤ ਹੈ। ਪੰਥਕ ਰਵਾਇਤ ਅਨੁਸਾਰ ਹੀ ੧੪ ਅਕਤੂਬਰ, ੧੭੪੫ ਈ. ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਰਬੱਤ ਖਾਲਸੇ ਦਾ ਇਕੱਠ ਹੋਇਆ, ਜਿਸ ਵਿਚ ਸਮੁੱਚੀ ਪੰਥਕ ਸ਼ਕਤੀ ਨੂੰ ੨੫ ਜਥਿਆਂ ਵਿਚ ਜਥੇਬੰਦ ਕੀਤਾ ਗਿਆ।

੨੯ ਮਾਰਚ, ੧੭੪੮ ਈ. ਵਿਚ ਹੋਏ ਸਰਬੱਤ ਖਾਲਸੇ ਸਮੇਂ 'ਦਲ ਖਾਲਸੇ' ਦੀ ਸਥਾਪਨਾ ਕੀਤੀ ਗਈ ਤੇ ਸਮੁੱਚੇ ਪੰਥ ਨੂੰ ੧੧ ਮਿਸਲਾਂ ਵਿਚ ਵੰਡਿਆ ਗਿਆ। ੧੨ ਅਪ੍ਰੈਲ, ੧੭੫੯ ਈ. ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮੋਹਰ ਹੇਠ ਖਾਲਸੇ ਜੀ ਵੱਲੋਂ ਹੁਕਮਨਾਮਾ ਜਾਰੀ ਕਰ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਵਾਸਤੇ ੧੨੫ ਰੁਪਏ ਦੀ ਮੰਗ ਕੀਤੀ ਗਈ। (ਡਾ. ਗੰਡਾ ਸਿੰਘ, *ਹੁਕਮਨਾਮੇ,* ਪੰਨਾ ੨੩੨-੩੩)

ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਏ ਹੁਕਮਨਾਮਿਆਂ ਵਿੱਚੋਂ ਸ਼ਾਇਦ ਇਹ ਸਭ ਤੋਂ ਪੁਰਾਤਨ ਪ੍ਰਾਪਤ ਹੁਕਮਨਾਮਾ ਹੈ।

੧੦ ਅਪ੍ਰੈਲ, ੧੭੬੩ ਈ. ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੰਥ ਵੱਲੋਂ ਫ਼ੈਸਲਾ ਕੀਤਾ ਕਿ ਗ਼ਰੀਬ ਬ੍ਰਾਹਮਣ ਦੀ ਫ਼ਰਿਆਦ 'ਤੇ ਉਸ ਦੀ ਪਤਨੀ ਨੂੰ ਕਸੂਰ ਦੇ ਹਾਕਮ ਪਾਸੋਂ ਛੁਡਾਇਆ ਜਾਵੇ।

੫ ਫਰਵਰੀ, ੧੭੬੨ ਈ. ਨੂੰ ਵੱਡਾ ਘੱਲੂਘਾਰਾ ਵਾਪਰਿਆ, ਜਿਸ ਵਿਚ ੨੦ ਤੋਂ ੩੦ ਹਜ਼ਾਰ ਦੇ ਕਰੀਬ ਸਿੱਖ ਬੱਚੇ, ਬਜ਼ੁਰਗ ਤੇ ਨੌਜੁਆਨ ਸ਼ਹੀਦ ਹੋਏ। ਵੱਡੇ ਘੱਲੂਘਾਰੇ ਤੋਂ ਵਾਪਸ ਪਰਤਦਿਆਂ ਅਬਦਾਲੀ ਨੇ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਇਮਾਰਤਾਂ ਨੂੰ ਢਾਹ ਦਿੱਤਾ। ਸਿੱਖਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਥਾਨ 'ਤੇ ਇਕੱਤਰ ਹੋ ਕੇ ਅਬਦਾਲੀ ਤੋਂ ਬਦਲਾ ਲੈਣ ਦਾ ਫ਼ੈਸਲਾ ਕੀਤਾ। ਵਾਪਸ ਜਾਂਦੇ ਅਬਦਾਲੀ 'ਤੇ ਸਿੱਖਾਂ ਨੇ ਹਮਲਾ ਕਰ ਕੇ ਬੁਰੀ ਤਰ੍ਹਾਂ ਉਖੇੜ ਦਿੱਤਾ ਤੇ ਸਿੱਖ ਇਕ ਵਾਰ ਫਿਰ ਪੰਜਾਬ ਦੇ ਹਾਕਮ ਬਣ ਗਏ।

ਜਿਵੇਂ ਕਿ ਅਸੀਂ ਪਹਿਲਾਂ ਵਿਚਾਰ ਕੀਤੀ ਹੈ ਕਿ 'ਤਖ਼ਤ' ਸ਼ਬਦ ਸ਼ਕਤੀ ਦਾ ਪ੍ਰਤੀਕ ਹੈ। ਪ੍ਰਤੱਖ ਤੌਰ 'ਤੇ ਅੱਜ ਵੀ ਜਦ ਅਸੀਂ 'ਗੁਰੂ-ਪੰਥ' ਨਾਲ ਸੰਬੰਧਿਤ ਤਖ਼ਤਾਂ ਦੇ ਦਰਸ਼ਨ ਕਰਦੇ ਹਾਂ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨੰਦੇੜ, ਵਿਖੇ ਉਚੇਚੇ ਤੌਰ 'ਤੇ ਸ਼ਕਤੀ ਦੇ ਪ੍ਰਤੀਕ 'ਸ਼ਸਤਰਾਂ' ਨੂੰ ਸੁੰਦਰ ਢੰਗ ਦੁਆਰਾ ਪ੍ਰਦਰਸ਼ਤ ਕੀਤੇ ਹੋਇਆਂ ਦੇਖਦੇ ਹਾਂ। ਇਨ੍ਹਾਂ 'ਤਖ਼ਤਾਂ' 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼

ਅਲੱਗ ਥਾਵਾਂ 'ਤੇ ਹਨ। ਤਖ਼ਤ ਸ੍ਰੀ ਦਮਦਮਾ ਸਾਹਿਬ, ਜਿਸ ਨੂੰ 'ਗੁਰੂ-ਪੰਥ' ਨੇ ਬਾਅਦ ਵਿਚ 'ਤਖ਼ਤ' ਵਜੋਂ ਮਾਨਤਾ ਪ੍ਰਦਾਨ ਕੀਤੀ, ਉੱਥੇ ਹੀ ਕੇਵਲ ਸ਼ਸਤਰਾਂ ਨੂੰ ਪਹਿਲੇ ਤਖ਼ਤਾਂ ਦੀ ਤਰ੍ਹਾਂ ਪ੍ਰਦਰਸ਼ਿਤ ਨਹੀਂ ਕੀਤਾ ਗਿਆ, ਪਰ ਇਸ ਤਖ਼ਤ ਨੂੰ 'ਗੁਰੂ-ਕਾਸ਼ੀ' ਹੋਣ ਦਾ ਮਾਣ-ਸਤਿਕਾਰ ਹਾਸਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਪਾਵਨ ਧਰਤੀ 'ਤੇ ਬੈਠ ਕੇ ਹੀ ਦੁਬਾਰਾ ਲਿਖਵਾਇਆ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਪਾਵਨ ਬਾਣੀ ਇਸ ਵਿਚ ਅੰਕਿਤ ਕੀਤੀ। ਇਸ ਪਾਵਨ ਅਸਥਾਨ ਤੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਹੱਥੀ-ਲਿਖਣ (ਹੱਥ-ਲਿਖਤ) ਦੀ ਪਿਰਤ ਸਥਾਪਿਤ ਕੀਤੀ।

ਤਖ਼ਤ ਸ੍ਰੀ ਦਮਦਮਾ ਸਾਹਿਬ 'ਤੇ ਵੀ ਕੁਝ ਇਤਿਹਾਸਿਕ ਸ਼ਸਤਰ ਸੁਸ਼ੋਭਿਤ ਹਨ, ਜਿਨ੍ਹਾਂ ਨੂੰ ਸੁੰਦਰ ਅਲਮਾਰੀ ਵਿਚ ਪ੍ਰਦਰਸ਼ਿਤ ਕੀਤਾ ਗਿਆ ਹੈ। ਖ਼ਾਲਸਾ ਪੰਥ ਦੇ ਪੰਜਾਂ ਹੀ ਤਖ਼ਤਾਂ 'ਤੇ ਇਤਿਹਾਸਿਕ ਸ਼ਸਤਰਾਂ ਦੇ ਦਰਸ਼ਨ ਸੰਗਤਾਂ ਨੂੰ ਰੋਜ਼ਾਨਾ ਨੇਮ ਨਾਲ ਕਰਵਾਏ ਜਾਂਦੇ ਹਨ ਅਤੇ ਨਾਲ ਹੀ ਸੰਖੇਪ ਇਤਿਹਾਸ ਦੱਸਿਆ ਜਾਂਦਾ ਹੈ ਤਾਂ ਜੋ ਸਿੱਖ ਸੰਗਤਾਂ ਆਪਣੇ ਗੌਰਵਮਈ ਇਤਿਹਾਸਕ ਵਿਰਸੇ ਤੋਂ ਪ੍ਰੇਰਣਾ ਪ੍ਰਾਪਤ ਕਰ ਮਾਣ ਮਹਿਸੂਸ ਕਰ ਸਕਣ।

ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹੋਰ ਤਖ਼ਤਾਂ ਦਾ ਸਿੱਧਾ ਸੰਬੰਧ ਗੁਰਸਿੱਖਾਂ ਨਾਲ ਹੈ। ਗੁਰਦੁਆਰਾ ਸਾਹਿਬਾਨ ਸਭ ਦੇ ਸਾਂਝੇ ਹਨ, ਗੁਰਦੁਆਰਾ ਸਾਹਿਬਾਨ ਵਿਖੇ ਕਿਸੇ ਸਮੇਂ ਕੋਈ ਵੀ ਬੇ-ਰੋਕ ਟੋਕ ਆ ਸਕਦਾ ਹੈ, ਪਰ ਤਖ਼ਤਾਂ ਦੇ ਖਾਸ ਅਸਥਾਨ ਉੱਤੇ ਕੇਵਲ ਰਹਿਤਵਾਨ ਅੰਮ੍ਰਿਤਧਾਰੀ ਸਿੰਘ (ਸਿੰਘ ਜਾਂ ਸਿੰਘਣੀ) ਹੀ ਚੜ੍ਹ ਸਕਦੇ ਹਨ। ਗੁਰਦੁਆਰਾ ਸਾਹਿਬਾਨ ਵਾਂਗ ਤਖ਼ਤਾਂ 'ਤੇ ਹਰੇਕ ਮਨੁੱਖ ਮਾਤਰ ਦੀ ਅਰਦਾਸ ਬੇਨਤੀ ਹੋ ਸਕਦੀ ਹੈ, ਪਰ ਪਤਿਤ ਤੇ ਤਨਖ਼ਾਹੀਏ ਸਿੱਖ ਦੀ ਅਰਦਾਸ ਨਹੀਂ ਹੋ ਸਕਦੀ।

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਵਿਉਂਤਬੰਦੀ ਸ਼ਾਹੀ ਤਖ਼ਤਾਂ ਵਰਗੀ ਹੈ, ਪਰ ਇਸ ਦਾ ਕਾਰਜ ਖੇਤਰੀ ਨਾ ਹੋ ਕੇ ਸਮੁੱਚਾ ਵਿਸ਼ਵਵਿਆਪੀ ਸਿੱਖ ਭਾਈਚਾਰਾ ਹੈ। ਹਰੇਕ ਤਰ੍ਹਾਂ ਦੇ ਪੰਥਕ ਮਾਮਲਿਆਂ ਦਾ ਅੰਤਮ ਫ਼ੈਸਲਾ ਅਕਾਲ ਤਖ਼ਤ ਸਾਹਿਬ 'ਤੇ ਹੀ ਹੁੰਦਾ ਹੈ। ਕੌਮੀ ਪੱਧਰ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਧਾਰਮਿਕ, ਸਮਾਜਿਕ, ਰਾਜਸੀ ਤੇ ਸੱਭਿਆਚਾਰਕ ਆਦਿ ਮਸਲਿਆਂ ਵਿਚ 'ਗੁਰੂ-ਪੰਥ' ਦੀ ਸਰਬ-ਸਮਰੱਥ ਪ੍ਰਭੂਸੱਤਾ ਸੰਪੰਨ ਸੰਸਥਾ ਹੈ।

ਸਮਾਂ ਭਾਵੇਂ ਮੁਗ਼ਲਾਂ, ਮੁਸਲਮਾਨਾਂ, ਅੰਗਰੇਜ਼ਾਂ ਜਾਂ ਭਾਰਤੀ ਹਾਕਮਾਂ ਦਾ ਹੋਵੇ, ਜਬਰ-ਜ਼ੁਲਮ ਦੇ ਖ਼ਿਲਾਫ਼ ਇੱਥੋਂ ਹੁਕਮ ਪ੍ਰਾਪਤ ਕਰ ਕੇ, ਗੁਰਸਿੱਖ ਮੋਰਚਿਆਂ ਵਿਚ ਗਏ, ਅਕਹਿ ਤੇ ਅਸਹਿ ਤਸੀਹੇ ਪ੍ਰਾਪਤ ਕਰਦੇ ਹੋਏ ਸ਼ਹੀਦ ਹੋਏ, ਜ਼ਮੀਨਾਂ-ਜਾਇਦਾਦਾਂ ਕੁਰਕ ਕਰਵਾਈਆਂ, ਪਰ ਅਕਾਲ ਤਖ਼ਤ ਸਾਹਿਬ ਤੋਂ ਹੋਏ ਹੁਕਮ ਨੂੰ ਪਿੱਠ ਨਹੀਂ ਦਿਖਾਈ। ਅਠਾਰ੍ਹਵੀਂ, ਉੱਨੀਵੀਂ ਤੇ ਵੀਹਵੀਂ ਸਦੀ ਦਾ ਸਮੁੱਚਾ ਸਿੱਖ ਇਤਿਹਾਸ ਅਕਾਲ ਤਖ਼ਤ ਸਾਹਿਬ ਦੇ ਦੁਆਲੇ ਘੁੰਮਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਤੀ, ਅਕਾਲੀ ਲਹਿਰ ਦੀ ਉਤਪਤੀ ਤੇ ਵਿਕਾਸ ਦਾ ਕੇਂਦਰ 'ਸ੍ਰੀ ਅਕਾਲ ਤਖ਼ਤ ਸਾਹਿਬ' ਹੀ ਰਿਹਾ ਹੈ। ਜੇਕਰ ਇਹ ਕਹਿ ਲਿਆ ਜਾਵੇ ਕਿ ਸਿੱਖ ਦੀ ਹੋਂਦ-ਹਸਤੀ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਜੁੜੀ ਹੈ, ਤਾਂ ਇਸ ਵਿਚ ਅਤਿਕਥਨੀ ਨਹੀਂ ਹੋਵੇਗੀ। ਇਤਿਹਾਸ ਵਿਚ ਅਸੀਂ

ਦੇਖਦੇ ਹਾਂ ਕਿ ਜਿਸ ਵੀ ਗੁਰਸਿੱਖ ਅਖਵਾਉਣ ਵਾਲੇ ਨੇ 'ਅਕਾਲ ਤਖ਼ਤ ਸਾਹਿਬ' ਨੂੰ ਪਿੱਠ ਦਿਖਾਈ, ਆਪਣੀ ਹੋਂਦ-ਹਸਤੀ ਤੋਂ ਹੱਥ ਧੋ ਬੈਠਾ।

ਸਿੱਖਾਂ ਦੇ ਪਹਿਲੇ ਬਾਦਸ਼ਾਹ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਉਪਰੰਤ ਸਿੱਖ ਇਤਿਹਾਸ ਦੇ ਵਿਕਾਸ-ਕ੍ਰਮ ਵਿਚ ਕੋਈ ਅਜਿਹੀ ਮਹੱਤਵਪੂਰਨ ਗਤੀਵਿਧੀ ਜਾਂ ਘਟਨਾ ਨਹੀਂ ਮਿਲਦੀ, ਜਿਸ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਮੁੱਖ ਰੋਲ ਨਾ ਹੋਵੇ। ਖ਼ਾਸ ਕਰਕੇ ਅਠਾਰ੍ਹਵੀਂ ਸਦੀ ਦੇ ਪਹਿਲੇ ਦਹਾਕਿਆਂ ਤੋਂ ਲੈ ਕੇ ਵਰਤਮਾਨ ਸਮੇਂ ਤਕ ਹਰ ਕਿਸਮ ਦੇ ਧਾਰਮਿਕ, ਸਮਾਜਿਕ ਤੇ ਰਾਜਸੀ ਵਾਦ-ਵਿਵਾਦਾਂ ਦਾ ਹੱਲ ਅਕਾਲ ਤਖ਼ਤ ਸਾਹਿਬ 'ਤੇ ਹੀ ਹੋਇਆ।

ਜਿਵੇਂ ਕਿ ਉੱਪਰ ਵਿਚਾਰ ਕਰ ਚੁੱਕੇ ਹਾਂ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸੰਬੰਧ ਖ਼ਾਸ ਕਰਕੇ ਸਿੱਖਾਂ ਨਾਲ ਹੈ। ਹਰੇਕ ਸਿੱਖ ਸਦਵਾਉਣ ਵਾਲਾ, ਜੋ ਗੁਰਮਤਿ ਵਿਚਾਰਧਾਰਾ ਅਨੁਸਾਰ ਸਿੱਖੀ ਸਰੂਪ ਦਾ ਧਾਰਨੀ ਹੈ, ਭਾਵੇਂ ਉਹ ਕਿਸੇ ਵੀ ਰਾਜਸੀ ਪਾਰਟੀ ਦੀ ਵਿਚਾਰਧਾਰਾ ਨੂੰ ਮੰਨਦਾ ਹੋਵੇ,'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁਕਮ ਲਾਗੂ ਹੁੰਦਾ ਹੈ। ਸਿੱਖ ਹੋ ਕੇ ਉਹ ਅਕਾਲ ਤਖ਼ਤ ਸਾਹਿਬ ਦੇ ਹੁਕਮ ਦਾ ਵਿਰੋਧ ਨਹੀਂ ਕਰ ਸਕਦਾ। ਇਤਿਹਾਸਿਕ ਤੌਰ'ਤੇ ਅਸੀਂ ਦੇਖਦੇ ਹਾਂ ਕਿ ਵੱਖ-ਵੱਖ ਪਾਰਟੀਆਂ, ਜਥੇਬੰਦੀਆਂ, ਸਭਾ-ਸੁਸਾਇਟੀਆਂ ਨਾਲ ਸੰਬੰਧਿਤ ਗੁਰਸਿੱਖ ਦੇਰ-ਸਵੇਰ ਅਕਾਲ ਤਖ਼ਤ ਸਾਹਿਬ ਦੇ ਹੁਕਮ ਅੱਗੇ ਸਿਰ ਝੁਕਾ ਸੁਰਖ਼ਰੂ ਹੋਏ।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਰਾਜਨੀਤਿਕ ਫ਼ੈਸਲੇ ਲਾਹੌਰ ਹੁੰਦੇ ਸਨ, ਪਰ ਸਿੱਖੀ ਦੇ ਧਾਰਮਿਕ ਫ਼ੈਸਲੇ ਅਕਾਲ ਤਖ਼ਤ ਸਾਹਿਬ 'ਤੇ ਹੁੰਦੇ ਸਨ। ਇੱਥੋਂ ਤਕ ਕਿ ਸਮੇਂ ਦੇ ਬਾਦਸ਼ਾਹ ਮਹਾਰਾਜਾ ਰਣਜੀਤ ਸਿੰਘ ਨੂੰ ਇੱਕ ਦੋਸ਼ ਬਦਲੇ ਅਕਾਲ ਤਖ਼ਤ ਸਾਹਿਬ'ਤੇ ਇਮਲੀ ਦੇ ਦਰੱਖ਼ਤ ਨਾਲ ਬੰਨ੍ਹ ਕੇ ਕੋਰੜੇ ਮਾਰਨ ਦੀ ਧਾਰਮਿਕ ਸਜ਼ਾ ਦਿੱਤੀ ਗਈ, ਜੋ ਉਨ੍ਹਾਂ ਖੁਸ਼ੀ-ਖੁਸ਼ੀ ਪ੍ਰਵਾਨ ਕੀਤੀ।

ਸਿੱਖ ਰਾਜ ਦੇ ਬਾਅਦ ਵੀ ਸਿੱਖੀ ਨਾਲ ਸੰਬੰਧ ਰੱਖਣ ਵਾਲੇ ਬਹੁਤੇ ਫ਼ੈਸਲੇ ਅਕਾਲ ਤਖ਼ਤ ਸਾਹਿਬ'ਤੇ ਹੁੰਦੇ ਰਹੇ। ੧੯੨੦ ਈ. ਵਿਚ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੇ ਅਰੰਭ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਇਮ ਕਰਨ ਲਈ ਪਹਿਲਾ ਹੁਕਮਨਾਮਾ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਹੀ ਜਾਰੀ ਕੀਤਾ।

ਇਤਿਹਾਸ ਇਸ ਗੱਲ ਦੀ ਵੀ ਸ਼ਾਹਦੀ ਭਰਦਾ ਹੈ, ਕਿ ਸਿੱਖ ਵਿਰੋਧੀਆਂ ਨੂੰ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪ੍ਰਭੂਸੱਤਾ ਅੱਗੇ ਇਕ ਸਮੇਂ ਝੁਕਣਾ ਪਿਆ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਵਾ ਦੇਣ ਤੋਂ ਪਿਛੋਂ, ਬਾਦਸ਼ਾਹ ਜਹਾਂਗੀਰ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ 'ਸ੍ਰੀ ਅਕਾਲ ਤਖ਼ਤ ਸਾਹਿਬ' ਦੀ ਸਿਰਜਣਾ ਕਾਰਨ ਹੀ ਧੋਖੇ ਨਾਲ ਦਿੱਲੀ ਬੁਲਾ ਕੇ, ਗਵਾਲੀਅਰ ਦੇ ਕਿਲ੍ਹੇ ਵਿਚ ਬੰਦ ਕਰਨ ਦਾ ਬੱਜਰ ਅਪਰਾਧ ਕੀਤਾ, ਪਰ ਜਦ ਉਸ ਨੂੰ ਕੀਤੇ ਗੁਨਾਹਾਂ ਤੇ 'ਸ੍ਰੀ ਅਕਾਲ ਤਖ਼ਤ ਸਾਹਿਬ' ਦੀ ਦੈਵੀ ਪ੍ਰਭੂਸੱਤਾ ਦਾ ਅਹਿਸਾਸ ਹੋਇਆ ਤਾਂ ਉਸ ਨੇ ਖੁਦ ਮਾਫ਼ੀ ਮੰਗਦਿਆਂ, ਆਪਣੇ ਖਰਚੇ'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਬਣਾਉਣ ਦੀ ਪੇਸ਼ਕਸ਼ ਕੀਤੀ, ਜਿਸ ਨੂੰ ਗੁਰੂ ਜੀ ਨੇ ਠੁਕਰਾ ਦਿੱਤਾ।

ਦੂਸਰੀ ਉਦਾਹਰਨ ਸਾਨੂੰ ਵਰਤਮਾਨ ਸਮੇਂ ਦੀ ਹੀ ਮਿਲਦੀ ਹੈ, ਜਦ ਜੂਨ ੧੯੮੪ ਈ. ਵਿਚ ਸਮੇਂ ਦੀ ਭਾਰਤੀ ਸਰਕਾਰ ਨੇ 'ਅਕਾਲ ਤਖ਼ਤ ਸਾਹਿਬ' ਦੀ ਪਵਿੱਤਰ ਇਤਿਹਾਸਿਕ ਇਮਾਰਤ ਨੂੰ ਬੰਬਾਂ-ਗੋਲਿਆਂ ਨਾਲ ਢਾਹੁਣ ਦਾ ਬੱਜਰ ਗੁਨਾਹ ਕੀਤਾ ਤੇ ਫਿਰ ਪਸ਼ਚਾਤਾਪ ਵਜੋਂ ਦੇਸ਼ ਦੀ ਪ੍ਰਧਾਨ ਮੰਤਰੀ ਦਿੱਲੀਓਂ ਚੱਲ, ਇੱਥੇ ਆਈ ਤੇ ਐਲਾਨ ਕੀਤਾ ਕਿ ਸਰਕਾਰ 'ਅਕਾਲ ਤਖ਼ਤ ਸਾਹਿਬ' ਦੀ ਇਮਾਰਤ ਨੂੰ ਬਣਵਾ ਕੇ ਦੇਵੇਗੀ। ਸਰਕਾਰ ਨੇ ਸਰਕਾਰੀ ਸੇਵਾ ਰਾਹੀਂ ਇਮਾਰਤ ਉਸਾਰ ਵੀ ਦਿੱਤੀ, ਪਰ 'ਗੁਰੂ-ਪੰਥ' ਨੇ ਉਸ ਨੂੰ ਅਪ੍ਰਵਾਨ ਕਰਦੇ ਹੋਏ, ਫਿਰ ਗਿਰਾ ਦਿੱਤਾ।

ਕੌਮ ਨੂੰ ਉਹ ਅਕਾਲ ਤਖ਼ਤ ਪ੍ਰਵਾਨ ਨਹੀਂ ਸੀ ਅਤੇ ਸ਼ਾਇਦ ਕਿਸੇ ਵੀ ਅਣਖੀਲੀ ਕੌਮ ਨੂੰ ਇਹ ਪ੍ਰਵਾਨ ਨਾ ਹੋਵੇ, ਜਿਸ ਵਿਚ ਇਹੋ ਜਿਹੇ ਦਿਹਾੜੀਦਾਰ ਲੱਗੇ ਹੋਣ, ਜਿਨ੍ਹਾਂ ਕੋਲ ਸ਼ਰਧਾ, ਵਿਸ਼ਵਾਸ, ਲਗਨ ਅਤੇ ਇਸ਼ਕ ਦੇ ਸੱਚੇ ਕੌਲ ਇਕਰਾਰ ਨਾ ਹੋਣ।

ਇਤਿਹਾਸ ਇਸ ਗੱਲ ਦੀ ਵੀ ਸ਼ਾਹਦੀ ਭਰਦਾ ਹੈ, ਕਿ ਜਦੋਂ ਵੀ 'ਨਾਨਕ ਨਿਰਮਲ ਪੰਥ' ਦੇ ਦੋਖੀਆਂ ਨੇ 'ਸਿੱਖ ਕੌਮ' ਦਾ ਨਾਮ-ਓ-ਨਿਸ਼ਾਨ ਮਿਟਾਉਣ ਦਾ ਯਤਨ ਕੀਤਾ, ਉਨ੍ਹਾਂ ਸਭ ਦਾ ਪਹਿਲਾ ਨਿਸ਼ਾਨਾ 'ਅਕਾਲ ਤਖ਼ਤ ਸਾਹਿਬ' ਹੀ ਬਣਦਾ ਰਿਹਾ। ਇਸ ਸੰਸਥਾ-ਨੁਮਾ ਸਿਧਾਂਤ ਨੂੰ ਖ਼ਤਮ ਕਰਨ ਲਈ ੧੭੪੬, ੧੭੫੬, ੧੭੬੨.... ਤੇ ਫਿਰ ਜੂਨ ੧੯੮੪ ਈ. ਵਿਚ ਇਸ ਦੀ ਇਮਾਰਤ ਢਾਹ ਕੇ 'ਅਕਾਲ ਤਖ਼ਤ ਸਾਹਿਬ' ਨੂੰ ਖਤਮ ਕਰਨ ਦਾ ਯਤਨ ਕੀਤਾ, ਪਰ ਹਾਕਮ ਸ਼੍ਰੇਣੀਆਂ ਦੇ ਲੋਕ ਭੁੱਲ ਜਾਂਦੇ ਹਨ ਕਿ 'ਅਕਾਲ ਤਖ਼ਤ ਸਾਹਿਬ' ਕੇਵਲ ਇਕ ਇਮਾਰਤ ਦਾ ਹੀ ਨਾਂ ਨਹੀਂ, ਸਗੋਂ ਇਹ ਤਾਂ ਇੱਕ ਪ੍ਰਭੂਸੱਤਾ ਸੰਪੰਨ ਸੰਸਥਾ ਹੈ, ਜਿਸ ਦਾ ਨਿਵਾਸ ਇਸ ਨੂੰ ਮੰਨਣ ਵਾਲੇ ਗੁਰਸਿੱਖਾਂ ਦੇ ਹਿਰਦਿਆਂ ਵਿਚ ਵੀ ਹੈ, ਜਿਸ ਨੂੰ ਨਾ ਮੁਗ਼ਲ, ਨਾ ਮੁਸਲਮਾਨ ਤੇ ਨਾ ਹੀ ਸਮੇਂ ਦੀਆਂ ਸਰਕਾਰਾਂ ਖ਼ਤਮ ਕਰ ਸਕਣਗੀਆਂ।

ਅਕਾਲ ਤਖ਼ਤ ਸਾਹਿਬ ਤੋਂ ਹੀ ਸਮੇਂ-ਸਮੇਂ ਗੁਰੂ-ਘਰ ਦੇ ਵਿਰੋਧੀਆਂ, ਸਮਾਜਿਕ, ਰਾਜਸੀ ਬੇਇਨਸਾਫ਼ੀਆਂ, ਜਬਰ-ਜੁਲਮ ਦੇ ਖ਼ਿਲਾਫ ਤੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਸੁਧਾਰ, ਸਿੱਖੀ ਦੇ ਪ੍ਰਚਾਰ-ਪਸਾਰ ਹਿੱਤ ਸਿੱਖ ਹਿੱਤਕਾਰੀ ਲਹਿਰਾਂ ਉਠਦੀਆਂ ਰਹੀਆਂ।

'ਅਕਾਲ ਤਖ਼ਤ ਸਾਹਿਬ' ਦੇ ਸਿਧਾਂਤ ਤੇ ਇਤਿਹਾਸ ਤੋਂ ਪ੍ਰੇਰਣਾ ਪ੍ਰਾਪਤ ਕਰ, ਅਨੇਕਾਂ ਗੁਰਸਿੱਖ ਖੰਡੇ-ਬਾਟੇ ਦੀ ਪਾਹੁਲ ਪ੍ਰਾਪਤ ਕਰ, ਗੁਰੂ-ਪੰਥ ਨੂੰ ਸਮਰਪਿਤ ਹੋਏ। ਅਜਿਹੇ ਸਮਰਪਣ ਦੀਆਂ ਉਦਾਹਰਨਾਂ ਤਾਂ ਤੀਸਰੇ ਦਹਾਕੇ ਸਮੇਂ ਦੀਆਂ ਵੀ ਮਿਲਦੀਆਂ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਜ਼ਾਦੀ ਲਈ ਨਿਹੱਥੇ ਸਿੰਘਾਂ ਦੇ ਜਥੇ ਤੁਰਿਆ ਕਰਦੇ ਸਨ ਤਾਂ ਅੰਗਰੇਜ਼ ਹਕੂਮਤ ਦੀਆਂ ਡਾਂਗਾਂ ਥੱਕ ਜਾਂਦੀਆਂ ਸਨ, ਪਰ ਲਹੂ-ਲੂਹਾਣ ਹੋਏ ਸਿੰਘ ਫਿਰ ਉਠਦੇ ਸਨ, ਅੱਗੇ ਵਧਦੇ ਸਨ, ਪਰ ਹੱਥ ਨਹੀਂ ਸਨ ਚੁਕਦੇ। ਸੁੱਚੇ ਖ਼ੂਨ ਵਿਚ ਲੱਥ-ਪੱਥ ਇਨ੍ਹਾਂ ਸਿੰਘਾਂ ਦੇ ਜਿਸਮਾਂ ਨੂੰ ਵੇਖ ਕੇ ਇਕ ਦਿਨ ਇਕ ਅੰਗਰੇਜ਼ ਪਾਦਰੀ ਸੀ.ਐਫ. ਐਂਡਰਿਊਜ਼ ਨੇ ਅੱਖਾਂ ਵਿਚ ਅੱਥਰੂ ਲਿਆ ਕੇ ਕਿਹਾ ਸੀ "ਅੱਜ ਮੈਂ ਕਈ ਯੀਸੂ ਮਸੀਹ ਮਰਦੇ (ਸੂਲੀ ਚੜ੍ਹਦੇ) ਵੇਖੇ ਨੇ।

ਅਕਾਲ ਤਖ਼ਤ ਸਾਹਿਬ ਸਮੇਂ ਤੇ ਸਥਾਨ ਦੇ ਪ੍ਰਭਾਵਾਂ ਤੋਂ ਸੁਤੰਤਰ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਪ੍ਰਭੂਸੱਤਾ ਸੰਪੰਨ ਹੋਣ ਕਰਕੇ ਇੱਥੋਂ ਹੋਏ ਹੁਕਮਨਾਮੇ, ਆਦੇਸ਼ ਜਾਂ ਫ਼ੈਸਲੇ ਨੂੰ ਇਸ ਦੇ ਮੰਨਣ ਵਾਲਿਆਂ ਨੇ ਖੁਸ਼ੀ-ਖੁਸ਼ੀ ਪ੍ਰਵਾਨ ਕੀਤਾ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸੁਣਾਈ ਗਈ ਧਾਰਮਿਕ ਸਜ਼ਾ ਦਾ ਅਸਲ ਮਨੋਰਥ 'ਕਿਸੇ ਦੋਸ਼ੀ ਨੂੰ ਦੋਸ਼ੀ ਬਣਾ ਕੇ' ਉਸ ਦਾ ਨਿਰਾਦਰ ਕਰਨਾ ਨਹੀਂ, ਸਗੋਂ ਵਿਅਕਤੀ ਵਿਸ਼ੇਸ਼ ਵਿਚ ਆਈ ਵਕਤੀ ਕਮਜ਼ੋਰੀ, ਸਿਧਾਂਤਕ ਢਿਲਿਆਈ ਨੂੰ ਦੂਰ ਕਰ ਕੇ ਉਸ ਨੂੰ ਮਨ-ਬਚਨ ਕਰਮ ਤੋਂ ਪਵਿੱਤਰ ਬਣਾਉਂਦਿਆਂ, ਚੜ੍ਹਦੀ ਕਲਾ ਦਾ ਜੀਵਨ ਪ੍ਰਦਾਨ ਕਰਨਾ ਹੈ।

ਇਸ ਪਵਿੱਤਰ ਭਾਵਨਾ ਤਹਿਤ ਹੀ ਗੁਰੂ-ਪੰਥ ਵਲੋਂ ਸ. ਸੁਬੇਗ ਸਿੰਘ, ਸ. ਜੱਸਾ ਸਿੰਘ ਰਾਮਗੜ੍ਹੀਆ, ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ, ਪੰਥ-ਰਤਨ ਮਾਸਟਰ ਤਾਰਾ ਸਿੰਘ, ਸੰਤ ਫ਼ਤਹਿ ਸਿੰਘ, ਜਥੇਦਾਰ ਜਗਦੇਵ ਸਿੰਘ ਤਲਵੰਡੀ, ਸਾਬਕਾ ਮੁੱਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ, ਸਾਬਕਾ ਕੇਂਦਰੀ ਮੰਤਰੀ ਬੂਟਾ ਸਿੰਘ, ਨਿਹੰਗ ਮੁਖੀ ਬਾਬਾ ਸੰਤਾ ਸਿੰਘ, ਆਦਿ ਪੰਥਕ ਲੀਡਰਾਂ ਤੇ ਡਾ. ਪਿਆਰ ਸਿੰਘ, ਪਿਸ਼ੌਰਾ ਸਿੰਘ ਆਦਿ ਵਰਗੇ ਸਿੱਖ ਵਿਦਵਾਨਾਂ ਨੂੰ ਤਨਖ਼ਾਹ ਲਾਈ ਗਈ।

ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਧਾਰਮਿਕ-ਸਮਾਜਿਕ ਅਵੱਗਿਆ ਕਰਨ ਵਾਲੇ ਗੁਰਸਿੱਖ ਨੂੰ ਕੇਵਲ ਤਨਖ਼ਾਹ ਹੀ ਨਹੀਂ ਲਾਈ ਜਾਂਦੀ, ਸਮੇਂ-ਸਮੇਂ ਗੁਰੂ-ਪੰਥ ਨੂੰ ਸਮਰਪਿਤ ਵਿਦਵਾਨ ਲੇਖਕਾਂ, ਪੰਥਕ ਧਾਰਮਿਕ ਸ਼ਖਸੀਅਤਾਂ ਨੂੰ ਵਿਸ਼ੇਸ਼ ਮਾਣ-ਸਨਮਾਨ ਤੇ ਪਦਵੀਆਂ ਵੀ ਪ੍ਰਦਾਨ ਹੁੰਦੀਆਂ ਰਹੀਆਂ, ਜਿਨ੍ਹਾਂ ਬਾਰੇ ਆਮ ਲੋਕਾਂ ਨੂੰ ਬਹੁਤ ਘੱਟ ਜਾਣਕਾਰੀ ਹੈ। ਮਿਲਦੀ ਜਾਣਕਾਰੀ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਥ ਦੇ ਪ੍ਰਸਿੱਧ ਕਵੀ, ਵਿਦਵਾਨ ਲੇਖਕ ਭਾਈ ਸੰਤੋਖ ਸਿੰਘ, ਪੰਥ ਦੇ ਬੇਤਾਜ ਬਾਦਸ਼ਾਹ ਬਾਬਾ ਖੜਕ ਸਿੰਘ, ਭਾਈ ਸਾਹਿਬ ਭਾਈ ਰਣਧੀਰ ਸਿੰਘ, ਭਾਈ ਸਾਹਿਬ ਭਾਈ ਹਰਿਭਜਨ ਸਿੰਘ ਯੋਗੀ (ਅਮਰੀਕਾ), ਸ. ਦੀਦਾਰ ਸਿੰਘ (ਬੈਂਸ) (U.S.A.), ਡਾ. ਰਘਬੀਰ ਸਿੰਘ (ਬੈਂਸ), ਤੇ ਸਰਦਾਰ ਕਪੂਰ ਸਿੰਘ ਆਦਿ ਨਾਮਵਰ ਸ਼ਖ਼ਸੀਅਤਾਂ ਨੂੰ ਅਕਾਲ ਤਖ਼ਤ ਸਾਹਿਬ ਤੋਂ ਮਾਣ-ਸਨਮਾਨ ਪ੍ਰਾਪਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ, ਪਰ ਇਨ੍ਹਾਂ ਸ਼ਖ਼ਸੀਅਤਾਂ ਨੂੰ ਕਦੋਂ, ਕਿਸ ਕਰਕੇ ਤੇ ਕਿਸ ਤਰ੍ਹਾਂ ਸਨਮਾਨਿਤ ਕੀਤਾ ਗਿਆ, ਆਮ ਆਦਮੀ ਨੂੰ ਜਾਣਕਾਰੀ ਨਹੀਂ। ਭਾਈ ਸੰਤੋਖ ਸਿੰਘ ਜੀ, ਜਦ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਅੰਤਮ ਯਾਤਰਾ 'ਤੇ ਆਏ, ਤਾਂ ਕਵੀ ਜੀ ਗ੍ਰੰਥ ਸੰਪੂਰਨ ਕਰ ਕੇ ਆਪਣੇ ਲੜਕੇ ਬਲਦੇਵ ਸਿੰਘ ਤੇ ਪਰਿਵਾਰ ਸਮੇਤ ਸ੍ਰੀ ਅੰਮ੍ਰਿਤਸਰ ਆਏ। ਆ ਕੇ ਆਪਣਾ ਗ੍ਰੰਥ ਗਿਆਨੀ ਗੁਰਮੁਖ ਸਿੰਘ (ਜੋ ਗਿਆਨੀ ਸੰਤਾ ਸਿੰਘ ਦੇ ਸਪੁੱਤਰ ਸਨ) ਦੀ ਮਾਰਫਤ 'ਅਕਾਲ ਬੁੰਗੇ' (ਅਕਾਲ ਤਖ਼ਤ ਸਾਹਿਬ) ਪੇਸ਼ ਕੀਤਾ। ਇਸ ਗ੍ਰੰਥ ਪਰ ਆਪ ਨੂੰ ਤਖ਼ਤ ਸਾਹਿਬ ਵਲੋਂ ਸਨਮਾਨ ਪ੍ਰਾਪਤ ਹੋਇਆ।

ਇਹੋ ਸੰਖੇਪ ਜਿਹੀ ਜਾਣਕਾਰੀ ਭਾਈ ਸੰਤੋਖ ਸਿੰਘ ਜੀ ਨੂੰ ਅਕਾਲ ਤਖ਼ਤ ਸਾਹਿਬ ਤੋਂ ਸਨਮਾਨਿਤ ਹੋਣ ਸਬੰਧੀ ਪ੍ਰਾਪਤ ਹੁੰਦੀ ਹੈ। ਭਾਈ ਸੰਤੋਖ ਸਿੰਘ ਜੀ ਨੇ ਗੁਰ ਪ੍ਰਤਾਪ ਸੂਰਜ ਗ੍ਰੰਥ ਸੰਮਤ ੧੯੦੦ (ਜੁਲਾਈ, ੧੮੪੪ ਈ.) ਦੇ ਸਾਵਣ ਮਹੀਨੇ ਵਿਚ ਸੰਪੂਰਨ

ਕੀਤਾ ਤੇ ਤਿੰਨ ਕੁ ਮਹੀਨੇ ਪਿੱਛੋਂ ਅਕਾਲ ਚਲਾਣਾ ਕਰ ਗਏ। ਇਸ ਹਿਸਾਬ ਨਾਲ ਉਨ੍ਹਾਂ ਨੂੰ ੧੯੪੪ ਈ. ਦੇ ਨੇੜੇ-ਤੇੜੇ ਸਨਮਾਨਿਤ ਕੀਤਾ ਗਿਆ ਹੋਵੇਗਾ। ਇਸ ਤੋਂ ਵਧੇਰੇ ਜਾਣਕਾਰੀ ਪ੍ਰਾਪਤ ਨਹੀਂ ਹੋ ਸਕੀ, ਪਰ ਇੱਕ ਗੱਲ ਸਪਸ਼ਟ ਹੈ ਕਿ ਵਿਦਵਾਨਾਂ, ਇਤਿਹਾਸਕਾਰਾਂ, ਲੇਖਕਾਂ ਆਦਿ ਨੂੰ ਸਨਮਾਨਿਤ ਕਰਨ ਦੀ ਪਿਰਤ ਪਹਿਲਾਂ ਤੋਂ ਹੀ ਸਥਾਪਤ ਸੀ।

ਇਸੇ ਤਰ੍ਹਾਂ 'ਨੈਸ਼ਨਲ ਪ੍ਰੋਫ਼ੈਸਰ ਆਫ਼ ਸਿੱਖਇਜ਼ਮ' ਦੀ ਪਦਵੀ ਨਾਲ ਸਨਮਾਨਿਤ ਸਿਰਦਾਰ ਕਪੂਰ ਸਿੰਘ ਦੇ ਸਨਮਾਨ ਸੰਬੰਧੀ ਜਾਣਕਾਰੀ, ਉਨ੍ਹਾਂ ਦੀਆਂ ਲਿਖਤਾਂ ਤੇ ਉਨ੍ਹਾਂ ਸੰਬੰਧੀ ਲਿਖਤਾਂ 'ਚੋਂ ਵੀ ਪ੍ਰਾਪਤ ਨਹੀਂ ਹੁੰਦੀ। ਜੇਕਰ ਥੋੜ੍ਹੀ-ਬਹੁਤੀ ਜਾਣਕਾਰੀ ਮਿਲਦੀ ਹੈ ਤਾਂ ਉਹ ਸਮਕਾਲੀ ਅਖ਼ਬਾਰਾਂ 'ਚੋਂ। ਰੋਜ਼ਾਨਾ ਅਜੀਤ ਵਿਚ ਪ੍ਰਕਾਸ਼ਿਤ ਖ਼ਬਰ ਤੇ ਸੰਪਾਦਕੀ ਲੇਖ ਤੋਂ ਸਾਨੂੰ ਨਿਮਨਲਿਖਤ ਜਾਣਕਾਰੀ ਪ੍ਰਾਪਤ ਹੋ ਸਕੀ ਹੈ:

"੧੩ ਅਕਤੂਬਰ, ੧੯੭੩ ਨੂੰ ਸਵੇਰੇ ੭ ਵਜੇ ਸਿਰਦਾਰ ਕਪੂਰ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਥੇਦਾਰ ਸਾਹਿਬ ਗਿਆਨੀ ਸਾਧੂ ਸਿੰਘ ਭੌਰਾ ਵਲੋਂ 'ਨੈਸ਼ਨਲ ਪ੍ਰੋਫ਼ੈਸਰ ਆਫ਼ ਸਿੱਖਇਜ਼ਮ' ਦੀ ਪਦਵੀ ਪ੍ਰਦਾਨ ਕੀਤੀ ਗਈ। ਇਸ ਪਦਵੀ ਦੀ ਲਿਖਤ ਚਾਂਦੀ ਦੇ ਸੁਨਹਿਰੀ ਚੌਖਟੇ ਵਾਲੇ ਪੱਤਰੇ'ਤੇ ਹੈ। ਇਸ ਪਦਵੀ ਦੇ ਨਾਲ ਉਨ੍ਹਾਂ ਨੂੰ ਕਿਰਪਾਨ ਤੇ ਸਿਰੋਪਾ ਵੀ ਦਿੱਤਾ ਗਿਆ। ਸ਼ਾਮ ਨੂੰ ੪ ਵਜੇ ਗੁਰੂ ਨਾਨਕ ਨਿਵਾਸ ਦੇ ਹਾਲ ਵਿਚ ਉਨ੍ਹਾਂ ਦਾ ਸਵਾਗਤ ਤੇ ਸਨਮਾਨ ਕੀਤਾ ਗਿਆ ਤੇ ਸ਼ਾਨਦਾਰ ਚਾਹ-ਪਾਰਟੀ ਦਿੱਤੀ ਗਈ।"

ਇਸ ਮੌਕੇ'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਸੰਖੇਪ ਜਿਹੀ ਤਕਰੀਰ ਕਰਦੇ ਹੋਏ ਦੱਸਿਆ ਕਿ ਵਿਦਵਾਨਾਂ ਨੂੰ ਸਨਮਾਨਣ ਦੀ ਪਰੰਪਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਚਲਾਈ ਹੋਈ ਹੈ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਨ੍ਹਾਂ ਦੇ ਪੂਰਨਿਆਂ'ਤੇ ਚੱਲਦੇ ਹੋਏ ਹੀ ਇਹ ਫ਼ੈਸਲਾ ਕੀਤਾ ਹੈ।

ਇਸ ਤੋਂ ਇਲਾਵਾ ਬਹੁਤ ਹੀ ਮਹੱਤਤਾ ਵਾਲੇ ਧਾਰਮਿਕ-ਸਮਾਜਿਕ ਫ਼ੈਸਲੇ ਸਮੇਂ-ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਲਏ ਗਏ,ਜਿਵੇਂ ਗੁਰਬਾਣੀ ਦੀ ਸ਼ੁਧਤਾ ਤੇ ਇਕਸਾਰਤਾ; ਗੁਰਦੁਆਰਿਆਂ ਦੇ ਸੁਚਾਰੂ ਪ੍ਰਬੰਧ; ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਇਮੀ; ਗੁਰਬਾਣੀ ਦੀ ਛਪਾਈ; ਸੰਸਾਰ ਸਿੱਖ ਸੰਮੇਲਨ; ਵਿਸ਼ਵ ਸਿੱਖ ਸੰਮੇਲਨ; ਸੰਗਤ-ਪੰਗਤ; ਮੈਰਿਜ ਪੈਲਸਾਂ, ਮੜ੍ਹੀਆਂ, ਕਬਰਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਸੰਬੰਧੀ; ਸ੍ਰੀ ਹਰਿਮੰਦਰ ਸਾਹਿਬ'ਚ ਸੇਵਾ; ਜਾਤ-ਪਾਤ; ਭਰੂਣ ਹੱਤਿਆ; ਨਿਤਨੇਮ ਦੀਆਂ ਬਾਣੀਆਂ; ਗੁਰੂ-ਡੰਮ ਆਦਿ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੰਸਥਾ ਸਿੱਖ ਸਿਧਾਂਤਾਂ, ਪਰੰਪਰਾ ਤੇ ਮਰਯਾਦਾ ਅਨੁਸਾਰ ਨਿਰੰਤਰ ਕਾਰਜ਼ਸ਼ੀਲ ਹੈ।

ਗੁਰੂ ਕਿਰਪਾ ਕਰੇ ਅਸੀਂ ਗੁਰਸਿੱਖ ਹੋਣ ਦੇ ਮਾਣ ਨੂੰ ਮਾਣਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਤੇ ਪਵਿਤਰਤਾ ਨੂੰ ਕਾਇਮ ਰੱਖਣ ਵਿਚ ਸਹਿਯੋਗੀ ਹੋ ਸਕੀਏ। ■

# ਮੀਰੀ ਪੀਰੀ: ਚਿੰਤਨਸ਼ੀਲ ਪੱਖ

*-ਡਾ. ਵਜ਼ੀਰ ਸਿੰਘ*

ਮੀਰੀ ਤੇ ਪੀਰੀ ਦੇ ਪ੍ਰਤੀਕ ਸਿੱਖ ਪਰੰਪਰਾ ਅਤੇ ਸਿੱਖ ਮਾਨਸਿਕਤਾ ਵਿਚ ਡੂੰਘੀ ਤਰ੍ਹਾਂ ਰਚੇ ਹੋਏ ਹਨ। ਇਨ੍ਹਾਂ ਪ੍ਰਤੀਕਾਂ ਦੀ ਇਤਿਹਾਸਿਕ ਮਹੱਤਤਾ ਵੀ ਹੈ ਅਤੇ ਸਿਧਾਂਤਕ ਮਹਾਨਤਾ ਵੀ। ਮੀਰੀ ਤੇ ਪੀਰੀ ਦੇ ਪ੍ਰਗਟ ਹੋਣ ਦਾ ਸੰਬੰਧ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨਾਲ ਜੁੜਦਾ ਹੈ, ਜੋ ਕਿ ਸਿੱਖ ਧਰਮ ਦੀ ਪਹਿਲੀ ਸ਼ਹਾਦਤ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਲਾਏ ਨਿਰਮਲ ਪੰਥ ਨੂੰ ਇੱਕ ਸੌ ਸਾਲ ਹੀ ਬੀਤੇ ਸਨ ਕਿ ਪੰਜਵੇਂ ਗੁਰੂ ਸਾਹਿਬ ਨੂੰ ਜੀਵਨ ਦਾ ਬਲੀਦਾਨ ਦੇਣਾ ਪਿਆ। ਇੱਥੋਂ ਸਪਸ਼ਟ ਸੰਕੇਤ ਮਿਲਦਾ ਹੈ ਕਿ ਸਿੱਖ ਲਹਿਰ ਦਾ ਉਭਾਰ ਸਮਕਾਲੀਨ ਰਾਜਸੀ ਸੱਤਾ ਵਿਸ਼ੇਸ਼ ਕਰਕੇ ਜਹਾਂਗੀਰ ਦੇ ਕੱਟੜ-ਪੰਥੀ ਦਰਬਾਰੀਆਂ ਤੇ ਨਵਾਬਾਂ ਨੂੰ ਵੰਗਾਰ ਦੇ ਰੂਪ ਵਿਚ ਖਟਕਦਾ ਸੀ। ਸ਼ਹੀਦੀ ਦੇ ਕਾਰਨਾਮੇ ਰਾਹੀਂ ਗੁਰੂ ਸਾਹਿਬ ਨੇ ਇਕ ਬੇਮਿਸਾਲ ਕਾਰਜ ਕਰ ਦਿਖਾਇਆ, ਜਿਸ ਦਾ ਸਿੱਖ ਲਹਿਰ ਉੱਤੇ ਅਤਿ ਡੂੰਘਾ ਤੇ ਅਮਿੱਟ ਪ੍ਰਭਾਵ ਪਿਆ ਅਤੇ ਜਿਸ ਨੇ ਸਿੱਖੀ ਦਾ ਰੰਗ-ਰੂਪ ਹੀ ਬਦਲ ਦਿੱਤਾ।

ਸ੍ਰੀ ਗੁਰੂ ਨਾਨਕ ਸਾਹਿਬ ਤੋਂ ਸ੍ਰੀ ਗੁਰੂ ਅਰਜਨ ਸਾਹਿਬ ਤਕ ਗੁਰੂ-ਘਰ ਸਹਿਣਸ਼ੀਲਤਾ, ਸ਼ਾਂਤੀ ਤੇ ਸਾਧੂ-ਬਿਰਤੀ ਦਾ ਪ੍ਰਤੀਕ ਰਿਹਾ ਸੀ। ਪੰਜਵੇਂ ਗੁਰੂ ਦੀ ਸ਼ਹੀਦੀ ਤੋਂ ਉਪਰੰਤ ਪ੍ਰਤੀਕ ਬਦਲਣੇ ਅਰੰਭ ਹੋ ਗਏ। 'ਮਾਲਾ' ਦੇ ਨਾਲ-ਨਾਲ 'ਤਲਵਾਰ' ਗੁਰੂ-ਘਰ ਦੀ ਵਿਰਾਸਤ ਵਿਚ ਦਾਖ਼ਲ ਹੋ ਗਈ, 'ਸੰਤ' ਦੇ ਨਾਲ 'ਸਿਪਾਹੀ' ਦਾ ਚਿੰਨ੍ਹ ਸਿੱਖੀ ਦਾ ਨਿਸ਼ਾਨ ਬਣ ਗਿਆ। ਹਾਲਾਤ ਦੀ ਵੰਗਾਰ ਨੇ ਸਿੱਖ ਭਾਈਚਾਰੇ ਨੂੰ ਨਵੀਆਂ ਸੇਧਾਂ ਅਪਣਾਉਣ ਲਈ ਮਜ਼ਬੂਰ ਕਰ ਦਿੱਤਾ। ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਅਗਵਾਈ ਹੇਠਾਂ ਸਿੱਖਾਂ ਨੇ ਫੌਜੀ ਬਣਤਰ ਦੀ ਜਥੇਬੰਦੀ ਧਾਰਨ ਕਰ ਲਈ। ਸੂਰਮਗਤੀ ਸਿੱਖ ਦਾ ਨਵਾਂ ਪ੍ਰਤੀਕ ਬਣ ਕੇ ਉਭਰੀ, ਸਿੱਖ ਦੀ ਜੀਵਨ-ਸ਼ੈਲੀ ਵਿਚ ਸ਼ਸਤਰ ਦੀ ਸਿਖਲਾਈ, ਘੋੜ-ਸਵਾਰੀ ਤੇ ਜਿਸਮਾਨੀ ਕਲਚਰ ਸੁਭਾਵਕ ਹੀ ਸ਼ਾਮਲ ਹੋ ਗਏ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਬਾਣਾ, ਸ਼ਿਕਾਰ ਖੇਡਣ ਵਿਚ ਰੁਚੀ ਤੇ ਸ਼ਹਿਜ਼ਾਦਿਆਂ ਵਾਲਾ ਠਾਠ-ਬਾਠ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਨਾਲੋਂ ਵੱਖਰੀ ਨੁਹਾਰ ਦੇ ਸਨ। 'ਪੰਜਾਹ ਸਾਖੀਆਂ' ਖਰੜੇ ਅਨੁਸਾਰ, ਜਦੋਂ ਮਰਾਠਾ ਸਾਧੂ ਰਾਮਦਾਸ ਨੇ ਗੁਰੂ ਸਾਹਿਬ ਨੂੰ ਪੁੱਛਿਆ, "ਤੁਸੀਂ ਕਿਸ ਤਰ੍ਹਾਂ ਦੇ 'ਸਾਧੂ' ਹੋ?"-- ਤਾਂ ਗੁਰੂ ਜੀ ਦਾ ਉੱਤਰ ਸੀ: "ਅੰਦਰੋਂ ਸਾਧੂ-ਸੁਭਾ ਤੇ ਬਾਹਰੋਂ ਸ਼ਹਿਜ਼ਾਦਾ।"

ਹਥਿਆਰ ਦੀਨ-ਦੁਖੀ ਦੀ ਰੱਖਿਆ ਲਈ ਤੇ ਜ਼ਾਲਮ ਦੇ ਨਾਸ਼ ਲਈ ਹਨ। ਬਾਬਾ ਨਾਨਕ ਨੇ ਸੰਸਾਰ ਨਹੀਂ ਤਿਆਗਿਆ ਸੀ, ਇਸ ਦੇ ਲੋਭ-ਲਾਲਸਾ ਤੋਂ ਉੱਪਰ ਉੱਠਣ ਦਾ ਰਾਹ ਦਰਸਾਇਆ ਸੀ।

ਗਿਆਰ੍ਹਾਂ ਸਾਲ ਦੀ ਆਯੂ ਵਿਚ ਗੁਰ-ਗੱਦੀ ਦੀ ਜ਼ਿੰਮੇਦਾਰੀ-ਸੰਭਾਲਣ ਸਮੇਂ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ 'ਮੀਰੀ' ਦੀਆਂ ਦੋ ਤਲਵਾਰਾਂ, ਖੱਬੇ ਅਤੇ ਸੱਜੇ ਮੋਢਿਆਂ ਤੋਂ ਪਹਿਨ ਕੇ, ਸਿੱਖਾਂ ਨੂੰ ਇਹ ਨਿਸ਼ਚਾ ਕਰਾਇਆ ਕਿ 'ਗੁਰੂ' ਕੇਵਲ ਆਤਮਿਕ ਰਾਹਬਰ (ਪੀਰ) ਹੀ ਨਹੀਂ, ਸੰਸਾਰਕ ਜੀਵਨ ਦਾ ਆਗੂ ਤੇ ਧਰਮ-ਰੱਖਿਅਕ ਵੀ ਹੈ। ਉਹ ਸੱਚਾ ਵੀ ਹੈ, ਪਾਤਸ਼ਾਹ ਵੀ। ਉਹ ਗੁਰ-ਗੱਦੀ ਦਾ ਵਾਰਸ ਹੈ ਤੇ ਨਾਲ ਹੀ ਤਖਤ ਦਾ ਅਧਿਕਾਰੀ ਹੈ। ਜੋ 'ਤਖਤ' ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸਿਰਜਿਆ, ਉਸ ਦਾ ਨਾਮ ਅਕਾਲ (ਸਦੀਵੀ ਹਸਤੀ) ਨਾਲ ਜੋੜ ਕੇ ਦੁਨਿਆਵੀ ਸ਼ਾਹਾਂ ਦੇ ਤਖਤਾਂ ਨਾਲੋਂ ਨਿਖੇੜ ਦਿੱਤਾ। ਇਸ 'ਅਕਾਲ ਤਖਤ' ਦੇ ਦਾਲਾਨ ਵਿਚ ਤੇਗ ਚਲਾਉਣ ਦਾ ਹੁਨਰ ਸਿਖਾਇਆ ਜਾਂਦਾ, ਦਲੇਰੀ ਤੇ ਸਾਹਸ ਦੀ ਭਾਵਨਾ ਭਰੀ ਜਾਂਦੀ, ਯੋਧਿਆਂ ਤੇ ਸੂਰਮਿਆਂ ਦੀਆਂ 'ਵਾਰਾਂ' ਗਾਈਆਂ ਜਾਂਦੀਆਂ। ਸਿੱਖੀ ਦੇ ਘੇਰੇ ਵਿਚ ਉਹ ਜਾਤੀਆਂ ਵੀ ਸ਼ਾਮਲ ਹੋ ਗਈਆਂ ਜੋ ਬਾਹੂ-ਬਲ ਨੂੰ ਪਹਿਲ ਦਿੰਦੀਆਂ ਸਨ।

ਸਿੱਖੀ ਦੀ ਇਹ ਨਵੀਂ ਸੇਧ 'ਨਵੀਂ' ਹੋਣ ਦੇ ਬਾਵਜੂਦ ਗੁਰੂ-ਘਰ ਦੀ ਭਾਵਨਾ ਦੇ ਅਨੁਕੂਲ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਬਾ ਬੁੱਢਾ ਜੀ ਦੀ ਨਿਗਰਾਨੀ ਵਿਚ ਸ੍ਰੀ (ਗੁਰੂ) ਹਰਿਗੋਬਿੰਦ ਸਾਹਿਬ ਨੂੰ ਸ਼ਾਸਤਰ ਤੇ ਸ਼ਸਤਰ ਦੋਹਾਂ ਦੀ ਵਿੱਦਿਆ ਦੁਆਈ ਸੀ। ਉਨ੍ਹਾਂ ਦੀ ਨੀਝ ਨੇ ਭਾਂਪ ਲਿਆ ਸੀ ਕਿ ਫੌਜੀ ਹੁਨਰ ਭਵਿੱਖ ਦੀ ਲੋੜ ਹੈ। ਦਲੇਰੀ ਦਾ ਗੁਣ ਆਤਮਿਕ ਤੇ ਦੁਨਿਆਵੀ ਜੀਵਨ ਵਿਚ ਇੱਕੋ-ਜਿਹਾ ਲੁੜੀਂਦਾ ਹੈ *ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ* ਦਾ ਸਬਕ ਸਿੱਖ ਦੀ ਜੀਵਨ-ਜਾਚ ਲਈ ਅਨਿਵਾਰੀ ਹੈ। ਪੱਤ ਤੇ ਸਵੈਮਾਣ ਨਾਲ ਜਿਊਣ ਦੀ ਚਿਤਾਵਨੀ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਮਿਲ ਰਹੀ ਸੀ- *ਜਿਨ ਜੀਵੰਦਿਆ ਪਤਿ ਨਹੀ ਮੁਇਆ ਮੰਦੀ ਸੋਇ॥*

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਨੈਤਿਕ-ਆਤਮਿਕ ਜੀਵਨ ਦੀਆਂ ਜਿਨ੍ਹਾਂ ਕਦਰਾਂ-ਕੀਮਤਾਂ ਉੱਤੇ ਜੀਵਨ-ਭਰ ਪਹਿਰਾ ਦਿੱਤਾ, ਉਨ੍ਹਾਂ ਹਿੱਤ ਹੀ ਜੀਵਨ ਦਾ ਬਲੀਦਾਨ ਦੇ ਕੇ ਆਪਣੇ ਸੰਗ-ਸਾਥ ਤੇ ਭਵਿੱਖ ਦੀਆਂ ਪੀੜ੍ਹੀਆਂ ਨੂੰ ਸਮਝਾ ਗਏ ਕਿ ਜ਼ੁਲਮ-ਜ਼ਬਰ ਤੇ ਅਨਿਆਂ ਦਾ ਹਰ ਹੀਲੇ ਟਾਕਰਾ ਕਰਨ ਦੀ ਲੋੜ ਹੈ। ਉਨ੍ਹਾਂ ਦੀ ਸ਼ਹੀਦੀ ਸ਼ਹਿਣਸ਼ੀਲਤਾ ਦੀ ਸਿਖਰ ਸੀ, ਇਸ ਤੋਂ ਅਗੇਰੇ ਸ਼ਮਸ਼ੀਰ ਖੜੀ ਕਰਨ ਤੋਂ ਸਿਵਾ ਕੋਈ ਚਾਰਾ ਨਹੀਂ ਸੀ ਰਹਿ ਗਿਆ। ਵਿਰੋਧੀਆਂ ਦੀ ਵੰਗਾਰ ਸਮੁੱਚੀ ਸਿੱਖ ਬਰਾਦਰੀ ਦੀ ਹੋਂਦ ਤੇ ਹਸਤੀ ਨੂੰ ਸੀ। ਜੇ ਇਸ ਵੰਗਾਰ ਅੱਗੇ ਝੁਕ ਜਾਂਦੇ ਤਾਂ ਪੰਜ ਗੁਰੂਆਂ ਦੀ ਸੌ ਸਾਲਾਂ ਦੀ ਘਾਲਣਾ ਵਿਅਰਥ ਚਲੀ ਜਾਂਦੀ। ਪਰ ਜੇ ਵੰਗਾਰ ਨੂੰ ਕਬੂਲ ਕੇ ਡਟ ਗਏ, ਜਿਵੇਂ ਕਿ ਸਿੱਖ ਭਾਈਚਾਰੇ ਨੇ ਛੇਵੇਂ ਗੁਰੂ ਦੀ ਕਮਾਨ ਹੇਠਾਂ ਕੀਤਾ, ਤਾਂ *ਹਾਰ ਨਹੀਂ ਸਭ ਜੇਤੈ* ਦੀ ਭਾਵਨਾ ਅਨੁਸਾਰ ਸਮੁੱਚੇ ਭਾਈਚਾਰੇ ਨੂੰ ਸੁਰਜੀਤ ਕਰ ਗਏ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਅਗਵਾਈ ਹੇਠਾਂ ਸਿੱਖਾਂ ਨੇ ਜੂਝਣ ਦਾ ਰਾਹ ਅਪਣਾਇਆ। ਸ੍ਰੀ ਗੁਰੂ ਅਰਜਨ ਦੇਵ ਦੀ ਸ਼ਹਾਦਤ ਸਿੱਖ ਸਮਾਜ ਲਈ ਫੈਸਲੇ ਦੀ ਘੜੀ ਸਿੱਧ ਹੋਈ, ਇਹ ਮੀਰੀ ਤੇ ਪੀਰੀ ਦਾ ਸੁਮੇਲ ਹੋ ਨਿਬੜੀ।

(ਗੁ:ਪ੍ਰ: ੬/੧੯੯੫) ■

# ਗੁਰਦੁਆਰਾ: ਸਿਧਾਂਤ ਅਤੇ ਵਿਵਹਾਰ

*-ਸਤਵਿੰਦਰ ਸਿੰਘ ਫੂਲਪੁਰ**

ਸਿੱਖ ਦਾ ਗੁਰੂ ਅਤੇ ਗੁਰਦੁਆਰੇ ਨਾਲ ਨਹੁੰ-ਮਾਸ ਵਾਲਾ ਰਿਸ਼ਤਾ ਹੈ। ਗੁਰੂ ਪ੍ਰੇਮ ਅਤੇ ਸੰਗਤ ਦੀ ਖਿੱਚ ਗੁਰਸਿੱਖਾਂ ਦੇ ਮਨ ਅੰਦਰ ਗੁਰਧਾਮਾਂ ਦੇ ਦਰਸ਼ਨਾਂ ਦੀ ਤਾਂਘ ਪੈਦਾ ਕਰਦੀ ਹੈ। ਸਿੱਖਾਂ ਦੀ ਗੁਰਦੁਆਰੇ ਨਾਲ ਇਸ ਹੱਦ ਤਕ ਪ੍ਰੀਤ ਹੈ ਕਿ ਗੁਰਸਿੱਖ ਆਪਣੇ ਗੁਰਧਾਮਾਂ ਦੀ ਪਵਿੱਤਰਤਾ ਲਈ ਮਰ ਮਿਟਣ ਨੂੰ ਵੀ ਤਿਆਰ ਰਹਿੰਦੇ ਹਨ। ਦੇਸ਼ ਦੀਆਂ ਹੱਦ-ਬੰਦੀਆਂ ਕਾਰਨ ਜਿਨ੍ਹਾਂ ਗੁਰਦੁਆਰਿਆਂ ਗੁਰਧਾਮਾਂ ਤੋਂ ਗੁਰਸਿੱਖਾਂ ਨੂੰ ਵਿਛੜਨਾ ਪਿਆ, ਦੁਨੀਆ ਦੇ ਹਰ ਕੋਨੇ ਵਿਚ ਬੈਠਾ ਸਿੱਖ ਨਿੱਤ ਦੀ ਅਰਦਾਸ ਵਿਚ ਉਨ੍ਹਾਂ ਗੁਰਧਾਮਾਂ ਦੇ ਦੀਦਾਰ ਦੀ ਤਾਂਘ ਅਕਾਲ ਪੁਰਖ ਅੱਗੇ ਵਿਅਕਤ ਕਰਦਾ ਹੈ। ਗੁਰਧਾਮਾਂ ਦੇ ਦਰਸ਼ਨ ਸਿੱਖਾਂ ਦੇ ਮਨ ਅੰਦਰ ਅਜਿਹਾ ਰੂਹਾਨੀ ਖੇੜਾ ਬਖਸ਼ਦੇ ਹਨ ਕਿ ਮਨ ਦੁਨਿਆਵੀ ਭਟਕਣਾਂ ਤੋਂ ਮੁਕਤ ਹੋ ਕੇ ਸਹਜ ਦੀ ਅਵਸਥਾ ਵਿਚ ਆ ਜਾਂਦਾ ਹੈ।

ਗੁਰਦੁਆਰੇ ਦੇ ਕੋਸ਼ਗਤ ਅਰਥ: ਸਤਿਗੁਰ ਦਾ ਘਰ, ਉਹ ਅਸਥਾਨ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ, ਸੰਗਤ ਜੁੜੇ, ਸੱਚ ਦੀ ਵਿਚਾਰ ਅਤੇ ਸੱਚ ਦਾ ਵਿਸਥਾਰ ਹੁੰਦਾ ਹੋਵੇ। ਜਿੱਥੇ ਸਿੱਖੀ ਪ੍ਰਚਾਰੀ ਜਾਵੇ ਤੇ ਗੁਰਮਤਿ ਦੀ ਸਿੱਖਿਆ ਦਿੱਤੀ ਜਾਵੇ ਅਤੇ ਮਾਨਵ ਜਾਤੀ ਦੇ ਹੱਕਾਂ ਦੀ ਰਾਖੀ ਵਾਸਤੇ ਯਤਨ ਕੀਤੇ ਜਾਣ ਉਸ ਅਸਥਾਨ ਦਾ ਨਾਮ ਗੁਰਦੁਆਰਾ ਹੈ।[੧]

ਸ਼ੁਰੂ ਵਿਚ ਇਸ ਦਾ ਨਾਮ ਧਰਮਸ਼ਾਲ ਸੀ।[੨] ਇਸ ਦਾ ਗੁਰਦੁਆਰਾ ਨਾਮ ਬਾਅਦ ਵਿਚ ਪ੍ਰਚਲਿਤ ਹੋਇਆ। ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ, "ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਤਕ ਸਿੱਖਾਂ ਦੇ ਧਰਮ ਮੰਦਰ ਦਾ ਨਾਮ 'ਧਰਮਸ਼ਾਲਾ' ਰਿਹਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਭ ਤੋਂ ਪਹਿਲਾਂ ਅੰਮ੍ਰਿਤਸਰ ਸਰੋਵਰ ਦੇ ਧਰਮ ਮੰਦਰ ਦੀ 'ਹਰਿਮੰਦਰ' ਸੰਗਿਆ ਥਾਪੀ। ਅਰ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਧਰਮਸਾਲ ਦੀ ਗੁਰਦੁਆਰਾ ਸੰਗਿਆ ਹੋਈ।"[੩] ਸਧਾਰਨ ਤੌਰ 'ਤੇ ਗੁਰਦੁਆਰੇ ਦਾ ਨਾਮ ਲੈਂਦਿਆਂ ਸਾਡੇ ਮਨ ਅੰਦਰ ਇਕ ਖਾਸ ਪ੍ਰਕਾਰ ਦਾ ਬਿੰਬ ਉਸਰਦਾ ਹੈ, ਜਿਸ ਵਿਚ ਕੋਈ ਗੁੰਬਦ-ਨੁਮਾ ਇਮਾਰਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼, ਗੁਰਬਾਣੀ ਕੀਰਤਨ ਦਾ ਚੱਲਦਾ ਪ੍ਰਵਾਹ, ਝੂਲਦਾ-ਖਾਲਸਈ ਨਿਸ਼ਾਨ ਸਾਹਿਬ, ਸਰੋਵਰ, ਸੰਗਤ-ਪੰਗਤ ਆਦਿ ਸ਼ਾਮਲ ਹੁੰਦੀ ਹੈ। ਇਹ ਸਭ ਗੁਰਦੁਆਰੇ ਦੇ ਢਾਂਚਾਗਤ ਸਰੂਪ ਦਾ ਅਹਿਮ ਅੰਗ ਹਨ।

ਸੰਕਲਪ ਰੂਪ ਵਿਚ ਗੁਰਦੁਆਰੇ ਦੇ ਅਰਥ ਗੁਰੂ ਦੀ ਸ਼ਰਨ, ਗੁਰੂ ਦਾ ਆਸਰਾ ਕਰਨੇ ਵਧੇਰੇ ਉੱਚਿਤ ਹਨ।

ਗੁਰਦੁਆਰੇ ਜਾਣਾ ਅਤੇ ਗੁਰਦੁਆਰਾ (ਗੁਰੂ ਦਾ ਦਰ) ਪ੍ਰਾਪਤ ਕਰਨਾ ਦੋ ਵੱਖੋ-

**ਸੰਪਾਦਕ, ਗੁਰਮਤਿ ਪ੍ਰਕਾਸ਼ ਅਤੇ ਗੁਰਮਤਿ ਗਿਆਨ। ਮੋ: +੯੧੯੯੧੪੪-੧੯੪੯੪*

ਵੱਖਰੀਆਂ ਗੱਲਾਂ ਹਨ। ਗੁਰਦੁਆਰੇ ਜਾਣਾ ਗੁਰਦੁਆਰੇ ਦਾ ਵਿਵਹਾਰਕ ਸਰੋਕਾਰ ਹੈ ਜਦਕਿ ਗੁਰਦੁਆਰਾ ਪ੍ਰਾਪਤ ਕਰਨਾ ਗੁਰਦੁਆਰੇ ਦਾ ਸੰਕਲਪ ਹੈ। ਅਸੀਂ ਇਸ ਲੇਖ ਵਿਚ ਧਰਮਸਾਲ ਅਤੇ ਗੁਰਦੁਆਰੇ ਨੂੰ ਇੱਕੋ ਅਰਥਾਂ ਵਿਚ ਲਵਾਂਗੇ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਜਪੁ' ਬਾਣੀ ਅੰਦਰ ਸਾਰੀ ਧਰਤੀ ਨੂੰ ਹੀ ਧਰਮਸਾਲ ਭਾਵ ਧਰਮ ਕਮਾਉਣ ਦੀ ਜਗ੍ਹਾ ਕਿਹਾ ਹੈ:

*ਰਾਤੀ ਰੁਤੀ ਥਿਤੀ ਵਾਰ॥*
*ਪਵਣ ਪਾਣੀ ਅਗਨੀ ਪਾਤਾਲ॥*
*ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ॥* *(ਪੰਨਾ ੭)*

ਇਸ ਧਰਤੀ ਧਰਮਸਾਲ ਦੀ ਸੋਝੀ ਉਨ੍ਹਾਂ ਜਗਿਆਸੂਆਂ ਨੂੰ ਹੁੰਦੀ ਹੈ ਜਿਨ੍ਹਾਂ ਨੇ ਗੁਰਦੁਆਰੇ (ਧਰਮਸਾਲ) ਰਾਹੀਂ ਧਰਮ (ਆਤਮਿਕ ਗਿਆਨ) ਕਮਾ ਕੇ ਮਨੁੱਖਾ ਜੀਵਨ ਦੇ ਆਦਰਸ਼ ਨੂੰ ਸਮਝਦਿਆਂ ਉੱਚ ਆਤਮਿਕ ਅਵਸਥਾ ਪ੍ਰਾਪਤ ਕਰ ਲਈ ਹੋਵੇ। ਇਸ ਧਰਤੀ ਧਰਮਸਾਲ ਦੀ ਸੋਝੀ ਕਰਵਾਉਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ *ਘਰਿ ਘਰਿ ਅੰਦਰ ਧਰਮਸਾਲ* ਦਾ ਸੰਕਲਪ ਕਾਇਮ ਕੀਤਾ। ਜਗਿਆਸੂ ਪਹਿਲਾਂ ਨਾਮ ਦੀ ਕਮਾਈ ਕਰਨ ਲਈ ਧਰਮਸਾਲ (ਗੁਰਦੁਆਰੇ) ਜਾਂਦਾ ਹੈ। ਉੱਥੇ ਜਾ ਕੇ ਜਦੋਂ ਉਸ ਨੂੰ *ਜੇਤਾ ਕੀਤਾ ਤੇਤਾ ਨਾਉ॥* ਅਤੇ *ਨਾਮ ਕੇ ਧਾਰੇ ਸਗਲੇ ਜੰਤ॥ ਨਾਮਿ ਕੇ ਧਾਰੇ ਖੰਡ ਬ੍ਰਹਮੰਡ॥* ਦਾ ਗਿਆਨ ਹੁੰਦਾ ਹੈ ਤਾਂ ਉਸ ਨੂੰ ਸਗਲੀ ਧਰਤੀ ਧਰਮਸਾਲ ਨਜ਼ਰ ਆਉਣ ਲਗਦੀ ਹੈ। ਧਰਤੀ ਧਰਮਸਾਲ ਦੀ ਸੋਝੀ ਕਰਵਾਉਣ ਲਈ ਗੁਰਦੁਆਰਾ (ਧਰਮਸਾਲ) ਪਹਿਲਾ ਪੜਾਅ ਹੈ।

ਇਸ ਤਰ੍ਹਾਂ ਧਰਤੀ ਧਰਮਸਾਲ ਦੀ ਸੋਝੀ ਲਈ ਗੁਰੂ ਦਾ ਦਰ ਪ੍ਰਾਪਤ ਕਰਨਾ ਪਹਿਲੀ ਸ਼ਰਤ ਹੈ। ਗੁਰੂ ਦਾ ਦਰ ਕਿਵੇਂ ਪ੍ਰਾਪਤ ਹੁੰਦਾ ਹੈ? ਇਸ ਬਾਰੇ ਸਿਧ ਗੋਸਟਿ ਬਾਣੀ ਵਿਚ ਚਰਪਟ ਜੋਗੀ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸੰਵਾਦ ਦੇਖਣ ਯੋਗ ਹੈ। ਚਰਪਟ ਜੋਗੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਵਾਲ ਕਰਦਾ ਹੈ ਕਿ ਸਵਾਮੀ ਮੇਰੀ ਬੇਨਤੀ ਸੁਣੋ! ਮੈਂ ਸਹੀ ਵਿਚਾਰ ਪੁੱਛਦਾ ਹਾਂ, ਗੁੱਸਾ ਨਾ ਕਰਨਾ, ਉੱਤਰ ਦੇਵੋ ਕਿ ਗੁਰੂ ਦਾ ਦਰ ਕਿਵੇਂ ਪ੍ਰਾਪਤ ਹੁੰਦਾ ਹੈ?

*ਸੁਣਿ ਸੁਆਮੀ ਅਰਦਾਸਿ ਹਮਾਰੀ ਪੂਛਉ ਸਾਚੁ ਬੀਚਾਰੋ॥*
*ਰੋਸੁ ਨਾ ਕੀਜੈ ਉਤਰੁ ਦੀਜੈ ਕਿਉ ਪਾਈਐ ਗੁਰ ਦੁਆਰੋ॥*

ਸ੍ਰੀ ਗੁਰੂ ਨਾਨਕ ਦੇਵ ਜੀ ਉੱਤਰ ਦਿੰਦੇ ਹਨ ਕਿ ਜਦੋਂ ਸੱਚਮੁਚ ਗੁਰੂ ਦਾ ਦਰ ਪ੍ਰਾਪਤ ਹੋ ਜਾਂਦਾ ਹੈ ਤਾਂ ਇਹ ਚੰਚਲ ਮਨ ਪ੍ਰਭੂ ਦੀ ਯਾਦ ਵਿਚ ਜੁੜਿਆ ਰਹਿੰਦਾ ਹੈ। ਪ੍ਰਭੂ ਦਾ ਨਾਮ ਜ਼ਿੰਦਗੀ ਦਾ ਆਸਰਾ ਹੋ ਜਾਂਦਾ ਹੈ। ਪਰ ਇਹੋ ਜਿਹਾ ਪਿਆਰ ਪ੍ਰਭੂ ਵਿਚ ਉਦੋਂ ਲੱਗਦਾ ਹੈ ਜਦੋਂ ਪਰਮਾਤਮਾ ਆਪ ਜੀਵ ਨੂੰ ਆਪਣੀ ਯਾਦ ਵਿਚ ਜੋੜ ਲੈਂਦਾ ਹੈ।

*ਇਹੁ ਮਨੁ ਚਲਤਉ ਸਚ ਘਰਿ ਬੈਸੈ ਨਾਨਕ ਨਾਮੁ ਅਧਾਰੋ॥*
*ਆਪੇ ਮੇਲਿ ਮਿਲਾਏ ਕਰਤਾ ਲਾਗੈ ਸਾਚਿ ਪਿਆਰੋ॥* *(ਪੰਨਾ ੯੩੮)*

ਗੁਰਦੁਆਰੇ ਜਾਣਾ ਤਾਂ ਹੀ ਸੋਭਦਾ ਹੈ ਜੇਕਰ ਮਨ ਗੁਰੂ ਦੇ ਸ਼ਬਦ ਵਿਚ ਭਿੱਜ ਜਾਵੇ।

ਜਦ ਤਕ ਉਸ ਦਾ ਮਨ ਸ਼ਬਦ ਵਿਚ ਵਿੰਨ੍ਹਿਆ ਨਾ ਜਾਵੇ ਉਦੋਂ ਤਕ ਪ੍ਰਭੂ ਦੇ ਦਰਬਾਰ ਵਿਚ ਸੋਭਾ ਨਹੀਂ ਪਾ ਸਕਦਾ:

*ਸਭਿ ਰਸ ਭੋਗਣ ਬਾਦਿ ਹਹਿ ਸਭਿ ਸੀਗਾਰ ਵਿਕਾਰ॥*
*ਜਬ ਲਗੁ ਸਬਦਿ ਨਾ ਭੇਦੀਐ ਕਿਉ ਸੋਹੈ ਗੁਰਦੁਆਰਿ॥* *(ਪੰਨਾ ੧੯)*

ਜਪੁ ਬਾਣੀ ਅੰਦਰ ਵਰਣਿਤ ਮਨੁੱਖੀ ਆਤਮ ਵਿਕਾਸ ਦੀਆਂ ਪੰਜ ਅਵਸਥਾਵਾਂ (ਪੰਜ ਖੰਡਾਂ) ਵਿੱਚੋਂ ਗੁਰਦੁਆਰਾ (ਧਰਮਸਾਲ) ਧਰਮ ਖੰਡ (ਪਹਿਲੀ ਅਵਸਥਾ) ਦਾ ਵਿਵਹਾਰਕ ਰੂਪ ਕਿਹਾ ਜਾ ਸਕਦਾ ਹੈ। ਧਰਮ ਖੰਡ (ਪਹਿਲੀ ਅਵਸਥਾ) ਵਿਚ ਜਗਿਆਸੂ ਸਾਰੀ ਸ੍ਰਿਸ਼ਟੀ ਨੂੰ ਨੇਮ-ਬੱਧ ਸਮਝਦਾ ਤੇ ਆਪਣੀ ਧਾਰਮਿਕ ਨੇਮਾਵਲੀ ਦਾ ਪਾਲਣ ਕਰਦਾ ਆਤਮਿਕ ਸਫਰ ਸ਼ੁਰੂ ਕਰਦਾ ਹੈ।[੪] ਇਸ ਆਤਮਿਕ ਸਫਰ ਦਾ ਪਹਿਲਾਂ ਮੁਕਾਮ ਗੁਰਦੁਆਰਾ ਹੈ। ਜਿਹੜਾ ਗੁਰਸਿੱਖ (ਅਭਿਆਸੀ) ਗੁਰਦੁਆਰੇ ਨਾਲ ਭਾਵਨੀ ਲਾ ਕੇ ਗੁਰੂ ਦੀ ਸ਼ਰਨ ਰਾਹੀਂ ਧਰਮ ਖੰਡ ਦਾ ਪਾਂਧੀ ਬਣ ਸ਼ਬਦ ਦੀ ਕਮਾਈ ਕਰਦਾ ਹੈ, ਗੁਰੂ ਦੀ ਕਿਰਪਾ ਨਾਲ ਉਸ ਦਾ ਦਸਵਾਂ ਦੁਆਰ ਜੋ ਪਹਿਲਾਂ ਗੁਪਤ ਸੀ, ਪਰਗਟ ਹੋ ਜਾਂਦਾ ਹੈ। ਭਾਵ ਉਸ ਦੀ ਸੁਰਤ ਜਾਗ ਜਾਂਦੀ ਹੈ:

*ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ॥( ਪੰਨਾ ੯੨੨)*

ਇਸ ਅਵਸਥਾ ਵਿਚ ਮਨੁੱਖੀ ਚੇਤਨਾ ਮਨੋਵਿਗਿਆਨਕ ਬਰੀਕੀਆਂ, ਸੁਹਜ, ਸੂਖਮਤਾਵਾਂ, ਧਿਆਨੀ ਮਹੀਨਤਾਵਾਂ ਤੇ ਸਮਾਜਿਕ ਚੇਤਨਾਵਾਂ ਦੇ ਸਗਲੇ ਫੈਲਾਅ ਨੂੰ ਜਬਤ ਵਿਚ ਲਿਆ ਆਪਣੇ ਅਸਲ ਘਰ ਸ਼ਬਦ ਵਿਚ ਸਮਾ ਜਾਂਦੀ ਹੈ। ਇਸ ਹਾਲਤ ਵਿਚ ਮਨੁੱਖੀ ਜਗਿਆਸਾ ਦੇ ਸਗਲੇ ਫੈਲਾਅ ਜਾਗ ਕੇ ਸ਼ਬਦ ਦੀ ਅਨਭੂਤੀ ਵਿਚ ਸ਼ਾਮਲ ਹੋ ਆਖਰੀ ਸੰਤੁਲਨ ਵਿਚ ਆ ਜਾਂਦੇ ਹਨ।[੫] ਇਸ ਤਰ੍ਹਾਂ *ਤਹ ਅਨੇਕ ਰੂਪ ਨਾਉ ਨਵ ਨਿਧਿ ਤਿਸ ਦਾ ਅੰਤੁ ਨ ਜਾਈ ਪਾਇਆ* ਵਾਲੀ ਅਵਸਥਾ ਬਣ ਜਾਂਦੀ ਹੈ।

ਗੁਰਦੁਆਰੇ ਨਾਲ ਭਾਵਨੀ ਲਾਉਣ ਵਾਲਿਆਂ ਦੀ ਸੁਰਤਿ, ਮਤਿ, ਮਨਿ, ਬੁਧੀ ਨਵੇਂ ਸਿਰੇ ਤੋਂ ਘੜ੍ਹੀ ਜਾਂਦੀ ਹੈ। ਇਸ ਤਰ੍ਹਾਂ ਇਸ ਨੂੰ ਸਰਮ ਖੰਡ (Realm Of Conversion) ਦਾ ਪ੍ਰਵੇਸ਼ ਦੁਆਰ ਕਿਹਾ ਜਾ ਸਕਦਾ ਹੈ।

ਇੱਥੇ ਆ ਕੇ ਮਨੁੱਖੀ ਮਨ ਵਿਚ ਸੁਭਾਵਿਕ ਹੀ ਪਰਿਵਰਤਨ ਆ ਜਾਂਦਾ ਹੈ। ਕਠੋਰ ਮਨਾਂ ਵਿਚ ਨਿਮਰਤਾ ਆ ਜਾਂਦੀ ਹੈ। ਇੱਥੇ ਦੁਨਿਆਵੀ ਸ਼ਬਦਾਵਲੀ ਦੀ ਥਾਂ ਹਰ ਸ਼ੈਅ ਵੱਖਰੀ ਪਵਿੱਤਰ ਸ਼ਬਦਾਵਲੀ ਦੀ ਵਰਤੋਂ ਹੋਣ ਲੱਗ ਜਾਂਦੀ ਹੈ। ਅਜਿਹਾ ਵਰਤਾਰਾ ਨਿਸ਼ਚੈ ਹੀ ਮਨੁੱਖੀ ਹਿਰਦੇ ਨੂੰ ਪਵਿੱਤਰ ਕਰਨ ਦੇ ਸਮਰੱਥ ਹੁੰਦਾ ਹੈ। ਇਸ ਲਈ ਸ੍ਰੀ ਗੁਰੂ ਨਾਨਕ ਪਾਤਸ਼ਾਹ ਗੁਰੂ ਦੇ ਦਰ ਤੋਂ ਪ੍ਰਾਪਤ ਬਿਬੇਕ ਬੁੱਧੀ ਰਾਹੀਂ ਵਿਸ਼ੇ ਵਿਕਾਰਾਂ ਦੀ ਮੈਲ ਨੂੰ ਧੋ ਕੇ ਹਿਰਦੇ ਰੂਪੀ ਭਾਂਡੇ ਨੂੰ ਸ਼ੁੱਧ ਕਰਨ ਦਾ ਉਪਦੇਸ਼ ਕਰਦੇ ਹਨ:

*ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ॥*
*ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ॥*
*ਗੁਰੂ ਦੁਆਰੈ ਹੋਇ ਸੋਝੀ ਪਾਇਸੀ॥*
*ਏਤੁ ਦੁਆਰੈ ਧੋਇ ਹਛਾ ਹੋਇਸੀ॥* *(ਪੰਨਾ ੭੩੦)*

ਗੁਰਮਤਿ ਅਨੁਸਾਰ ਇਸ ਜਗਤ ਵਿਚ ਇਕ ਅਕਾਲ ਪੁਰਖ ਸਭ ਦਾ ਪਤੀ ਪਰਮੇਸ਼ਵਰ ਹੈ, ਹੋਰ ਸਭ ਜੀਵ ਉਸ ਦੀਆਂ ਇਸਤਰੀਆਂ ਹਨ। ਇਸ ਲਈ ਹਰ ਗੁਰਸਿੱਖ ਦਾ ਵਿਆਹ ਗੁਰਦੁਆਰੇ ਰਾਹੀਂ ਪ੍ਰਭੂ ਪਤੀ ਨਾਲ ਹੋਣਾ ਹੈ। ਫੁਰਮਾਨ ਹੈ:

*ਗੁਰੂ ਦੁਆਰੈ ਹਮਰਾ ਵੀਆਹੁ ਜਿ ਹੋਆ ਜਾਂ ਸਹੁ ਮਿਲਿਆ ਤਾਂ ਜਾਨਿਆ॥*

*(ਪੰਨਾ ੩੫੧)*

ਗੁਰਦੁਆਰੇ (ਗੁਰੂ ਦੀ ਸ਼ਰਨ ਪਿਆਂ) ਜਦੋਂ ਜੀਵ-ਇਸਤਰੀ ਨੂੰ ਪਤਾ ਲਗਦਾ ਹੈ ਕਿ ਮੇਰਾ ਸਹੁ ਤਾਂ ਸਰਬ-ਸ਼ਕਤੀਮਾਨ, ਸਰਬ-ਵਿਆਪਕ, ਸਭ ਤੋਂ ਉੱਚਾ-ਸੁੱਚਾ ਗੁਣੀ ਨਿਧਾਨ ਹੈ। ਇਸ ਦੇ ਲੜ ਲੱਗ ਕੇ ਇਸ ਦੀ ਮਿਹਰ ਨਾਲ ਮੈਂ ਵੀ ਸਤ, ਸੰਤੋਖ, ਦਇਆ, ਧਰਮ ਆਦਿ ਸਦਗੁਣ ਧਾਰਨ ਕਰ ਲਵਾਂਗੀ ਤਾਂ ਫਿਰ ਅਜਿਹੀਆਂ ਸੁਹਾਗਣਾਂ ਨੂੰ ਕਿਸੇ ਹੋਰ ਦੀ ਝਾਕ ਨਹੀਂ ਰਹਿੰਦੀ:

*ਜਿਨ੍ਾ ਨਾਉ ਸੁਹਾਗਣੀ ਤਿਨ੍ਾ ਝਾਕ ਨ ਹੋਰ॥* *(ਪੰਨਾ ੧੩੮੪)*

ਇਸ ਤਰ੍ਹਾਂ ਗੁਰਦੁਆਰੇ ਰਾਹੀਂ ਪ੍ਰਭੂ ਪ੍ਰੀਤਮ ਨਾਲ ਵਿਆਹੀਆਂ ਜਾਣ ਤੋਂ ਬਾਅਦ ਉਨ੍ਹਾਂ ਦੀ ਮੜੀਆਂ, ਮਸਾਣਾਂ, ਕਬਰਾਂ, ਅਖੌਤੀ ਸਾਧਾਂ ਦੇ ਡੇਰਿਆਂ ਆਦਿ ਥਾਂਵਾਂ 'ਤੇ ਜਾਣ ਦੀ ਝਾਕ ਖਤਮ ਹੋ ਜਾਂਦੀ ਹੈ। ਉਨ੍ਹਾਂ ਦੀ ਗੁਰਦੁਆਰੇ ਅਤੇ ਪ੍ਰਭੂ ਪ੍ਰੀਤਮ ਵਿਚ ਦ੍ਰਿੜ੍ਹ ਭਾਵਨਾ ਪੈਦਾ ਹੋ ਜਾਂਦੀ ਹੈ। ਸਤਿਸੰਗਤ ਰੂਪੀ ਸੁਹਾਗਣਾਂ ਗੁਰਦੁਆਰੇ ਮਿਲ ਬੈਠ ਕੇ ਆਪਣੇ ਪ੍ਰਭੂ-ਪਰਮੇਸ਼ਵਰ ਦੇ ਗੁਣਾਂ ਦੇ ਗੀਤ ਗਾਉਂਦੀਆਂ ਹਨ।

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਜਿਵੇਂ ਹੰਸਾਂ ਦੀ ਡਾਰ ਮਾਨਸਰੋਵਰ 'ਤੇ ਬੈਠਦੀ ਹੈ ਅਤੇ ਅਮੋਲਕ ਮੋਤੀ ਖਾ-ਖਾ ਕੇ ਪ੍ਰਸੰਨ ਹੁੰਦੀ ਹੈ, ਜਿਵੇਂ ਸੱਜਣ, ਮਿੱਤਰ ਰਸੋਈ ਵਿਚ ਮਿਲ ਬੈਠ ਕੇ ਕਈ ਤਰ੍ਹਾਂ ਦੇ ਭੋਜਨ ਆਦਿ ਰਸ ਖਾਂਦੇ ਹਨ, ਜਿਵੇਂ ਬ੍ਰਿਛ ਦੀ ਛਾਂ ਵਿਚ ਅਨੇਕਾਂ ਪੰਛੀ ਮਿਲ ਬਹਿੰਦੇ ਹਨ ਅਤੇ ਮਿੱਠੇ ਫਲ ਖਾ ਕੇ ਮਿੱਠੇ ਬੋਲਾਂ ਦੁਆਰਾ ਸੁਹਾਉਂਦੇ ਹਨ, ਇਸੇ ਤਰ੍ਹਾਂ ਸਤਿਗੁਰ ਦੇ ਆਗਿਆਕਾਰੀ ਗੁਰਸਿੱਖ ਧਰਮਸਾਲ (ਗੁਰਦੁਆਰੇ, ਗੁਰੂ ਦੀ ਸ਼ਰਨ) ਵਿਚ ਮਿਲ ਬਹਿੰਦੇ ਹਨ ਅਤੇ ਗੁਰੂ ਗਿਆਨ (ਗੁਰੂ ਸ਼ਬਦ) ਦੇ ਨਾਮ ਅੰਮ੍ਰਿਤ ਰਸ ਨੂੰ ਪੀ-ਪੀ ਕੇ ਤ੍ਰਿਪਤ ਹੁੰਦੇ ਹਨ:

*ਜੈਸੇ ਤੌ ਮਰਾਲ ਮਾਲ ਬੈਠਤ ਹੈ ਮਾਨਸਰ ਮੁਕਤਾ ਅਮੋਲ ਖਾਇ ਖਾਇ ਬਿਗਸਾਤ ਹੈਂ।*
*ਜੈਸੇ ਤੌ ਸੁਜਨ ਮਿਲਿ ਬੈਠਤ ਹੈਂ ਪਾਕਸਾਲਿ ਅਨਿਕ ਪ੍ਰਕਾਰ ਬਿੰਜਨਾਦਿ ਰਸ ਖਾਤ ਹੈਂ॥*
*ਜੈਸੇ ਦ੍ਰੁਮ ਛਾਯਾ ਮਿਲਿ ਬੈਠਤ ਅਨੇਕ ਪੰਛੀ ਖਾਇ ਫਲ ਮਧੁਰ ਬਚਨ ਕੈ ਸੁਹਾਤ ਹੈਂ*
*ਤੈਸੇ ਗੁਰ ਸਿਖ ਮਿਲਿ ਬੈਠਤ ਧਰਮਸਾਲ ਸਹਜ ਸਬਦ ਰਸ ਅੰਮ੍ਰਿਤ ਅਘਾਤ ਹੈਂ॥*

*(ਕਬਿੱਤ)*

ਗੁਰਬਾਣੀ ਵਿਚ ਬਾਰ-ਬਾਰ ਜਿਸ ਬਿਬੇਕ ਬੁਧ ਦੀ ਜਾਚਨਾ ਕੀਤੀ ਗਈ ਹੈ, ਉਹ ਗੁਰੂ ਦੇ ਦਰ ਤੋਂ ਪ੍ਰਾਪਤ ਹੁੰਦੀ ਹੈ:

*ਮੈ ਕੀਏ ਕਰਮ ਅਨੇਕਾ॥ ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ॥*

*(ਪੰਨਾ ੬੪੧)*

ਗੁਰੂ ਦੇ ਦਰ ਤੋਂ ਬਿਬੇਕ ਬੁੱਧੀ ਹਾਸਲ ਕਰ ਚੁੱਕਾ ਵਿਅਕਤੀ ਨਿਰਲੇਪ ਤੇ

ਨਿਸ਼ਕਾਮ ਹੁੰਦਾ ਹੈ। ਅਜਿਹੇ ਸਤਿ ਪੁਰਖ ਦੀ ਚਾਲ ਹੀ ਨਿਰਾਲੀ ਹੁੰਦੀ ਹੈ। ਉਸ ਨੇ ਮਨ ਬਚਨ ਅਤੇ ਕਰਮ ਦੇ ਕੁੰਡਲਾਂ ਨੂੰ, ਇਨ੍ਹਾਂ ਦੀਆਂ ਗੰਢਾਂ ਨੂੰ, ਸਤਸੰਗਤ ਵਿਚ ਢਿੱਲਿਆਂ ਕਰ ਕੇ ਖੋਲ ਲਿਆ ਹੁੰਦਾ ਹੈ ਅਤੇ ਜੀਵਨ ਸ਼ਕਤੀ ਦੇ ਥੰਮ ਨੂੰ ਪਰਮ ਅਨੰਦ ਦੇ ਰੂਪ ਵਿਚ ਅਨੁਭਵ ਕਰ ਲਿਆ ਹੁੰਦਾ ਹੈ। ਫਿਰ ਉਸ ਨੂੰ ਮੰਦਰ, ਮਸੀਤ, ਪੁਰਾਨ, ਕੁਰਾਨ ਵਿਚ ਕੋਈ ਭੇਦ ਦਿਖਾਈ ਨਹੀਂ ਦਿੰਦਾ। ਉਹ ਵੱਖਰੇ-ਵੱਖਰੇ ਭੇਖਾਂ, ਕਰਮ-ਕਾਂਡਾਂ ਦੀ ਵਿਅਰਥਤਾ ਦੀ ਗੱਲ ਤਾਂ ਕਰਦਾ ਹੈ ਪਰ ਇਸ ਸਭ ਕਾਸੇ ਵਿੱਚੋਂ ਮਨੁੱਖਤਾ ਨੂੰ ਮਨਫ਼ੀ ਨਹੀਂ ਕਰਦਾ। ਮਾਨਸ ਕੀ ਜਾਤ ਦੇ ਪਰਸਪਰ ਸੰਬੰਧਾਂ, ਭਾਈਚਾਰੇ ਅਤੇ ਇਕ ਦੂਜੇ ਉੱਤੇ ਪ੍ਰੇਮ ਪੂਰਨ ਅਧਿਕਾਰ ਨੂੰ ਪਰਮਾਤਮਾ ਵੱਲੋਂ ਮਨੁੱਖ ਨੂੰ ਦਿੱਤੀ ਹੋਈ ਬਖਸ਼ਿਸ਼ ਮੰਨਦਾ ਹੈ। ਗਿਆਨ ਨਾਲ ਭਰਪੂਰ ਉਸ ਦੀ ਬਿਬੇਕ ਬੁੱਧੀ ਉਸ ਨੂੰ ਸੂਰਜ, ਧਰਤੀ, ਪਉਣ, ਪਾਣੀ, ਅਕਾਸ਼ ਆਦਿ ਸਭ ਉੱਤੇ ਸਾਰਿਆਂ ਦੇ ਬਰਾਬਰ ਅਧਿਕਾਰ ਸਮਝਣ ਦੀ ਪ੍ਰੇਰਨਾ ਦਿੰਦੀ ਹੈ। ਦਰਅਸਲ ਉਸ ਨੂੰ ਕਹਿਣ ਅਤੇ ਕਹਿਆ ਬੁੱਝਣ ਦੀ ਜਾਚ ਆ ਗਈ ਹੁੰਦੀ ਹੈ। ਬਿਬੇਕ ਬੁੱਧੀ ਵਿਅਕਤੀ ਦਾ ਉਹ ਅੰਤਰਗਤ ਆਧਾਰ ਹੈ ਜਿਸ ਦੇ ਆਸਰੇ ਉਹ ਆਤਮਕ ਜਗਤ ਦੀਆਂ ਡੂੰਘਾਈਆਂ ਵਿਚ ਗੋਤਾ ਮਾਰ ਕੇ ਉਸ ਵਿੱਚੋਂ ਸ਼ਕਤੀ ਪ੍ਰਾਪਤ ਕਰ ਕੇ ਉਸ ਸ਼ਕਤੀ ਦਾ ਸਦ-ਉਪਯੋਗ ਬਾਹਰੀ ਜਗਤ ਲਈ ਕਰਦਾ ਹੈ।[੬]

ਇਸ ਬਿਬੇਕ ਬੁੱਧੀ ਦੁਆਰਾ ਹੀ ਉਸ ਨੂੰ ਨਿਰਮਲ ਕਰਮ ਦੀ ਸੋਝੀ ਹੋ ਜਾਂਦੀ ਹੈ। ਸਤ, ਸੰਤੋਖ, ਦਇਆ, ਧਰਮ, ਧੀਰਜ, ਸੇਵਾ, ਨੇਕੀ, ਪਰਉਪਕਾਰ, ਇਮਾਨਦਾਰੀ, ਨਿਡਰਤਾ, ਸਹਿਣਸ਼ੀਲਤਾ, ਖਿਮਾ, ਨਿਮਰਤਾ ਆਦਿ ਸਦਗੁਣ ਉਸ ਦੇ ਜੀਵਨ ਦਾ ਆਧਾਰ ਬਣ ਜਾਂਦੇ ਹਨ।

ਵਿਵਹਾਰਕ ਰੂਪ ਵਿਚ ਗੁਰਦੁਆਰੇ ਦੇ ਕਾਰਜ-ਖੇਤਰ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਦੇ ਵਿਚਾਰ ਵਿਸ਼ੇਸ਼ ਰੂਪ ਵਿਚ ਵਿਚਾਰਨਯੋਗ ਹਨ ਕਿ "ਸਿੱਖਾਂ ਦਾ ਗੁਰਦੁਆਰਾ ਵਿਦਿਆਰਥੀਆਂ ਲਈ ਸਕੂਲ, ਆਤਮ ਜਗਿਆਸਾ ਵਾਲਿਆਂ ਲਈ ਗਿਆਨ-ਉਪਦੇਸ਼ਕ ਆਚਾਰਯਾ, ਰੋਗੀਆਂ ਲਈ ਸ਼ਫ਼ਾਖਾਨਾ, ਭੁੱਖਿਆਂ ਲਈ ਅੰਨ ਪੂਰਣਾ, ਇਸਤਰੀ ਜਾਤ ਦੀ ਪਤ ਰੱਖਣ ਲਈ ਲੋਹ ਮਈ ਦੁਰਗ ਅਤੇ ਮੁਸਾਫਰਾਂ ਲਈ ਵਿਸ਼ਰਾਮ ਦਾ ਅਸਥਾਨ ਹੈ।[੭]

ਵਿਵਹਾਰਕ ਰੂਪ ਵਿਚ ਗੁਰਦੁਆਰੇ ਦੀ ਉਕਤ ਪਰਿਭਾਸ਼ਾ ਆਦਰਸ਼ਕ ਸਮਾਜ ਦਾ ਕੇਂਦਰੀ ਬਿੰਦੂ ਹੈ, ਇਹ ਬੇਗਮਪੁਰੇ ਦੇ ਸੰਕਲਪ ਦਾ ਵਿਵਹਾਰਕ ਰੂਪ ਹੈ, ਬਸ਼ਰਤੇ ਕਿ ਉਕਤ ਸਾਰੀਆਂ ਗੱਲਾਂ ਨਿਆਂ-ਸੰਗਤ ਢੰਗ ਨਾਲ ਅਮਲੀ ਰੂਪ ਵਿਚ ਵਾਪਰਦੀਆਂ ਹੋਣ। ਇਸ ਤਰ੍ਹਾਂ ਸਿੱਖ ਧਰਮ ਦਾ ਗੁਰਦੁਆਰਾ ਮਨੁੱਖੀ ਜੀਵਨ ਦੇ ਧਾਰਮਿਕ, ਸਮਾਜਿਕ, ਰਾਜਨੀਤਕ,ਵਿੱਦਿਅਕ ਆਦਿ ਵੱਖ-ਵੱਖ ਪੱਖਾਂ ਵਿਚ ਵੀ ਅਗਵਾਈ ਕਰਦਾ ਹੈ। ਵਿਵਹਾਰਕ ਰੂਪ ਵਿਚ ਗੁਰਦੁਆਰੇ ਦੀ ਬਾਕੀ ਧਰਮ ਅਸਥਾਨਾਂ ਨਾਲੋਂ ਵਿਲੱਖਣਤਾ ਅਤੇ ਵਿਸ਼ੇਸ਼ ਮਹੱਤਤਾ ਇਸ ਗੱਲ ਤੋਂ ਹੈ ਕਿ ਇੱਥੇ ਹਰ ਇਨਸਾਨ ਬਿਨਾ ਜਾਤ-ਪਾਤ, ਊਚ-ਨੀਚ, ਛੂਤ-ਛਾਤ, ਲਿੰਗ ਭੇਦ ਦੇ ਆ ਕੇ ਇਕ ਪਰਮਾਤਮਾ ਦੀ ਇਬਾਦਤ ਵਿਚ ਸ਼ਾਮਲ

ਹੋ ਸਕਦਾ ਹੈ। ਇੱਥੇ ਕਿਸੇ ਨਾਲ ਵਿਤਕਰਾ ਨਹੀਂ ਕੀਤਾ ਜਾਂਦਾ, ਇੱਥੋਂ *ਏਕ ਪਿਤਾ ਏਕਸ ਕੇ ਹਮ ਬਾਰਿਕ* ਅਤੇ *ਸਭੇ ਸਾਝੀਵਾਲ ਸਦਾਇਨਿ* ਦਾ ਉਪਦੇਸ਼ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਧਰਮਾਂ ਦੇ ਇਤਿਹਾਸ ਵਿਚ Devision ਨੂੰ ਤੋੜ ਕੇ Unity Create ਕਰਨ ਦਾ ਕੰਮ ਪਹਿਲੀ ਵਾਰ ਗੁਰਦੁਆਰੇ ਨੇ ਕੀਤਾ। ਗੁਰਦੁਆਰੇ ਨੇ ਲੋਕਾਂ ਵਿਚ Congergational ਭਾਵ ਪੈਦਾ ਕੀਤਾ ਅਤੇ ਇਕੱਠਿਆਂ ਬੈਠਣ ਦੀ ਜਾਚ ਸਿਖਾਈ। ਇਸੇ Unity ਨੇ ਭਾਰਤ ਨੂੰ ਸਦੀਆਂ ਬੱਧੀ ਗ਼ੁਲਾਮੀ ਦੀਆਂ ਜ਼ੰਜੀਰਾਂ ਤੋਂ ਮੁਕਤ ਕਰਵਾਇਆ।

ਸੋ, ਉਕਤ ਵਿਚਾਰ ਚਰਚਾ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਗੁਰਦੁਆਰਾ ਜਿੱਥੇ ਗੁਰੂ ਦਾ ਦੁਆਰ ਹੈ, ਮਾਨਵੀ ਹੱਕਾਂ ਦੀ ਰੱਖਿਆ, ਬੁਨਿਆਦੀ ਲੋੜਾਂ ਦੀ ਪ੍ਰਾਪਤੀ ਦੀ ਪ੍ਰੇਰਨਾ ਦਾ ਕੇਂਦਰ, ਧਰਮ ਕਮਾਉਣ ਦੀ ਧਰਮਸਾਲ ਹੈ, ਉੱਥੇ ਆਤਮਕ ਤੇ ਰੂਹਾਨੀ ਮੰਡਲ ਦੇ ਜਗਿਆਸੂਆਂ ਲਈ ਇਕ ਅਜਿਹਾ ਕੋਟਗੜ੍ਹ ਹੈ ਜਿੱਥੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਵਿਸ਼ੇ ਮਨੁੱਖੀ ਮਨ ਵਿਚ ਪ੍ਰਵੇਸ਼ ਨਹੀਂ ਕਰ ਪਾਉਂਦੇ ਅਤੇ ਜਗਿਆਸੂ ਦੀਆਂ ਸਮੁੱਚੀਆਂ ਵਾਸਨਾਵਾਂ ਤੇ ਕਾਮਨਾਵਾਂ ਗੁਰੂ ਨੂੰ ਸਮਰਪਿਤ ਹੋ ਕੇ ਪ੍ਰਾਥਨਾਵਾਂ ਵਿਚ ਤਬਦੀਲ ਹੋ ਜਾਂਦੀਆਂ ਹਨ, ਜਿੱਥੇ *ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ* ਦੀ ਅਵਸਥਾ ਪੈਦਾ ਹੋ ਜਾਂਦੀ ਹੈ। ਜਿੱਥੇ ਰੂਹਾਨੀਅਤ ਦੀ ਸਿਖਰ ਹੋ ਜਾਂਦੀ ਹੈ, ਜਿੱਥੇ ਤਿੰਨਾਂ ਭਵਨਾਂ ਦੀ ਸੋਝੀ ਹੋ ਜਾਂਦੀ ਹੈ, ਦਸਮ ਦੁਆਰ ਖੁੱਲਦਾ ਹੈ ਤੇ ਮਨ ਸ਼ਾਂਤ ਚਿਤ ਅਨੰਦਿਤ ਹੋ ਜਾਂਦਾ ਹੈ। ਭਗਤੀ ਤੇ ਸ਼ਕਤੀ ਨਾਲ ਲਬਰੇਜ਼ ਹੋ ਕੇ ਮਨੁੱਖ ਸਰਬ-ਕਲਿਆਣਕਾਰੀ ਹੋ ਜਾਂਦਾ ਹੈ। ਇਹੀ ਗੁਰਦੁਆਰੇ ਦੀ ਮਹਾਨਤਾ ਹੈ ਤੇ ਇਹੀ ਗੁਰਦੁਆਰੇ ਦਾ ਮਕਸਦ ਹੈ।

**ਹਵਾਲੇ ਅਤੇ ਟਿੱਪਣੀਆਂ**


੧. ਸੰਤਾ ਸਿੰਘ ਤਤਲੇ, *ਗੁਰਬਾਣੀ ਤੱਤ ਸਾਗਰ*, ਜਿਲਦ ਤੀਜੀ, ਪੰਨਾ ੧੩੫

੨. *ਪੁਰਾਤਨ ਜਨਮ ਸਾਖੀ ਵਿਚ ਗੁਰੂ ਨਾਨਕ ਪਾਤਸ਼ਾਹ ਦੁਆਰਾ ਪਹਿਲੀ ਧਰਮਸ਼ਾਲ ਤੁਲੰਬਾ ਵਿਚ ਸਥਾਪਿਤ ਕਰਨ ਦੇ ਪ੍ਰਮਾਣ ਮਿਲਦੇ ਹਨ।*

੩. ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ ੪੧੬

੪. ਪਿਆਰਾ ਸਿੰਘ ਪਦਮ, ਗੁਰੂ ਗ੍ਰੰਥ ਸੰਕੇਤ ਕੋਸ਼, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨਾ ੧੩੪

੫. ਪ੍ਰੋ. ਜਗਦੀਸ਼ ਸਿੰਘ ਮੁਕੇਰੀਆਂ, ਹੱਥ ਲਿਖਿਤ ਲੇਖ: *ਗੁਰਬਾਣੀ ਵਿਆਖਿਆ ਦੀ ਸਹਿਜ ਪ੍ਰਣਾਲੀ*

੬. ਡਾ. ਜੋਧ ਸਿੰਘ, *ਧਰਮ ਅਧਿਐਨ: ਅਕਾਦਮਿਕ-ਪਰਿਪੇਖ*, ਪੰਨਾ ੬

੭. ਮਹਾਨ ਕੋਸ਼, ਪੰਨਾ ੪੧੬-੧੭


## ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵੱਲੋਂ ਅੰਮ੍ਰਿਤ-ਸੰਚਾਰ

ਮੈਨੇਜਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ (ਰੋਪੜ) ਵੱਲੋਂ ਪੁੱਜੀ ਰਿਪੋਰਟ ਅਨੁਸਾਰ ਮਿਤੀ ੧ ਤੋਂ ੩੧ ਮਈ, ੨੦੧੭ ਤਕ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਅਤੇ ਹੋਰ ਵੱਖ-ਵੱਖ ਸਥਾਨਾਂ 'ਤੇ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮਾਂ ਵਿਚ ਕੁੱਲ ੧੩੪੫ ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ।

# ਗੁਰਬਾਣੀ ਸਿਰਲੇਖ-ਪ੍ਰਬੰਧ: ਜਾਣ-ਪਛਾਣ

## (ਗਿਣਤੀ, ਅੰਗ, ਵਰਤੋਂ, ਕ੍ਰਮ, ਅਰਥ ਤੇ ਉਚਾਰਨ)

*-ਡਾ. ਗੁਰਮੇਲ ਸਿੰਘ**

ਪੰਚਮ ਗੁਰਦੇਵ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਲਈ ਮੁੱਖ ਤੌਰ ਉੱਤੇ ਤਿੰਨ ਤੱਤ, ਆਧਾਰ (base) ਬਣਾਏ ਹਨ:

(੧) ਰਾਗ
(੨) ਕਾਵਿ-ਰੂਪ ਤੇ
(੩) ਬਾਣੀਕਾਰ

ਉਕਤ ਤਿੰਨ ਆਧਾਰਾਂ ਉੱਪਰ ਗੁਰੂ ਜੀ ਨੇ ਬਾਣੀ ਤਰਤੀਬ ਦੇ ਕੇ ਉਸ ਨੂੰ ਸਰਲ, ਸਪਸ਼ਟ ਤੇ ਹਰੇਕ ਪੱਖ ਤੋਂ ਗ੍ਰਹਿਣਯੋਗ ਬਣਾਉਣ ਲਈ ਜਿਹੜੇ ਸੰਪਾਦਕੀ-ਪ੍ਰਬੰਧ ਨਿਰਮਤ ਕੀਤੇ, ਉਹ ਵੀ ਮੁੱਖ ਤੌਰ ਉੱਤੇ ਤਿੰਨ ਹਨ:

(੧) ਸਿਰਲੇਖ
(੨) ਅੰਕ ਤੇ
(੩) ਰਹਾਉ

ਹਥਲੇ ਆਲੇਖ ਵਿਚ ਬਾਣੀ ਸੰਪਾਦਨਾ ਲਈ ਸਿਰਜੇ ਗਏ ਮਾਡਲਾਂ/ਪ੍ਰਬੰਧਾਂ ਵਿੱਚੋਂ ਸਿਰਫ ਸਿਰਲੇਖ-ਪ੍ਰਬੰਧ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ।

(੧) 'ਪ੍ਰਬੰਧ' (System) ਦਾ ਕੋਸ਼ਗਤ ਅਰਥ ਹੈ: ਚੰਗੀ ਤਰ੍ਹਾਂ ਵਿਉਂਤਿਆ ਹੋਇਆ, ਭਾਵ ਅਜਿਹੀ ਹੋਂਦ, ਵਸਤੂ, ਪਾਠ ਜਾਂ ਸੰਸਥਾ ਪ੍ਰਬੰਧ ਕਹਾ ਸਕਦੀ ਹੈ, ਜਿਸਦੀ ਪਛਾਣਨਯੋਗ ਪ੍ਰਕਿਰਤੀ ਹੋਵੇ, ਉਸਨੂੰ ਸੁਤੰਤਰ ਪਰਿਭਾਸ਼ਤ ਕੀਤਾ ਜਾ ਸਕੇ, ਉਸਦਾ ਕੋਈ ਉਦੇਸ਼ ਹੋਵੇ ਤੇ ਗ੍ਰਹਿਣਯੋਗ ਸੁਭਾਅ ਹੋਵੇ। ਇਸ ਹਵਾਲੇ ਨਾਲ ਗੁਰਬਾਣੀ ਵਿਚ ਸਿਰਲੇਖ ਇਕ 'ਪ੍ਰਬੰਧ' ਵਜੋਂ ਕਾਰਜਸ਼ੀਲ ਹੈ, ਜਿਸ ਨੂੰ ਸੁਤੰਤਰ ਰੂਪ ਵਿਚ ਪਰਿਭਾਸ਼ਤ ਕੀਤਾ ਜਾ ਸਕਦਾ ਹੈ ਤੇ ਅਧਿਐਨ-ਵਸਤੂ (object of study) ਬਣਾਇਆ ਜਾ ਸਕਦਾ ਹੈ।

(੨) ਗੁਰਬਾਣੀ ਵਿਚ ਕਾਰਜਸ਼ੀਲ ਸਿਰਲੇਖ-ਪ੍ਰਬੰਧ, ਗੁਰਬਾਣੀ ਦੇ ਸੰਪਾਦਕੀ-ਪ੍ਰਬੰਧ ਦਾ ਹਿੱਸਾ ਹੈ। ਇਸ ਦਾ ਬਾਣੀ ਵਿਚਲੇ ਹੋਰ ਪ੍ਰਬੰਧਾਂ, ਜਿਹਾ ਕਿ 'ਰਹਾਉ, ਅੰਕ, ਰਾਗ, ਲਿਖਤ' ਆਦਿ ਨਾਲ ਕਿਤੇ ਸਿੱਧਾ ਅਤੇ ਕਿਤੇ ਅਸਿੱਧਾ ਸੰਬੰਧ ਹੈ। ਦੂਜੇ ਸ਼ਬਦਾਂ ਵਿਚ ਇਹ ਸਾਰੇ ਪ੍ਰਬੰਧ ਅੰਤਰ-ਸੰਬੰਧਿਤ ਹਨ। ਇਸ ਤਰ੍ਹਾਂ ਇਉਂ ਵੀ ਕਿਹਾ ਜਾ ਸਕਦਾ ਹੈ ਕਿ ਸਿਰਲੇਖ-ਪ੍ਰਬੰਧ, ਬਾਣੀ ਵਿਚਲੇ ਦੂਸਰੇ ਪ੍ਰਬੰਧਾਂ ਦੀ ਹੋਂਦ ਵਿਚ ਹੀ ਸੁਤੰਤਰ ਹੈ। ਜਿੱਥੇ ਇਹ ਸੰਪਾਦਕੀ-ਪ੍ਰਬੰਧ ਦਾ ਇਕ ਭਾਗ ਬਣ ਕੇ ਵਿਚਰਦਾ ਹੈ, ਉੱਥੇ ਇਸ ਅਧੀਨ ਵੀ ਕਈ ਪ੍ਰਬੰਧ ਕਾਰਜਸ਼ੀਲ ਹਨ, ਜਿਵੇਂ: 'ਰਾਗੁ ਜਾਂ ਘਰੁ-ਪ੍ਰਬੰਧ', ਸਿਰਲੇਖ-ਪ੍ਰਬੰਧ ਦਾ ਹੀ ਇਕ ਅੰਗ ਹਨ।

**ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ-੧੪੭੦੦੨; ਮੋ: +੯੧੯੮੨੯੩੮-੨੫੪੩੯*

(੩) ਗੁਰਬਾਣੀ ਵਿਚ ਵਰਤੇ ਗਏ ਸਿਰਲੇਖਾਂ ਦੀ ਗਿਣਤੀ; ਜੇ ਸਿਰਲੇਖਾਂ ਵਿਚਲੇ ਇਕ ਅੰਗ 'ਬਾਣੀ ਕਾਵਿ-ਰੂਪ' ਨੂੰ ਅਧਾਰ ਬਣਾਇਆ ਜਾਵੇ (ਜਿਵੇਂ ਜਪੁ, ਸੁਖਮਨੀ, ਆਰਤੀ, ਮੁੰਦਾਵਣੀ, ਸੁਚਜੀ, ਕੁਚਜੀ...), ਤਾਂ ਇਹ ੭੩-ਕੁ ਬਣਦੀ ਹੈ; ਇਸ ਵਿਚ ਬਾਣੀ ਕਾਵਿ-ਰੂਪ ਸਿਰਲੇਖਾਂ ਦੀ ਦੁਹਰਾਅ ਗਿਣਤੀ (ਜਿਵੇਂ ਬਾਰਹਮਾਹਾ- ਮ:੧ ਤੇ ੫, ਬਾਵਨ ਅਖਰੀ- ਮ:੫ ਤੇ ਕਬੀਰ ਜੀ, ਪਟੀ- ਮ:੧ ਤੇ ਮ:੩...) ਵੀ ਸ਼ਾਮਿਲ ਹੈ। ਜੇਕਰ ਸਿਰਲੇਖ ਵਿਚਲੇ ਹਰੇਕ ਅੰਗ (ਰਾਗ, ਕਾਵਿ-ਰੂਪ, ਸ਼ਬਦ ਗਿਣਤੀ, ਉਚਾਰਨ ਸੰਕੇਤ ਆਦਿ) ਨੂੰ, ਉਸਦੇ ਅਨੇਕ ਵਾਰ ਹੋਏ ਦੁਹਰਾਅ ਸਮੇਤ ਸ਼ਾਮਿਲ ਕਰ ਲਈਏ ਤਾਂ ਇਹ ਗਿਣਤੀ ੮੦੦੦ ਤੋਂ ਟੱਪ ਜਾਂਦੀ ਹੈ (੮੩੧੧)। ਇਸ ਵਿਚ 'ਰਹਾਉ, ਸਲੋਕ, ਪਉੜੀ' ਜਿਹੇ ਪ੍ਰਬੰਧ/ਕਾਵਿ/ਛੰਦ ਰੂਪ ਤੇ ਨਿਰੋਲ ਸੰਪਾਦਕੀ ਸੰਕੇਤ 'ਸੁਧੁ, ਜੁਮਲਾ' ਆਦਿ ਵੀ ਸ਼ਮਿਲ ਹਨ। ਜੇਕਰ ਗਿਣਤੀ ਕਰਨ ਦਾ ਅਧਾਰ, ਸਿਰਲੇਖ ਦੇ ਇਕ ਜਾਂ ਵਧੇਰੇ ਅੰਗਾਂ ਦੀ ਕੁੱਲ ਵਰਤੋਂ ਦੇ ਹਰੇਕ ਰੂਪ ਨੂੰ ਬਣਾਈਏ ਤਾਂ ਇਹ ਹਜ਼ਾਰਾਂ ਵਿਚ ਹੈ, ਜਿਵੇਂ 'ਮ:੧' ਦੀ ਇਕਲੀ ਕੁੱਲ ਵਰਤੋਂ ਹੀ ਸੈਂਕੜਿਆਂ ਵਿਚ ਤੇ 'ਰਹਾਉ' ਦੀ ੨੬੨੮ ਵਾਰ ਹੈ।

(੪) ਬੁਨਿਆਦੀ ਰੂਪ ਵਿਚ ਸਿਰਲੇਖਾਂ ਦਾ ਦੋ ਭਾਗਾਂ ਵਿਚ ਵਰਗੀਕਰਨ ਕੀਤਾ ਜਾ ਸਕਦਾ ਹੈ: ਇਕ ਮੰਗਲਾਚਰਨ, ਜਿਹੜਾ 'ਮੂਲ ਮੰਤ੍ਰ' ਦੇ ਰੂਪ ਵਿਚ ਚਾਰ-ਪ੍ਰਕਾਰਾਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਭਿੰਨ ਥਾਵਾਂ ਉੱਤੇ ੫੬੭ ਵਰਤਿਆ ਗਿਆ ਹੈ। ਦੂਜਾ ਵਿਚਾਰਾਧੀਨ ਸਿਰਲੇਖ, ਜਿਸ ਦੇ ਅਨੇਕ ਪਸਾਰ ਹਨ।

(੫) ਸਥਾਨ ਦੀ ਦ੍ਰਿਸ਼ਟੀ ਤੋਂ ਸਿਰਲੇਖ, ਬਾਣੀ/ਸ਼ਬਦ-ਵਿਸ਼ੇਸ਼ ਦੇ ਸਭ ਤੋਂ ਮੁੱਢ, ਪਰ ਮੰਗਲਾਚਰਨ ਤੋਂ ਇਕਦਮ ਬਾਅਦ ਵਿਚ ਸਥਿਤ ਹਨ। ਮੁੱਖ ਸਿਰਲੇਖਾਂ ਅਧੀਨ ਬਾਣੀ ਦੇ ਅੰਦਰਵਾਰ ਵਿਚਰਨ ਵਾਲੇ ਉਪ/ਛੋਟੇ ਸਿਰਲੇਖ, ਜਿਵੇਂ 'ਸਲੋਕ, ਮ:੧...' ਆਦਿ; ਜਿਹੜੇ ਵਾਰ-ਵਾਰ ਦੁਹਰਾਏ ਗਏ ਹਨ, ਬਾਣੀ-ਪਾਠ ਦੇ ਚਲੰਤ/ਪ੍ਰਵਾਹ ਵਿਚ ਹੀ ਆਏ ਹਨ।

(੬) ਸੁਭਾਅ ਪੱਖੋਂ ਜਿੱਥੇ ਸਮੁੱਚੀ ਮੂਲ-ਬਾਣੀ ਕਾਵਿ, ਛੰਦ ਤੇ ਸੰਗੀਤ ਵਿਚ ਹੈ, ਉੱਥੇ ਸਿਰਲੇਖ ਵਾਰਤਕ ਵਿਚ ਹਨ। ਇਹ ਕਾਵਿ, ਸੰਗੀਤ ਤੇ ਛੰਦ ਤੋਂ ਮੁਕਤ ਹਨ। ਧਰਮ-ਸ਼ਾਸਤਰੀ ਦ੍ਰਿਸ਼ਟੀ ਤੋਂ ਇਉਂ ਵੀ ਕਿਹਾ ਜਾ ਸਕਦਾ ਹੈ ਕਿ ਜਿੱਥੇ ਸਾਰੀ ਮੂਲ-ਬਾਣੀ ਅਧਿਆਤਮਕ ਅਨੁਭਵ ਦਾ ਪ੍ਰਗਟਾਵਾ ਹੈ, ਉੱਥੇ ਸਿਰਲੇਖ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਚੇਰੀ ਬੌਧਿਕ ਸਮਰੱਥਾ ਦਾ ਪ੍ਰਗਟਾਵਾ ਹਨ।

(੭) ਸਿਰਲੇਖਾਂ ਦੇ ਕੁਝ ਅੰਗ, ਖਾਸਕਰ ਬਾਣੀ ਕਾਵਿ-ਰੂਪ, ਜਿਵੇਂ 'ਜਪੁ, ਅਨੰਦੁ, ਸੁਖਮਨੀ' ਸੰਭਵ ਹੈ ਕਿ ਬਾਣੀ-ਸੰਪਾਦਨਾ ਤੋਂ ਪਹਿਲਾਂ ਵੀ ਹੋਣ, ਪਰ ਬੁਨਿਆਦੀ ਰੂਪ ਵਿਚ ਸਿਰਲੇਖਾਂ ਦੇ ਸਿਰਜਨਹਾਰ ਸ੍ਰੀ ਗੁਰੂ ਅਰਜਨ ਦੇਵ ਜੀ ਹਨ। ਜਿਹੜੇ ਸਿਰਲੇਖ (ਜਪੁ, ਅਨੰਦੁ, ਕੁਚਜੀ, ਸੁਚਜੀ...) ਆਦਿ ਸੰਪਾਦਨਾ ਤੋਂ ਪਹਿਲਾਂ ਵੀ ਮੂਲ ਕਰਤਿਆਂ ਵਲੋਂ ਦਿੱਤੇ ਗਏ, ਉਨਾਂ ਨੂੰ ਵੀ ਇਕ ਕ੍ਰਮ ਅਤੇ ਨਿਸ਼ਚਿਤ ਵਿਉਂਤ ਵਿਚ ਪੰਚਮ ਪਾਤਸ਼ਾਹ ਨੇ ਹੀ ਵਿਉਂਤਿਆ। ਇਸ ਹਵਾਲੇ ਵਿਚ ਸਿਰਲੇਖ, ਸੰਪਾਦਕੀ-ਵਿਧਾਨ ਦਾ ਭਾਗ ਹਨ।

(੮) ਸਿਰਲੇਖਾਂ ਵਿਚ ਸੰਪਾਦਕ ਗੁਰੂ ਜੀ ਵੱਲੋਂ ਸ਼ਬਦਾਂ ਤੇ ਅੰਕਾਂ ਦੀ ਵਰਤੋਂ ਕੀਤੀ ਗਈ ਹੈ; ਦੂਜੇ ਸ਼ਬਦਾਂ ਵਿਚ ਸਿਰਲੇਖ-ਪ੍ਰਬੰਧ ਨੂੰ ਵਿਉਂਤਣ ਵਿਚ 'ਅੰਕ ਤੇ ਸ਼ਬਦ' ਲਿਪੀ-

ਚਿੰਨ੍ਹਾਂ ਦਾ ਸਹਾਰਾ ਲਿਆ ਗਿਆ ਹੈ। ਇਕ ਸ਼ਬਦ-ਵਿਸ਼ੇਸ਼ 'ਮਹਲਾ' ਲਈ ਸੰਖੇਪ ਤਰਤੀਬ 'ਮ:' ਵੀ ਸੈਂਕੜੇ ਵਾਰ ਵਰਤੋਂ ਵਿਚ ਹੈ।

(੯) ਸਿਰਲੇਖਾਂ ਵਿਚ ਦਿੱਤੀ ਸੂਚਨਾ, ਜੋ ਅੰਕਾਂ ਤੇ ਸ਼ਬਦਾਂ ਰਾਹੀਂ ਦਿੱਤੀ ਗਈ ਹੈ, ਦੀ ਵਰਤੋਂ ਕਈ ਅੰਗੀ ਹੈ। ਇਹ ਇਕ ਅੰਗ ਵਿਚ ਵੀ, ਜਿਵੇਂ: ਸਿਰਫ਼ ਬਾਣੀ ਨਾਂ 'ਜਪੁ' ਤੇ ਦੋ ਅੰਗਾਂ ਵਿਚ ਵੀ, ਜਿਵੇਂ: ਰਾਗ ਤੇ ਬਾਣੀਕਾਰ 'ਗਉੜੀ ਮਹਲਾ ੫' ਅਤੇ ਵਧੇਰੇ ਵੀ ਹੈ। ਇਹ ਵੱਧ ਤੋਂ ਵੱਧ ਪੰਜ ਅੰਗਾਂ ਤਕ ਹੈ, ਜਿਵੇਂ:

੧. *ਜਪੁ* (ਇਕ ਅੰਗ : ਸਿਰਫ ਬਾਣੀ ਨਾਂ)

੨. *ਆਸਾ ਮਹਲਾ ੫* (ਦੋ ਅੰਗ: ਰਾਗ ਤੇ ਬਾਣੀਕਾਰ)

੩. *ਆਸਾ ਮਹਲਾ ੫ ਚਉਪਦੇ* (ਤਿੰਨ ਅੰਗ: ਰਾਗ, ਬਾਣੀਕਾਰ ਤੇ ਕਾਵਿ/ਛੰਦ ਰੂਪ)

੪. *ਰਾਗੁ ਭੈਰਉ ਮਹਲਾ ੧ ਘਰੁ ੧ ਚਉਪਦੇ* (ਚਾਰ ਅੰਗ: ਰਾਗ, ਬਾਣੀਕਾਰ, ਸੰਗੀਤ-ਮੂਲਕ ਸੰਕੇਤ 'ਘਰੁ' ਤੇ ਛੰਦ/ਕਾਵਿ ਰੂਪ 'ਚਉਪਦੇ')

੫. *ਰਾਗੁ ਮਾਰੂ ਮਹਲਾ ੧ ਘਰੁ ੧ ਚਉਪਦੇ ਸਲੋਕੁ* (ਪੰਜ ਅੰਗ: ਰਾਗ, ਬਾਣੀਕਾਰ, ਘਰੁ, ਛੰਦ ਰੂਪ ਦੋ 'ਚਉਪਦੇ ਤੇ ਸਲੋਕ')

(੧੦) ਸਿਰਲੇਖਾਂ ਵਿਚਲੀ ਸੂਚਨਾ ਬੁਨਿਆਦੀ ਤੌਰ ਉੱਤੇ ਪੰਜ-ਕੁ ਪ੍ਰਕਾਰ ਦੀ ਹੈ:

**੧੦.੧.** ਬਾਣੀ ਸਿਰਲੇਖਾਂ ਦਾ ਪਹਿਲਾ ਪਸਾਰ ਜਾਂ ਮੁਖ ਅੰਗ ਸੰਗੀਤ/ਰਾਗ ਹੈ। ਭਾਵ ਪਹਿਲੇ ਪੱਧਰ ਉੱਤੇ ਸਿਰਲੇਖ ਸੰਬੰਧਿਤ ਸ਼ਬਦ/ਬਾਣੀ ਦੇ ਰਾਗ ਦੀ ਸੂਚਨਾ ਦਿੰਦਾ ਹੈ। ਤਰਤੀਬ ਦੇ ਲਿਹਾਜ਼ ਨਾਲ ਵੀ ਰਾਗ ਨੂੰ ਹੀ ਪਹਿਲ ਦਿੱਤੀ ਗਈ ਹੈ। ਸਮੁੱਚੀ ਬਾਣੀ ਵਿਚ ੩੧ ਮੁੱਖ ਤੇ ੩੦ ਉਪ-ਰਾਗਾਂ ਦੀ ਵਰਤੋਂ ਹੋਈ ਹੈ। ਇਸ ਦੇ ਨਾਲ ਹੀ ਸੰਗੀਤ ਨਾਲ ਸੰਬੰਧਿਤ ਹੋਰ ਸੂਚਨਾਵਾਂ: ਘਰੁ (ਇਹ ੧ ਤੋਂ ੧੭ ਤਕ ਹਨ), ਪੜਤਾਲ (ਤਾਲ ਨਾਲ ਸੰਬੰਧਿਤ), ਜਤਿ (ਜੋੜੀ ਵਜਾਉਣ ਦੀ ਇਕ ਗਤਿ), ਸੁਧੰਗ (ਸੰਗੀਤ ਦੇ ਸ਼ੁਧ+ਅੰਗ ਵਾਲੀ) ਆਦਿ ਵੀ ਮਿਲਦੀਆਂ ਹਨ।

**੧੦.੨.** ਸਿਰਲੇਖ ਵਿਧਾਨ ਵਿਚ ਸੂਚਨਾ ਦਾ ਦੂਜਾ ਪਸਾਰ ਸੰਬੰਧਿਤ ਬਾਣੀ/ਸ਼ਬਦ ਦੇ ਰਚਿਆਰ ਨਾਲ ਸੰਬੰਧਿਤ ਹੈ। ਮੁੱਖ ਤੌਰ ਉੱਤੇ (ਗੁਰੂ-ਬਾਣੀਕਾਰ ਦੇ ਵਿਸ਼ੇਸ਼ ਹਵਾਲੇ ਨਾਲ) ਸਿਰਲੇਖ ਤੋਂ ਹੀ ਪਤਾ ਲਗਦਾ ਹੈ ਕਿ ਇਸਦੇ ਹੇਠਲੀ ਬਾਣੀ ਕਿਸ ਬਾਣੀਕਾਰ ਦੀ ਹੈ। ਬਾਣੀ ਦੇ ਕੁੱਲ ਰਚਿਆਰ, ਜਿਨਾਂ ਵਿੱਚੋਂ ੬ ਗੁਰੂ ਸਹਿਬਾਨ ਲਈ 'ਮਹਲੁ/ਲਾ/ਮ:' ਪਦ ਵਰਤ ਕੇ ਗੁਰੂ ਬਾਣੀਕਾਰ ਦੇ ਕ੍ਰਮਾਨੁਸਾਰ ੧, ੨, ੩, ੪, ੫, ੯ ਅੰਕ ਵਰਤੇ ਗਏ ਹਨ। ਭਗਤ ਸਹਿਬਾਨ ਲਈ ਨਾਂ ਵਰਤੇ ਗਏ ਹਨ, ਜਿਵੇਂ: ਕਬੀਰ ਜੀਉ। ਭੱਟ ਸਾਹਿਬਾਨ ਦੀ ਸੂਚਨਾ ਸੰਬੰਧਿਤ ਸ਼ਬਦ ਦੀ ਅੰਤਲੀ ਤੁਕ (ਤੇ ਅੰਕ-ਪ੍ਰਬੰਧ) ਦੀ ਸਹਾਇਤਾ ਨਾਲ ਮਿਲਦੀ ਹੈ। ਤਿੰਨ ਗੁਰਸਿੱਖ ਬਾਣੀਕਾਰਾਂ ਵਿੱਚੋਂ ਦੋ ਦੀ ਸੂਚਨਾ ਸਿਰਲੇਖ ਤੇ ਇਕ (ਬਾਬਾ ਸੁੰਦਰ) ਦੀ ਬਾਣੀ-ਪਾਠ ਵਿੱਚੋਂ ਮਿਲਦੀ ਹੈ।

**੧੦.੩.** ਬਾਣੀ ਸਿਰਲੇਖਾਂ ਵਿਚੋਂ ਸੂਚਨਾ ਦਾ ਤੀਜਾ ਅਹਿਮ ਪਸਾਰ ਸੰਬੰਧਿਤ ਬਾਣੀ ਦੇ ਕਾਵਿ-ਰੂਪ ਨਾਂ ਨਾਲ ਸੰਬੰਧਿਤ ਹੈ। ਇਹ ਮੁੱਖ ਤੌਰ ਉੱਤੇ ਦੋ ਪ੍ਰਕਾਰ ਦਾ ਹੈ : ਵਿਸ਼ਾ-ਵਸਤੂ ਮੂਲਕ, ਜਿਵੇਂ: ਜਪੁ, ਸੁਖਮਨੀ, ਅਨੰਦੁ, ਸਿਧ ਗੋਸਟਿ, ਕੁਚਜੀ, ਸੁਚਜੀ, ਮੁੰਦਾਵਣੀ, ਰਹਰਾਸਿ,

ਆਰਤੀ, ਗਾਥਾ ਆਦਿ ਅਤੇ ਕਾਵਿ/ਭਾਸ਼ਾਈ, ਛੰਦ/ਸਾਹਿਤ ਮੂਲਕ, ਜਿਵੇਂ: ਪਟੀ, ਬਾਵਨ ਅਖਰੀ, ਬਾਰਹਮਾਹ, ਚਉਪਦੇ, ਅਸਟਪਦੀ, ਵਾਰ, ਰੁਤੀ, ਥਿਤੀ, ਕਾਫੀ, ਛੰਤ, ਮੰਗਲ, ਡਖਣੇ, ਸਹਸਕ੍ਰਿਤੀ, ਸੋਹਿਲਾ, ਘੋੜੀਆਂ, ਵਣਜਾਰਾ, ਕਰਹਲਾ, ਪਹਰੇ ਆਦਿ।

**੧੦.੪.** ਸੂਚਨਾ ਦਾ ਚੌਥਾ ਪਸਾਰ ਉਚਾਰਨ-ਮੂਲਕ ਹੈ। ਸਿਰਲੇਖ-ਪ੍ਰਬੰਧ ਵਿਚਲੇ ਉਚਾਰਨ ਸੰਕੇਤਾਂ ਦੇ ਅਧਾਰ ਉੱਤੇ ਹੀ ਬਾਣੀ-ਪਾਠ ਤੇ ਕੀਰਤਨ/ਗਾਇਨ ਪਰੰਪਰਾ ਨੂੰ ਵਧੇਰੇ ਠੋਸ ਤੇ ਨਿਸ਼ਚਿਤ ਸੇਧ ਮਿਲੀ ਹੈ। ਇਸ ਦੇ ਮੁੱਖ ਦੋ ਰੂਪ ਹਨ:

(**ੳ**) ਅੰਕਾਂ ਦੀ ਉਚਾਰਨ ਸੂਚਨਾ

(**ਅ**) ਸ਼ਬਦ/ਬਾਣੀ/ਵਾਰ ਵਿਸ਼ੇਸ਼ ਦੀ ਧੁਨਿ ਸੂਚਨਾ

(**ੳ**) ਸਿਰਲੇਖਾਂ ਵਿਚ ਗਿਣਤੀ ਵਾਚਕ ਦਿੱਤੇ ਗਏ (ਅੰਕ ਸ਼ਾਸਤਰੀ) ਅੰਕ ੧,੨,੩... ਦਾ ਉਚਾਰਨ, ਅੰਕ ਸ਼ਾਸਤਰੀ ਇਕ, ਦੋ, ਤਿੰਨ... ਹੋਵੇ ਜਾਂ ਸ਼ਬਦ ਮੂਲਕ ਦਰਜਾ-ਬੋਧਕ ਪਹਿਲਾ, ਦੂਜਾ, ਤੀਜਾ...? ਇਸ ਬਾਰੇ ਸਿਰਲੇਖਾਂ ਵਿਚ ਦਿੱਤੀ ਗਈ ਸੂਚਨਾ ਨਾਲ ਹੀ ਵਸਤੂ-ਸਥਿਤੀ ਸਪਸ਼ਟ ਹੋਈ ਹੈ। ਉਦਾਹਰਨ ਵਜੋਂ ਗੁਰੂ ਬਾਣੀਕਾਰ 'ਮਹਲਾ' ਨਾਲ ਦੇ '੧,੨,੩...੯,' ਤੇ ਘਰੁ ਨਾਲ ਦਿੱਤੇ '੧,੨,੩...੧੭' ਅੰਕਾਂ ਦਾ ਉਚਾਰਨ 'ਪਹਿਲਾ, ਦੂਜਾ, ਤੀਜਾ, ਨੌਵਾਂ, ਸਤਾਰਵਾਂ' ਹੈ। ਇਸ ਬਾਰੇ ਸੂਚਨਾ ਸਿਰਲੇਖਾਂ ਵਿਚ ਹੀ ਹੈ, ਜਿਵੇਂ: ਰਾਗੁ ਸਿਰੀਰਾਗੁ ਮਹਲਾ ਪਹਿਲਾ ੧ ਘਰੁ ੧॥(੧੪); ਸਿਰੀਰਾਗੁ ਮਹਲਾ ੧ ਘਰੁ ਦੂਜਾ ੨॥(੨੩).

(**ਅ**) ਸ਼ਬਦ/ਬਾਣੀ/ਵਾਰ ਦੀ ਧੁਨਿ ਸੰਬੰਧੀ ਉਚਾਰਨ ਸੂਚਨਾ ਦੀ ਦੂਜੀ ਪ੍ਰਕਾਰ, 'ਘਰੁ' ਤੇ 'ਵਾਰ' ਦੇ ਵਿਸ਼ੇਸ਼ ਹਵਾਲੇ ਵਿਚ ਮਿਲਦੀ ਹੈ। ਕੁਝ ਸ਼ਬਦਾਂ ਦੇ ਸਿਰਲੇਖਾਂ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਸੰਬੰਧਿਤ ਸ਼ਬਦ ਨੂੰ ਇਕ ਹੋਰ ਸ਼ਬਦ-ਵਿਸ਼ੇਸ਼ ਦੇ 'ਘਰੁ' ਵਿਚ ਗਾਇਆ ਜਾਵੇ, ਜਿਵੇਂ: ਏਕੁ ਸੁਆਨੁ ਕੈ ਘਰਿ ਗਾਵਣਾ; ਪਹਰਿਆ ਕੈ ਘਰਿ ਗਾਵਣਾ ਆਦਿ। ਵਾਰ ਵਿਸ਼ੇਸ਼ ਦੇ ਹਵਾਲੇ ਨਾਲ ਉਚਾਰਨ ਸੂਚਨਾ/ਹਦਾਇਤ ਦਿੱਤੀ ਗਈ ਹੈ ਕਿ ਸੰਬੰਧਿਤ ਬਾਣੀ (ਵਾਰ) ਨੂੰ ਲੋਕ-ਕਾਵਿ ਧੁਨਿ ਦੀ ਫਲਾਣੀ ਧੁਨਿ ਵਿਚ ਗਾਇਆ ਜਾਵੇ, ਜਿਵੇਂ: ਵਾਰ ਮਾਝ ਕੀ...ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ (੧੩੮)।

**੧੦.੫.** ਸਿਰਲੇਖਾਂ ਵਿਚ ਕੁਝ ਹੋਰ ਸੂਚਨਾਵਾਂ ਵੀ ਹਨ, ਜਿਨ੍ਹਾਂ ਨੂੰ ਫੁਟਕਲ ਸਿਰਲੇਖ ਦਿੱਤਾ ਜਾ ਸਕਦਾ ਹੈ। ਇਨ੍ਹਾਂ ਸੂਚਨਾਵਾਂ ਵਿਚ ਕੁਝ ਥਾਂ ਅੰਕਾਂ ਦੀ ਵਰਤੋਂ ਸੰਬੰਧਿਤ ਬਾਣੀ/ਸ਼ਬਦ-ਵਿਸ਼ੇਸ਼ ਦੇ ਪਦਿਆਂ/ਬੰਦਾਂ ਦੀ ਗਿਣਤੀ ਨਾਲ ਸੰਬੰਧਿਤ ਹੈ, ਜਿਵੇਂ: ਆਸਾ ਮਹਲਾ ੩ ਪੰਚਪਦੇ$_{੨}$ (੩੬੪), ਮਹਲਾ ੫ ਪੰਚਪਦਾ$_{੧}$ (੩੯੩), ਆਸਾ ਕਬੀਰ ਜੀਉ ਕੇ ਪੰਚਪਦੇ ੯ ਦੁਤੁਕੇ ੫॥ (੪੭੯) ਆਸਾ ਇਕਤੁਕੇ ੪॥ (੪੮੦) ਆਦਿ। ਇਥੇ ਖੜਵੇਂ/ਲਟਕਵੇਂ ਰੂਪ ਵਿਚ ਆਏ ਅੰਕ ਸੰਬੰਧਿਤ 'ਪਦ/ਦਰੁ/ਦਖ' ਦੀ ਗਿਣਤੀ ਨੂੰ ਸੂਚਿਤ ਕਰਦੇ ਹਨ। ਉਦਾਹਰਨ ਵਜੋਂ 'ਮਹਲਾ ੫ ਪੰਚਪਦਾ' ਹੇਠਲਾ '੧' ਲਟਕਵਾਂ ਅੰਕ (ਪੰਚਪਦਾ$_{੧}$) ਦਸਦਾ ਹੈ ਕਿ ਇਸ ਸਿਰਲੇਖ ਹੇਠ ਪੰਚਮ ਪਾਤਸ਼ਾਹ ਦਾ ਇਕ 'ਪਦਾ' ਹੈ। ਇਸੇ ਤਰ੍ਹਾਂ 'ਆਸਾ ਮਹਲਾ ੩ ਪੰਚਪਦੇ$_{੨}$' ਸਿਰਲੇਖ ਹੇਠ ਤੀਸਰੇ ਪਾਤਸ਼ਾਹ ਦੇ ਦੋ ਪੰਚਪਦੇ (੫-੫ ਬੰਦਾਂ ਵਾਲੇ ਦਰ ਛਲਦ) ਹਨ। ਖੜਵੇਂ ਅੰਕਾਂ ਦੀ ਵੀ ਇਹੋ ਸਥਿਤੀ ਹੈ। ਕੁਝ ਥਾਂ ਕਿਸੇ ਬਾਣੀ/ਸ਼ਬਦ ਦੇ ਇਕ ਤੋਂ ਵਧੇਰੇ ਰਚਨਾਹਾਰ ਹੋਣ ਦੀ ਸੂਰਤ ਵਿਚ ਸੂਚਿਤ ਕੀਤਾ ਗਿਆ ਹੈ, ਜਿਵੇਂ: *ਗਉੜੀ ਕਬੀਰ*

*ਜੀ ਕੀ ਨਾਲਿ ਰਲਾਇ ਲਿਖਿਆ ਮਹਲਾ ੫* ਆਦਿ। ਸਲੋਕ *ਵਾਰਾਂ ਤੇ ਵਧੀਕ* ਜਿਹੇ ਸਿਰਲੇਖ ਦੱਸਦੇ ਹਨ ਕਿ ਬਾਣੀ ਵਿਚਲੇ ਸਲੋਕ ਜੋ ਸੰਬੰਧਿਤ ਥਾਂ ਉੱਤੇ ਬਚ ਰਹੇ, ਉਹ ਇੱਥੇ ਸ਼ਾਮਿਲ ਕੀਤੇ ਹਨ। ਕੁਝ ਸੰਪਾਦਕੀ ਹਦਾਇਤਾਂ ਹਨ੪ , ਜਿਨ੍ਹਾਂ ਦਾ ਸੰਬੰਧ ਬਾਣੀ ਦੇ ਪਾਠ (reading and text), ਜੋੜ ਆਦਿ ਨਾਲ ਹੈ: ਜਿਵੇਂ: 'ਇਹੁ ਸਲੋਕੁ ਆਦਿ/ਅੰਤੁ ਪੜਨਾ' ਜਾਂ 'ਜੁਮਲਾ, ਸੁਧੁ, ਸੁਧੁ ਕੀਚੈ' ਆਦਿ। ਕੀਰਤਨ ਅਤੇ ਪਾਠ (reading) ਪਰੰਪਰਾ ਦਾ ਅਹਿਮ ਭਾਗ 'ਰਹਾਉ', ਜੇ ਸਿਰਲੇਖ ਮੰਨਣਾ ਹੋਵੇ ਤਾਂ ਇਹ ਸੰਬੰਧਿਤ ਬਾਣੀ/ਸ਼ਬਦ ਦੇ ਕੇਂਦਰੀ ਭਾਵ ਨੂੰ ਸੰਕੇਤ ਕਰਦਾ 'ਸਿਰਲੇਖ' ਹੈ।

(੧੧) ਸਿਰਲੇਖ-ਪ੍ਰਬੰਧ ਵਿਚਲੇ ਵੱਖੋ-ਵੱਖ ਅੰਗ (ਰਾਗ, ਬਾਣੀਕਾਰ, ਉਚਾਰਨ-ਮੂਲਕ...) ਤਰਤੀਬ ਜਾਂ ਕ੍ਰਮ ਦੀ ਦ੍ਰਿਸ਼ਟੀ ਤੋਂ ਭਾਵੇਂ ਇਕ ਵਿਸ਼ੇਸ਼-ਕ੍ਰਮ ਵਿਚ ਆਏ ਹਨ, ਪਰ ਉਨਾਂ ਦੀ ਤਰਤੀਬ ਸ਼ਾਸਤਰੀ ਨੇਮਾਂ ਦੀ ਮੁਥਾਜ ਨਹੀਂ, ਬਾਣੀ-ਵਿਚਾਰਧਾਰਾ ਤੇ ਸਰੂਪ ਵਾਂਗ ਖੁਲ੍ਹੀ ਹੈ। ਇਹ ਵਧੇਰੇ ਕਰਕੇ ਸੰਬੰਧਿਤ ਸ਼ਬਦ/ਬਾਣੀ ਦੀ ਸਥਿਤੀ, ਪ੍ਰਸੰਗ ਜਾਂ ਵਿਸ਼ਾ-ਮੂਲਕ ਹੈ। ਇੱਥੇ ਇਹ ਵੀ ਧਿਆਨਯੋਗ ਹੈ ਕਿ ਸਿਰਲੇਖਾਂ ਵਿਚਲੇ ਅੰਗਾਂ ਦੇ ਕ੍ਰਮ ਵਿਚਲੇ ਫਰਕ ਬਾਣੀ ਦੇ ਭਾਵ ਉੱਤੇ ਕੋਈ ਪ੍ਰਭਾਵ ਨਹੀਂ ਪਾਉਂਦੇ, ਪਰ ਰੂਪਕ ਪੱਧਰ ਉੱਤੇ ਅਰਥਾਂ ਨੂੰ ਜਰੂਰ ਪ੍ਰਭਾਵਿਤ ਕਰਦੇ ਹਨ। ਸਿਰਲੇਖਾਂ ਵਿਚਲੇ ਅੰਗਾਂ ਦੀ ਤਰਤੀਬ, ਜੋ ਵਧੇਰੇ ਵਰਤੀ ਗਈ ਹੈ, ਉਹ ਕ੍ਰਮ ਵਿਚ, ਇਸ ਤਰ੍ਹਾਂ ਹੈ:

(੧) ਸਭ ਤੋਂ ਪਹਿਲ 'ਰਾਗ' ਨੂੰ ਪ੍ਰਾਪਤ ਹੈ

(੨) ਫਿਰ 'ਬਾਣੀਕਾਰ' (ਮ: ਜਾਂ ਭਗਤ...)

(੩) ਤੀਜੇ ਸਥਾਨ ਉਤੇ 'ਛੰਦ/ਕਾਵਿ' (ਚਉਪਦੇ...), 'ਸੰਗੀਤ ਮੂਲਕ' (ਜਿਵੇਂ ਘਰੁ) ਆਦਿ ਸੂਚਨਾ ਹੋ ਸਕਦੀ ਹੈ।

(੪) ਚੌਥਾ ਸਥਾਨ ਕਿਸੇ ਫੁਟਕਲ ਸੂਚਨਾ ਦਾ ਹੋ ਸਕਦਾ ਹੈ, ਜਿਵੇਂ 'ਧੁਨਾਂ' ਵਗੈਰਾ।

ਉਕਤ ਚਾਰਾਂ ਪ੍ਰਕਾਰੀ ਸੂਚਨਾ ਨੂੰ ਹੇਠਲੀਆਂ ਉਦਾਹਰਨਾਂ ਦੁਆਰਾ ਵਧੇਰੇ ਸਮਝਿਆ ਜਾ ਸਕਦਾ ਹੈ:

*(੧) ਸਾਰੰਗ ਮਹਲਾ ੪॥* *(ਪੰਨਾ ੧੨੦੧)*

*(੨) ਸਾਰੰਗ ਮਹਲਾ ੫ ਚਉਪਦੇ ਘਰੁ ੧॥* *(ਪੰਨਾ ੧੨੦੨)*

*(੩) ਰਾਗੁ ਭੈਰਉ ਮਹਲਾ ੫ ਪੜਤਾਲ ਘਰੁ ੩॥* *(ਪੰਨਾ ੧੧੫੯)*

*(੪) ਰਾਗੁ ਮਾਰੂ ਮਹਲਾ ੧ ਚਉਪਦੇ ਸਲੋਕੁ॥* *(ਪੰਨਾ ੯੮੯)*

ਉਕਤ ਉਦਾਹਰਨਾਂ ਤੋਂ ਸਪਸ਼ਟ ਹੈ ਕਿ ਕ੍ਰਮ ਵਿਚ ਸਭ ਤੋਂ ਪਹਿਲੀ ਥਾਂ ਰਾਗ (ਜਿਵੇਂ ਇਥੇ ਸਾਰੰਗ, ਭੈਰਉ,ਮਾਰੂ) ਦੀ ਹੈ, ਫਿਰ ਬਾਣੀਕਾਰ (ਮਹਲਾ ੧, ੪,੫...), ਫਿਰ ਕਾਵਿ/ ਸੰਗੀਤ ਮੂਲਕ (ਚਉਪਦੇ, ਪੜਤਾਲ...) ਆਦਿ। ਇੱਥੇ ਧਿਆਨ ਰਹੇ ਕਿ ਰਾਗ ਮੁਕਤ ਬਾਣੀਆਂ ਵਿਚ ਅਕਸਰ ਬਾਣੀ ਦਾ ਨਾਂ ਪਹਿਲ ਪ੍ਰਾਪਤ ਕਰ ਜਾਂਦਾ ਹੈ, ਜਿਵੇਂ : 'ਜਪੁ, ਸੋਦਰੁ, ਸਹਸਕ੍ਰਿਤੀ' ਆਦਿ ਵਿਚ ਉਦਾਹਰਨ ਵਜੋਂ 'ਸੋ ਦਰੁ ਰਾਗੁ ਆਸਾ ਮਹਲਾ ੧' (੮)। ਇੱਥੇ ਬਾਣੀ ਨਾਂ (ਸੋ ਦਰੁ), ਰਾਗੁ ਨਾਂ (ਆਸਾ) ਤੋਂ ਪਹਿਲਾਂ ਹੈ। ਜਿਵੇਂ ਪਹਿਲਾਂ ਕਿਹਾ ਗਿਆ ਹੈ, ਅਜਿਹਾ ਵਸਤੂ-ਸਥਿਤੀ ਜਾਂ ਪ੍ਰਸੰਗਾਨੁਸਾਰ ਹੈ। ਇੱਥੇ ਭਾਵੇਂ ਦਿੱਤੀ ਬਾਣੀ (ਪੰਨਾ ੮

ਉਤੇ) ਰਾਗ-ਬੱਧ ਹੀ ਹੈ, ਪਰ ਇੱਥੇ ਰਾਗ ਮੁਕਤ ਬਾਣੀਆਂ (ਨਿਤਨੇਮ ਦੀਆਂ) ਦਾ ਸੰਦਰਭ ਹੈ, ਸੋ ਬਾਣੀ ਦਾ ਨਾਂ 'ਸੋ ਦਰੁ', ਰਾਗੁ ਆਸਾ ਤੋਂ ਪਹਿਲ ਪ੍ਰਾਪਤ ਕਰ ਗਿਆ ਹੈ।

(੧੨) ਅਰਥਾਂ ਦੀ ਦ੍ਰਿਸ਼ਟੀ ਤੋਂ ਸਿਰਲੇਖ-ਪ੍ਰਬੰਧ ਦਾ ਰਹਾਉ-ਪ੍ਰਬੰਧ ਵਾਂਗ ਕੇਂਦਰੀ ਯੋਗਦਾਨ ਰਹਿੰਦਾ ਹੈ। ਇਹ ਵਿਚਾਰਾਧੀਨ ਕੀਤੀ ਜਾ ਰਹੀ ਬਾਣੀ/ਸ਼ਬਦ-ਵਿਸ਼ੇਸ਼ ਦਾ ਜਿੱਥੇ ਰਾਗ, ਕਰਤਾ ਤੇ ਕਾਵਿ/ਸਾਹਿਤਕ ਰੂਪ ਸੂਚਿਤ ਕਰਨ ਵਿਚ ਮਦਦ ਕਰਦੇ ਹਨ, ਉਥੇ ਇਹ ਸੰਬੰਧਿਤ ਬਾਣੀ ਦਾ ਅੰਤਰੀਵ ਭਾਵ (Theme) ਵੀ ਸੰਕੇਤਦੇ ਹਨ, ਜਿਵੇਂ ਰਾਮਕਲੀ ਰਾਗੁ ਵਿਚ ਅੰਕਿਤ ਤੀਸਰੇ ਪਾਤਸ਼ਾਹ ਦੀ ਬਾਣੀ 'ਅਨੰਦੁ' ਕੇਵਲ ਬਾਣੀ ਨਾਂ ਹੀ ਨਹੀਂ, ਸੰਬੰਧਿਤ ਬਾਣੀ ਦਾ ਭਾਵ/ਤਤ (Theme) 'ਅਨੰਦੁ' ਵੀ ਹੈ। ਇਸੇ ਤਰ੍ਹਾਂ ਹੀ ਜਪੁ, ਰਹਰਾਸਿ, ਕੁਚਜੀ, ਸੁਚਜੀ, ਸੁਖਮਨੀ... ਆਦਿ ਸਿਰਲੇਖ, ਬਾਣੀ ਸਿਰਲੇਖਾਂ ਨਾਲ ਸੰਬੰਧਿਤ ਬਾਣੀ ਦੇ ਕੇਂਦਰੀ ਭਾਵ ਦਾ ਵੀ ਇਸ਼ਾਰਾ ਕਰਦੇ ਹਨ।

**ਸਾਰ**:- ਜਿਵੇਂ ਪਹਿਲਾਂ ਸੰਕੇਤ ਕੀਤਾ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਸਿਰਜਿਆ ਸਿਰਲੇਖ-ਪ੍ਰਬੰਧ ਇਕ ਅਜਿਹਾ ਮਾਡਲ ਹੈ, ਜਿਹੜਾ ਪਾਠ-ਪ੍ਰਮਾਣਿਕਤਾ, ਬਾਣੀਕਾਰ, ਕਾਵਿ, ਛੰਦ, ਉਚਾਰਨ ਵਿਧਾਨ ਅਤੇ ਅਰਥ ਪਸਾਰਾਂ ਨੂੰ ਨਿਸ਼ਚਿਤ ਦਿਸ਼ਾ ਪ੍ਰਦਾਨ ਕਰਦਾ ਹੈ। ਇਸੇ ਪ੍ਰਬੰਧ ਦੇ ਅਧਾਰ ਉੱਤੇ ਹੀ ਬਾਣੀ-ਬਿਉਰਿਆਂ ਦੀ ਸਿਰਜਣਾ ਹੋ ਸਕੀ ਹੈ; ਬਾਣੀਆਂ ਦੇ ਨਾਂ ਤੇ ਗਿਣਤੀ ਨਿਸ਼ਚਿਤ ਹੋ ਸਕੀ ਹੈ ਅਤੇ ਇਹ ਪ੍ਰਬੰਧ ਅੰਕ-ਪ੍ਰਬੰਧ ਵਾਂਗ ਬਾਣੀ-ਪਾਠ ਨੂੰ ਵੀ ਸਥਿਰ ਤੇ ਪ੍ਰਮਾਣਿਕ ਬਣਾਈ ਰੱਖਣ ਦਾ ਜ਼ਰੀਆ ਬਣਿਆ ਹੈ। ਸੰਬੰਧਿਤ ਬਾਣੀ ਦੇ ਵਿਸ਼ੇ-ਵਸਤੂ ਨੂੰ ਸਮਝਣ ਦਾ ਪ੍ਰਵੇਸ਼ ਦੁਆਰ ਸਿਰਲੇਖ-ਪ੍ਰਬੰਧ ਹੀ ਹੈ। ਇਸ ਪ੍ਰਬੰਧ ਦੀ ਅਣਹੋਂਦ ਵਿਚ ਛੰਦ, ਕਾਵਿ, ਰਚਿਆਰ, ਰਾਗ, ਵਿਸ਼ਾ ਆਦਿ ਦੀਆਂ ਅਨੇਕ ਗੁੰਝਲਾਂ ਦੁਨੀਆ ਭਰ ਦੇ ਧਾਰਮਿਕ ਗ੍ਰੰਥਾਂ ਵਿਚ ਇਤਨੀਆਂ ਗਹਿਰੀਆਂ ਹਨ ਕਿ ਕਈਆਂ ਦੇ ਤਾਂ ਹਲ ਦੀਆਂ ਸੰਭਾਵਨਾਵਾਂ ਵੀ ਗੁਆਚ ਚੁਕੀਆਂ ਹਨ। ਸਿਰਲੇਖ-ਪ੍ਰਬੰਧ ਦੀਆਂ ਅਨੇਕ ਪੱਖੀ ਮਹੱਤਤਾਵਾਂ ਹੋਣ ਦੇ ਬਾਵਜੂਦ ਇਸ ਤਥ ਨੂੰ ਪ੍ਰਵਾਨ ਕਰਨ ਵਿਚ ਕੋਈ ਦੋ ਰਾਵਾਂ ਨਹੀਂ ਕਿ ਹਾਲੇ ਤਕ ਨਾ ਤਾਂ ਇਸ ਪ੍ਰਬੰਧ ਨੂੰ ਕਿਸੇ ਵਡੇਰੇ ਸੁਤੰਤਰ ਅਧਿਐਨ ਦਾ ਅੰਗ ਬਣਾਇਆ ਗਿਆ ਹੈ ਤੇ ਨਾ ਹੀ ਇਸ ਦੇ ਸਰਵਪੱਖੀ ਪਸਾਰਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਪ੍ਰਾਪਤ ਬਹੁਤ ਸਾਰੀਆਂ ਵਿਆਖਿਆਵਾਂ (ਟੀਕਾਵਾਂ) ਵਿਚ ਸਿਰਲੇਖ-ਪ੍ਰਬੰਧ ਦੇ ਅੰਗਾਂ ਨੂੰ ਅਕਸਰ ਅੱਖੋਂ-ਪਰੋਖੇ ਕੀਤਾ ਗਿਆ ਮਿਲਦਾ ਹੈ। ਗੁਰਬਾਣੀ ਦੇ ਅਨੁਵਾਦਾਂ (ਖਾਸਕਰ ਅੰਗਰੇਜ਼ੀ ਅਨੁਵਾਦਾਂ) ਵਿਚ ਸਿਰਲੇਖ ਅੰਗਾਂ ਨੂੰ ਜਾਂ ਤਾਂ ਅਨੁਵਾਦ ਹੀ ਨਹੀਂ ਕੀਤਾ ਜਾਂਦਾ ਤੇ ਜਾਂ ਫਿਰ ਉਸ ਦੀ ਗਹਿਰਾਈ ਨੂੰ ਅੱਖੋਂ-ਪਰੋਖੇ ਕਰਕੇ ਚਲੰਤ ਅਨੁਵਾਦ ਕੀਤੇ ਮਿਲਦੇ ਹਨ। ਇਕ ਉਦਾਹਰਨ ਵਜੋਂ ਗੁਰਬਾਣੀ ਸਿਰਲੇਖਾਂ ਵਿਚ ਵਰਤੀ ਗਈ ਸੰਖਿਪਤ ਤਰਕੀਬ 'ਮ:' ਦਾ ਅੰਗਰੇਜ਼ੀ ਅਨੁਵਾਦਾਂ ਵਿਚ ਰੂਪ 'Mahala' ਕਰਿਆ ਅਕਸਰ ਮਿਲ ਜਾਂਦਾ ਹੈ, ਇਹ ਅਨੁਵਾਦ ਨਾ ਹੋ ਕੇ ਜਿੱਥੇ ਲਿਪੀਅੰਤਰਨ ਹੈ, ਉੱਥੇ ਸੰਖਿਪਤ ਤਰਕੀਬ ਦਾ ਵੀ ਪੂਰਾ ਰੂਪ (ਮ: ਦਾ ਮਹਲਾ) ਉੰਵ ਹੀ ਬਣਾ ਲਿਆ ਜਾਂਦਾ ਹੈ। ਕੁੱਲ ਮਿਲਾ ਕੇ ਦੁਹਰਾਅ ਵਜੋਂ ਇਹ ਕਹਿਣਾ ਵਾਜਬ ਹੈ ਕਿ ਸਾਡੇ ਵਿਆਖਿਆਕਾਰਾਂ/ਅਨੁਵਾਦਾਕਾਂ ਨੂੰ ਸਿਰਲੇਖ-ਪ੍ਰਬੰਧ ਦੀ ਮਹਾਨਤਾ ਸਵੀਕਾਰ ਕਰਨੀ ਚਾਹੀਦੀ ਹੈ ਅਤੇ ਇਸ ਬਾਰੇ ਵਡੇਰੇ ਅਧਿਐਨ ਤੇ ਖੋਜ ਦੀ ਲੋੜ ਹੈ। ■

# ਬਾਲਾ ਪ੍ਰੀਤਮ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

*-ਡਾ. ਕੁਲਦੀਪ ਕੌਰ**

ਸਿੱਖ ਧਰਮ ਵਿਚ ਸਭ ਤੋਂ ਛੋਟੀ ਉਮਰ ਦੇ ਸਤਿਗੁਰੂ ਜਿਨ੍ਹਾਂ ਨੂੰ 'ਬਾਲਾ ਪ੍ਰੀਤਮ' ਤੇ 'ਅਸ਼ਟਮ ਬਲਬੀਰਾ' ਜਿਹੇ ਲਕਬਾਂ ਨਾਲ ਯਾਦ ਕੀਤਾ ਜਾਂਦਾ ਹੈ। ਉਹ ਗੁਰੂ ਨਾਨਕ ਸਾਹਿਬ ਜੀ ਦੀ ਜੋਤ ਦੇ ਅਠਵੇਂ ਵਾਰਸ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਸਨ। ਆਪ ਜੀ ਦਾ ਪ੍ਰਕਾਸ਼ ੭ ਜੁਲਾਈ, ੧੬੫੬ ਈ. ਨੂੰ ਸ੍ਰੀ ਗੁਰੂ ਹਰਿਰਾਇ ਜੀ ਦੇ ਗ੍ਰਿਹ ਵਿਖੇ ਮਾਤਾ ਕ੍ਰਿਸ਼ਨ ਕੌਰ ਜੀ ਦੀ ਕੁੱਖੋਂ ਸ੍ਰੀ ਕੀਰਤਪੁਰ ਸਾਹਿਬ ਵਿਖੇ ਹੋਇਆ। ਆਪ ਜੀ ਦਾ ਇਕ ਵੱਡਾ ਭਰਾ ਰਾਮਰਾਇ ਸੀ, ਜਿਸ ਨੂੰ ਆਪਣੇ ਪਿਤਾ ਪਿੱਛੋਂ ਗੁਰਗੱਦੀ ਦੀ ਪੂਰੀ ਆਸ ਸੀ, ਪਰ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਾਰਖੂ ਅੱਖ ਨੇ ਦੋਹਾਂ ਪੁੱਤਰਾਂ ਵਿੱਚੋਂ ਸਾਫ ਅੰਤਰ ਲੱਭ ਲਿਆ ਸੀ।

ਜਦੋਂ ਰਾਮਰਾਇ ਨੇ ਦਿੱਲੀ ਵਿਖੇ ਔਰੰਗਜ਼ੇਬ ਦੇ ਪ੍ਰਭਾਵ ਹੇਠ ਆ ਕੇ ਉਸਨੂੰ ਖੁਸ਼ ਕਰਨ ਲਈ ਗੁਰਬਾਣੀ ਦੀ ਇਕ ਪੰਕਤੀ *ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ* ਦੀ ਥਾਂ *ਮਿਟੀ ਬੇਈਮਾਨ ਕੀ . . .* ਵਜੋਂ ਬਦਲ ਦਿੱਤੀ ਤਾਂ ਸ੍ਰੀ ਗੁਰੂ ਹਰਿਰਾਇ ਜੀ ਨੇ ਉਸ ਨੂੰ ਤਿਆਗ ਦਿੱਤਾ ਅਤੇ ਗੁਰਿਆਈ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਸੌਂਪ ਦਿੱਤੀ।

ਸ੍ਰੀ ਹਰਿਕ੍ਰਿਸ਼ਨ ਸਾਹਿਬ ਜੀ ਅੱਠਵੇਂ ਗੁਰੂ ਵਜੋਂ ੬ ਅਕਤੂਬਰ, ੧੬੬੧ ਈ. ਨੂੰ ਗੁਰਿਆਈ-ਆਸੀਨ ਹੋਏ। ਉਸ ਸਮੇਂ ਆਪ ਦੀ ਉਮਰ ਕਰੀਬ ਪੰਜ ਸਾਲ ਸੀ। ਰਾਮਰਾਇ ਨੂੰ ਇਸ ਨਾਲ ਬੜਾ ਦੁਖ ਹੋਇਆ ਤੇ ਉਸ ਨੇ ਮਸੰਦਾਂ ਅਤੇ ਧੀਰਮੱਲ (ਸ੍ਰੀ ਗੁਰੂ ਹਰਿਰਾਇ ਜੀ ਦਾ ਵੱਡਾ ਭਰਾ/ ਬਾਬਾ ਗੁਰਦਿੱਤਾ ਜੀ ਦਾ ਪੁੱਤਰ/ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਪੋਤਰਾ) ਦੀ ਮਦਦ ਨਾਲ ਆਪਣੇ ਆਪ ਨੂੰ ਗੁਰੂ ਵਜੋਂ ਸਥਾਪਿਤ ਕਰਨ ਦੀ ਬਹੁਤ ਕੋਸ਼ਿਸ਼ ਕੀਤੀ। ਫਿਰ ਉਸ ਨੇ ਔਰੰਗਜ਼ੇਬ ਦੇ ਦਰਬਾਰ ਵਿਚ ਰਹਿ ਕੇ ਕਾਫੀ ਵਿਉਂਤਾਂ ਗੁੰਦੀਆਂ, ਪਰ ਉਸ ਨੂੰ ਆਪਣੇ ਮਕਸਦ ਵਿਚ ਕਾਮਯਾਬੀ ਨਾ ਮਿਲੀ।

ਔਰੰਗਜ਼ੇਬ ਨੇ ਪਹਿਲਾਂ ਤਾਂ ਇਸ ਮਸਲੇ ਵਿਚ ਕੋਈ ਦਖ਼ਲ ਨਾ ਦਿੱਤਾ, ਪਰ ਫਿਰ ਉਸ ਨੇ ਸੋਚਿਆ ਕਿ ਰਾਮਰਾਇ ਗੁਰੂ ਬਣ ਕੇ ਸਰਕਾਰੀ ਨੀਤੀ ਅਨੁਸਾਰ ਚੱਲੇਗਾ ਅਤੇ ਹਕੂਮਤ ਇਸ ਪਾਸਿਓਂ ਬੇਫਿਕਰ ਹੋ ਜਾਵੇਗੀ, ਤਾਂ ਉਸ ਨੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਦਿੱਲੀ ਪਧਾਰਨ ਦਾ ਸੱਦਾ ਭੇਜਿਆ।

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ *ਨਹਿ ਮਲੇਛ ਕੋ ਦਰਸ਼ਨ ਦੇ ਹੈ* ਕਹਿ ਕੇ ਔਰੰਗਜ਼ੇਬ ਦੇ ਮੱਥੇ ਲੱਗਣ ਤੋਂ ਵਰਜ ਦਿੱਤਾ ਸੀ ਅਤੇ ਕਿਹਾ ਸੀ ਕਿ ਕਿਸੇ ਦੀ ਧਮਕੀ ਹੇਠ ਨਹੀਂ ਆਉਣਾ। ਆਪ ਜੀ ਨੇ ਆਪਣੇ ਗੁਰੂ-ਪਿਤਾ ਦਾ ਹੁਕਮ ਮੰਨਦਿਆਂ ਸਿੱਖਾਂ ਦੀ ਅਣਖ ਅਤੇ ਸ਼ੋਭਾ ਨੂੰ

**ਐਸੋਸੀਏਟ ਪ੍ਰੋਫ਼ੈਸਰ, ਮਾਤਾ ਸਾਹਿਬ ਕੌਰ ਗਰਲਜ਼ ਕਾਲਜ, ਤਲਵੰਡੀ ਸਾਬੋ- ੧੫੧੩੦੨ (ਬਠਿੰਡਾ); ਮੋ: +੯੧੯੪੬੪੩-੬੦੦੫੧*

ਉੱਚਾ ਰੱਖਣ ਲਈ ਦਿੱਲੀ-ਦਰਬਾਰ ਵਿਚ ਜਾਣ ਤੋਂ ਸਾਫ ਇਨਕਾਰ ਕਰ ਦਿੱਤਾ।

ਗੁਰੂ ਜੀ ਨਾਲ ਸੰਬੰਧਿਤ ਇਕ ਸਾਖੀ ਵਿਚ ਪੜ੍ਹਨ ਨੂੰ ਮਿਲਦਾ ਹੈ ਕਿ ਇਕ ਵਾਰ ਆਪ ਪਾਲਕੀ ਵਿਚ ਸਵਾਰ ਹੋ ਕੇ ਕਿਧਰੇ ਜਾ ਰਹੇ ਸਨ ਤਾਂ ਬ੍ਰਾਹਮਣਾਂ ਦਾ ਸਿਖਾਇਆ ਇਕ ਕੋਹੜੀ ਗੁਰੂ ਜੀ ਦੀ ਪਾਲਕੀ ਅੱਗੇ ਆ ਕੇ ਲੇਟ ਗਿਆ ਤੇ ਰੋਗ ਰਾਜ਼ੀ ਕਰਨ ਲਈ ਬੇਨਤੀ ਕਰਨ ਲੱਗਾ। ਬ੍ਰਾਹਮਣਾਂ ਨੂੰ ਸ਼ੰਕਾ ਸੀ ਕਿ ਇਸ ਛੋਟੇ ਬਾਲ ਗੁਰੂ ਵਿਚ ਅਜਿਹਾ ਕਰਨ ਦੀ ਕੋਈ ਸਮਰੱਥਾ ਨਹੀਂ ਹੋਵੇਗੀ, ਪਰ ਉਨ੍ਹਾਂ ਦੀ ਹੈਰਾਨੀ ਦੀ ਹੱਦ ਹੋ ਗਈ ਜਦੋਂ ਗੁਰੂ ਜੀ ਨੇ ਆਪਣਾ ਰੁਮਾਲ ਉਸ ਕੋਹੜੀ ਨੂੰ ਦਿੰਦਿਆਂ ਕਿਹਾ ਕਿ ਇਸ ਨੂੰ ਆਪਣੇ ਸਰੀਰ 'ਤੇ ਫੇਰ ਅਤੇ ਗੁਰੂ ਨਾਨਕ ਸਾਹਿਬ ਜੀ ਦੇ ਚਰਨਾਂ ਵਿਚ ਅਰਦਾਸ ਕਰ। ਇਉਂ ਕਰਨ ਨਾਲ ਕੋਹੜੀ ਦਾ ਰੋਗ ਦੂਰ ਹੋ ਗਿਆ ਤੇ ਗੁਰੂ ਜੀ ਦੀ ਕੀਰਤੀ ਦਿਨੋਂ-ਦਿਨ ਹੋਰ ਫੈਲਣ ਲੱਗੀ।

ਔਰੰਗਜ਼ੇਬ ਨੇ ਮਿਰਜ਼ਾ ਰਾਜਾ ਜੈ ਸਿੰਘ ਨੂੰ ਹੁਕਮ ਦਿੱਤਾ ਕਿ ਗੁਰੂ ਜੀ ਨੂੰ ਕਿਸੇ ਵੀ ਤਰ੍ਹਾਂ ਦਿੱਲੀ ਆਉਣ ਲਈ ਪ੍ਰੇਰਿਤ ਕੀਤਾ ਜਾਵੇ। ਰਾਜਾ ਜੈ ਸਿੰਘ ਨੇ ਗੁਰੂ ਜੀ ਨੂੰ ਦਿੱਲੀ ਆਉਣ ਲਈ ਸੱਦਾ-ਪੱਤਰ ਭੇਜਿਆ। ਨਾਲ ਹੀ ਦਿੱਲੀ ਦੀਆਂ ਸੰਗਤਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਸਿੱਖ ਸੰਗਤਾਂ ਨੂੰ ਰਾਮਰਾਇ ਦੀਆਂ ਚਾਲਾਂ ਤੋਂ ਸਾਵਧਾਨ ਕਰਨ ਲਈ ਦਰਸ਼ਨ ਦਿਓ। ਉਸ ਸਮੇਂ ਗੁਰੂ ਜੀ ਦੀ ਉਮਰ ਕਰੀਬ ਸਾਢੇ ਸੱਤ ਸਾਲ ਸੀ। ਆਪ ਨੇ ਕੁਝ ਸੋਚ-ਵਿਚਾਰ ਕੇ ਦਿੱਲੀ ਜਾਣ ਦਾ ਫੈਸਲਾ ਕੀਤਾ। ਸਿੱਖ ਸੰਗਤਾਂ ਦਾ ਵੱਡਾ ਇਕੱਠ ਵੀ ਆਪ ਦੇ ਨਾਲ ਹੋ ਤੁਰਿਆ। ਗੁਰੂ ਜੀ ਨੇ ਅੰਬਾਲਾ ਨੇੜੇ ਪੰਜੋਖਰਾ ਵਿਖੇ ਠਹਿਰਾਓ ਕੀਤਾ ਅਤੇ ਕੁਝ ਚੋਣਵੇਂ ਸਿੱਖਾਂ (ਭਾਈ ਦਰਗਾਹ ਮੱਲ, ਭਾਈ ਮਤੀ ਦਾਸ, ਭਾਈ ਦਿਆਲਾ, ਭਾਈ ਗੁਰਦਿੱਤਾ, ਭਾਈ ਸਤੀਦਾਸ ਤੇ ਮਸੰਦ ਗੁਰਬਖਸ਼ ਮੱਲ) ਸਮੇਤ ਮਾਤਾ ਕ੍ਰਿਸ਼ਨ ਕੌਰ ਜੀ ਤੋਂ ਬਿਨਾ ਬਾਕੀ ਸੰਗਤ ਨੂੰ ਵਾਪਸ ਭੇਜ ਦਿੱਤਾ।

ਪੰਜੋਖਰਾ ਵਿਖੇ ਲਾਲ ਚੰਦ ਨਾਂ ਦਾ ਅਭਿਮਾਨੀ ਬ੍ਰਾਹਮਣ ਰਹਿੰਦਾ ਸੀ। ਉਸ ਨੇ ਸਿੱਖਾਂ ਨੂੰ ਸੁਣਾ ਕੇ ਕਿਹਾ ਕਿ ਦੁਆਪਰ ਦੇ ਅਵਤਾਰ ਸ੍ਰੀ ਕ੍ਰਿਸ਼ਨ ਨੇ ਤਾਂ ਗੀਤਾ ਦੀ ਰਚਨਾ ਕੀਤੀ ਸੀ ਤੇ ਇਹ ੭-੮ ਸਾਲ ਦਾ ਬੱਚਾ ਖ਼ੁਦ ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਅਖਵਾਉਂਦਾ ਹੈ। ਮੈਂ ਇਨ੍ਹਾਂ ਨੂੰ ਤਾਂ ਗੁਰੂ ਮੰਨਾਂਗਾ ਜੇ ਇਹ ਗੀਤਾ ਦੇ ਕਿਸੇ ਸਲੋਕ ਦਾ ਅਰਥ ਕਰ ਕੇ ਵਿਖਾਉਣ। ਗੁਰੂ ਜੀ ਨੇ ਉਸ ਦੀ ਤਸੱਲੀ ਕਰਾਉਣ ਲਈ ਕਿਹਾ ਕਿ ਉਹ ਪਿੰਡ ਵਿੱਚੋਂ ਆਪਣੀ ਮਰਜ਼ੀ ਦਾ ਕੋਈ ਬੰਦਾ ਲੈ ਆਵੇ, ਗੀਤਾ ਦੇ ਅਰਥ ਤਾਂ ਉਹੀ ਕਰ ਦੇਵੇਗਾ।

ਪੰਡਿਤ ਪਿੰਡ 'ਚੋਂ ਇਕ ਗੂੰਗੇ ਤੇ ਬੋਲੇ ਛੱਜੂ ਛਿਉਰ ਨੂੰ ਲੈ ਆਇਆ। ਗੁਰੂ ਜੀ ਨੇ ਉਹਦੇ ਸਿਰ ਉੱਤੇ ਛੜੀ ਰੱਖੀ ਤੇ ਪੰਡਿਤ ਨੂੰ ਕਿਹਾ, ਪੁੱਛੋ ਜੋ ਪੁੱਛਣਾ ਚਾਹੁੰਦੇ ਹੋ! ਪੰਡਿਤ ਨੇ ਜਿੰਨੇ ਵੀ ਸੁਆਲ ਕੀਤੇ, ਗੁਰੂ-ਬਖਸ਼ਿਸ਼ ਨਾਲ ਛੱਜੂ ਨੇ ਸਾਰਿਆਂ ਦੇ ਸਹੀ ਜਵਾਬ ਦਿੱਤੇ। ਪੰਡਿਤ ਦੀ ਤਸੱਲੀ ਹੋ ਗਈ ਤੇ ਉਹ ਗੁਰੂ ਜੀ ਦਾ ਸ਼ਰਧਾਲੂ ਬਣ ਗਿਆ। ਗਿਆਨ-ਚਰਚਾ ਵਾਲੀ ਥਾਂ 'ਤੇ ਗੁਰਦੁਆਰਾ ਪੰਜੋਖਰਾ ਸਾਹਿਬ ਸੁਸ਼ੋਭਿਤ ਹੈ।

ਗੁਰੂ ਜੀ ਥਾਨੇਸਰ, ਕੁਰੂਕਸ਼ੇਤਰ ਪਾਣੀਪਤ ਤੋਂ ਹੁੰਦੇ ਹੋਏ ਦਿੱਲੀ ਵਿਖੇ ਰਾਜਾ ਜੈ ਸਿੰਘ ਦੇ ਬੰਗਲੇ ਵਿਚ ਪਹੁੰਚੇ। ਇਹੋ ਬੰਗਲਾ ਅੱਜਕਲ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਵਜੋਂ ਪੂਰੀ ਦੁਨੀਆ ਵਿਚ ਵਿਖਿਆਤ ਹੈ। ਰਾਜੇ ਦੀ ਰਾਣੀ ਨੇ ਗੁਰੂ-ਦਰਸ਼ਨਾਂ ਦੀ ਇੱਛਾ

ਪ੍ਰਗਟ ਕੀਤੀ, ਪਰ ਨਾਲ ਹੀ ਬਾਲ-ਗੁਰੂ ਦੀ ਪਰਖ ਕਰਨੀ ਚਾਹੀ। ਉਸ ਨੇ ਕੁਝ ਗੋਲੀਆਂ ਨੂੰ ਨਾਲ ਲਿਆ ਤੇ ਸਭ ਨੇ ਇੱਕੋ ਜਿਹੇ ਕੱਪੜੇ ਪਾ ਕੇ ਗੁਰੂ ਜੀ ਨੂੰ ਨਮਸਕਾਰ ਕੀਤੀ। ਜਾਣੀਜਾਣ ਸਤਿਗੁਰੂ ਨੇ ਪੂਰੇ ਇਕੱਠ ਵਿੱਚੋਂ ਰਾਣੀ ਨੂੰ ਪਛਾਣ ਲਿਆ ਤਾਂ ਰਾਣੀ ਦੀ ਸ਼ਰਧਾ ਹੋਰ ਵੀ ਪੱਕੀ ਹੋ ਗਈ।

ਦਿੱਲੀ ਵਿਚ ਗੁਰੂ ਜੀ ਨੇ ਔਰੰਗਜ਼ੇਬ ਨੂੰ ਦਰਸ਼ਨ ਦੇਣ ਤੋਂ ਨਾਂਹ ਕਰ ਦਿੱਤੀ। ਕਿਹਾ ਜਾਂਦਾ ਹੈ ਕਿ ਬਾਦਸ਼ਾਹ ਅੱਧੀ ਘੜੀ ਬੰਗਲਾ ਸਾਹਿਬ ਦੇ ਸਾਹਮਣੇ ਖੜ੍ਹਾ ਰਿਹਾ। ਅਗਲੇ ਦਿਨ ਬਾਦਸ਼ਾਹ ਨੇ ਆਪਣੇ ਪੁੱਤਰ ਨੂੰ ਭੇਜਿਆ। ਗੁਰੂ ਜੀ ਨੇ ਉਸ ਨੂੰ ਆਤਮਿਕ ਉਪਦੇਸ਼ ਦਿੱਤਾ। ਜਦੋਂ ਉਸ ਨੇ ਗੁਰਗੱਦੀ ਬਾਰੇ ਰਾਮਰਾਇ ਦੇ ਦਾਅਵੇ ਦੀ ਗੱਲ ਕੀਤੀ ਤਾਂ ਗੁਰੂ ਜੀ ਨੇ ਸਪਸ਼ਟ ਕੀਤਾ ਕਿ ਗੁਰਿਆਈ ਕੋਈ ਜੱਦੀ ਵਿਰਾਸਤ ਨਹੀਂ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਪੁੱਤਰਾਂ ਨੂੰ ਛੱਡ ਕੇ ਆਪਣੇ ਸੇਵਕ ਨੂੰ ਗੁਰਿਆਈ ਦਿੱਤੀ। ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਵੀ ਅਜਿਹਾ ਹੀ ਕੀਤਾ ਸੀ। ਸ੍ਰੀ ਗੁਰੂ ਰਾਮਦਾਸ ਜੀ ਨੇ ਸਭ ਤੋਂ ਛੋਟੇ ਪੁੱਤਰ ਨੂੰ ਹੀ ਇਸ ਦੇ ਯੋਗ ਸਮਝਿਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਛੋਟੇ ਪੋਤਰੇ ਨੂੰ ਇਹ ਦਾਤ ਬਖਸ਼ੀ ਸੀ। ਨਾਲੇ ਗੁਰਬਾਣੀ ਵਿਚ *ਮਿਟੀ ਮੁਸਲਮਾਨ ਕੀ* ਹੈ *ਮਿਟੀ ਬੇਈਮਾਨ ਕੀ* ਨਹੀਂ। ਰਾਮਰਾਇ ਨੇ ਗੁਰਬਾਣੀ ਨੂੰ ਬਦਲ ਕੇ ਅਰਥਾਂ ਦਾ ਅਨਰਥ ਕੀਤਾ ਹੈ, ਜਿਸ ਕਰਕੇ ਗੁਰੂ-ਪਿਤਾ ਨੇ ਉਸ ਨੇ ਛੇਕ ਦਿੱਤਾ।

ਆਪਣੇ ਪੁੱਤਰ ਪਾਸੋਂ ਇਹ ਗੱਲਾਂ ਸੁਣ ਕੇ ਔਰੰਗਜ਼ੇਬ ਨੂੰ ਯਕੀਨ ਹੋ ਗਿਆ ਕਿ ਰਾਮਰਾਇ ਨਾਲ ਕੋਈ ਵਧੀਕੀ ਨਹੀਂ ਹੋਈ। ਉਸ ਨੇ ਰਾਮਰਾਇ ਨੂੰ ਸੱਤ ਪਿੰਡ ਖੁਰਵੜਾ, ਧਮਵਾਲ, ਚਮਾਧਰੀ, ਦਰਤਨਾਵਲੀ, ਪੰਡਿਤਵਾੜੀ, ਮਿਆਵਲ ਤੇ ਰਾਜਪੁਰਾ ਜਾਗੀਰ ਵਜੋਂ ਦੇ ਦਿੱਤੇ। ਇੱਥੇ ਹੀ ਪਿੱਛੋਂ ਡੇਹਰਾਦੂਨ ਵੱਸਿਆ। ਰਾਮਰਾਇ ਆਪਣੀ ਜਾਗੀਰ ਵੱਲ ਚਲਾ ਗਿਆ ਅਤੇ ਆਪਣੀ ਵੱਖਰੀ ਸੰਪ੍ਰਦਾਇ ਬਣਾ ਕੇ ਬੈਠ ਗਿਆ।

ਜਦੋਂ ਗੁਰੂ ਜੀ ਦਿੱਲੀ ਵਿਚ ਪਹੁੰਚੇ ਸਨ, ਤਾਂ ਉੱਥੇ ਚੇਚਕ ਦੀ ਬੀਮਾਰੀ ਫੈਲੀ ਹੋਈ ਸੀ। ਲੋਕੀਂ ਬਿਮਾਰੀ ਕਾਰਨ ਮਰ ਰਹੇ ਸਨ। ਸਭ ਪਾਸੇ ਹਾਹਾਕਾਰ ਮੱਚੀ ਹੋਈ ਸੀ। ਗੁਰੂ ਜੀ ਨੇ ਆਪਣੀ ਪਰਵਾਹ ਨਾ ਕੀਤੀ ਤੇ ਪੀੜ੍ਹਤਾਂ ਦੀ ਹੱਥੀਂ ਸੇਵਾ ਵਿਚ ਜੁਟ ਗਏ। ਉਹ ਲੋਕਾਂ ਦੇ ਘਰਾਂ ਤੇ ਮੁਹੱਲਿਆਂ ਵਿਚ ਵੀ ਗਏ। ਇਉਂ ਚੇਚਕ ਦੀ ਬਿਮਾਰੀ ਨੇ ਆਪ ਨੂੰ ਘੇਰ ਲਿਆ। ਗੁਰੂ ਜੀ ਨੇ ਸੱਚਖੰਡ ਵਾਪਸੀ ਦਾ ਸਮਾਂ ਨੇੜੇ ਜਾਣ ਕੇ ਨੇੜੇ ਬੈਠੀਆਂ ਸੰਗਤਾਂ ਨੂੰ ਆਖਰੀ ਬਚਨ ਕਹੇ, "ਬਾਬਾ ਬਕਾਲੇ!" ਅਰਥਾਤ ਸਾਡੇ ਤੋਂ ਬਾਅਦ ਗੁਰਗੱਦੀ ਸੰਭਾਲਣ ਵਾਲੇ ਮਹਾਂਪੁਰਖ ਬਕਾਲੇ ਵਿਚ ਹਨ। ਉਨ੍ਹਾਂ ਦਾ ਇਸ਼ਾਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਵੱਲ ਸੀ, ਜੋ ਰਿਸ਼ਤੇ ਵਿਚ ਉਨ੍ਹਾਂ ਦੇ ਦਾਦਾ ਲੱਗਦੇ ਸਨ। ੩੦ ਮਾਰਚ, ੧੬੬੪ ਈ. ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦਿੱਲੀ ਵਿਖੇ ਹੀ ਜੋਤੀ ਜੋਤ ਸਮਾ ਗਏ। ਜਿੱਥੇ ਆਪ ਜੀ ਦਾ ਅੰਤਮ ਸਸਕਾਰ ਕੀਤਾ ਗਿਆ, ਉੱਥੇ ਅੱਜਕਲ੍ਹ ਗੁਰਦੁਆਰਾ ਬਾਲਾ ਸਾਹਿਬ ਸੁਭਾਇਮਾਨ ਹੈ।

■

# ਸ਼ਹੀਦ ਭਾਈ ਤਾਰੂ ਸਿੰਘ ਜੀ

*-ਸ. ਸਿਮਰਜੀਤ ਸਿੰਘ**

ਅੰਮ੍ਰਿਤਸਰ-ਖੇਮਕਰਨ ਸਟੇਟ ਹਾਈਵੇ-੨੧ ਨੰਬਰ ਸੜਕ ਸ੍ਰੀ ਅੰਮ੍ਰਿਤਸਰ ਤੋਂ ਝਬਾਲ ਭਿੱਖੀਵਿੰਡ ਵਿਚ ਦੀ ਹੁੰਦੀ ਹੋਈ ਭਾਰਤ-ਪਾਕਿਸਤਾਨ ਸੀਮਾ ਤੇ ਖੇਮਕਰਨ ਜਾਂਦੀ ਹੈ। ਇਸ ਸੜਕ ਤੋਂ ੨ ਕਿਲੋਮੀਟਰ ਦੀ ਦੂਰੀ 'ਤੇ ਇਕ ਇਤਿਹਾਸਿਕ ਪਿੰਡ ਪੂਹਲਾ ਹੈ। ਰੇਲਵੇ ਸਟੇਸ਼ਨ ਪੱਟੀ ਇੱਥੋਂ ੨੫ ਕਿਲੋਮੀਟਰ ਦੀ ਦੂਰੀ 'ਤੇ ਹੈ। ਇਸ ਪਿੰਡ ਦਾ ਡਾਕਘਰ ਸਿੰਘਪੁਰਾ ਹੈ, ਜਿਸ ਦਾ ਪਿੰਨ ਕੋਡ ੧੪੩੩੦੩ ਹੈ। ਭਾਰਤ-ਪਾਕਿਸਤਾਨ ਦੀ ਵੰਡ ਤੋਂ ਪਹਿਲਾਂ ਇਹ ਪਿੰਡ ਜ਼ਿਲ੍ਹਾ ਲਾਹੌਰ ਦੀ ਤਹਿਸੀਲ ਕਸੂਰ ਵਿਚ ਪੈਂਦਾ ਸੀ ਜੋ ਦੇਸ਼ ਦੀ ਵੰਡ ਤੋਂ ਬਾਅਦ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਚ ਆ ਗਿਆ। ਅੱਜਕਲ੍ਹ ਇਹ ਪਿੰਡ ਜ਼ਿਲ੍ਹਾ ਤਰਨ ਤਾਰਨ ਦੀ ਤਹਿਸੀਲ ਪੱਟੀ ਵਿਚ ਪੈਂਦਾ ਹੈ। ਪਾਕਿਸਤਾਨ ਦੀ ਹੋਂਦ ਤੋਂ ਪਹਿਲਾਂ ਇਸ ਪਿੰਡ ਦੇ ਨਜ਼ਦੀਕ ਦੀ ਇਹ ਸੜਕ ਕਸੂਰ ਅਤੇ ਸ੍ਰੀ ਅੰਮ੍ਰਿਤਸਰ ਨੂੰ ਆਪਸ ਵਿਚ ਜੋੜਦੀ ਸੀ। ਲਾਹੌਰ ਤੋਂ ਵੀ ਇਕ ਸੜਕ ਆਉਂਦੀ ਸੀ, ਜੋ ਲਾਹੌਰ ਤੋਂ ਭਿੱਖੀਵਿੰਡ ਦੇ ਵਿਚ ਦੀ ਹੁੰਦੀ ਹੋਈ ਹਰੀਕੇ ਪੱਤਣ ਪਹੁੰਚਦੀ ਸੀ। ਇਹ ਦੋਵੇਂ ਸੜਕਾਂ ਭਿੱਖੀਵਿੰਡ ਦੇ ਕੋਲ ਇਕ ਦੂਜੇ ਨਾਲ ਮਿਲ ਕੇ ਚੁਰਸਤਾ ਬਣਾਉਂਦੀਆਂ ਸਨ। ਇਸ ਚੁਰਸਤੇ ਤੋਂ ਡੇਢ ਕਿਲੋਮੀਟਰ ਦੀ ਦੂਰੀ 'ਤੇ ਇਹ ਪਿੰਡ ਪੂਹਲਾ ਵਾਕਿਆ ਹੈ। ਇਸ ਦੇ ਨਾਲ ਹੀ ਸਿੰਘਪੁਰੀਆ ਮਿਸਲ ਦੇ ਮੋਢੀ ਨਵਾਬ ਕਪੂਰ ਸਿੰਘ ਦਾ ਇਤਿਹਾਸਿਕ ਪਿੰਡ ਸਿੰਘਪੁਰਾ ਸਥਿਤ ਹੈ। ਪੂਹਲਾ ਪਿੰਡ ਸੰਧੂ ਭਾਈਚਾਰੇ ਦੇ ਜੱਟਾਂ ਦਾ ਨਿਵਾਸ ਹੈ। ਸੰਧੂਆਂ ਦਾ ਮੁੱਖ ਟਿਕਾਣਾ ਸ੍ਰੀ ਅੰਮ੍ਰਿਤਸਰ ਤੇ ਲਾਹੌਰ ਜ਼ਿਲ੍ਹੇ ਸਨ, ਜਿੱਥੋਂ ਉਹ ਸਤਲੁਜ ਦੇ ਉੱਪਰ ਵੱਲ ਅੰਬਾਲੇ ਦੇ ਪਹਾੜਾਂ ਦੇ ਹੇਠ ਵੱਲ, ਪੱਛਮ ਵਿਚ ਗੁਜਰਾਂਵਾਲਾ ਅਤੇ ਪੂਰਬ ਵਿਚ ਸਿਆਲਕੋਟ ਤਕ ਫੈਲੇ ਹੋਏ ਹਨ। ਸੰਧੂ ਆਪਣਾ ਮੁੱਢ ਸੂਰਜਵੰਸ਼ੀ ਰਾਜਾ ਰਘੂ ਤੋਂ ਹੋਇਆ ਮੰਨਦੇ ਹਨ। ਰਘੂ ਬਾਰੇ ਕਿਹਾ ਜਾਂਦਾ ਹੈ ਕਿ ਕਾਦਰ ਨੇ ਵਿਸਮਾਦ ਵਿਚ ਆ ਕੇ ਇਕ ਅਤਿ ਸੁੰਦਰ ਕੰਨਿਆਂ ਦੀ ਉਤਪਤੀ ਕੀਤੀ। ਜਦੋਂ ਉਸ ਦੀ ਉਮਰ ਵਿਆਹਯੋਗ ਹੋਈ ਤਾਂ ਦੇਵਤਿਆਂ ਅਤੇ ਰਾਜਿਆਂ ਨੇ ਉਸ ਨੂੰ ਪਰਨਾਉਣ ਦੀ ਕੋਸ਼ਿਸ਼ ਕੀਤੀ। ਅੰਤ ਵਿਚ ਇਕ ਰਾਜਾ ਸਫਲ ਹੋ ਗਿਆ ਜੋ ਏਨਾ ਬਹਾਦਰ ਸੀ ਜਿੰਨਾ ਕਿ ਸੂਰਜ। ਉਸ ਨੂੰ ਰਘੂ ਕਿਹਾ ਜਾਂਦਾ ਸੀ। ਇਸ ਘਟਨਾ ਦਾ ਜ਼ਿਕਰ ਕਰਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਚਿਤ੍ਰ ਨਾਟਕ ਵਿਚ ਵਰਣਨ ਕਰਦੇ ਹਨ ਕਿ:

*ਸਾਧ ਕਰਮ ਜੋ ਪੁਰਖ ਕਮਾਵੈ॥ ਨਾਮ ਦੇਵਤਾ ਜਗਤ ਕਹਾਵੈ॥*
*ਕੁਕ੍ਰਿਤ ਕਰਮ ਜੋ ਜਗ ਮੈਂ ਕਰਹਿ॥ ਨਾਮ ਅਸੁਰ ਤਿਸਕੋ ਸਭ ਧਰਹਿ॥*
*ਤਿਨਤੇ ਹੇਤ ਬਹੁਤ ਨ੍ਰਿਪ ਆਏ॥ ਦਛ ਪ੍ਰਜਾਪਤਿ ਜਿਨ ਉਪ ਜਾਏ॥*
*ਦਸ ਸਹੰਸ੍ਰ ਤਿਹਿ ਗ੍ਰਿਹ ਭਈ ਕੰਨਿਆਂ॥ ਜਿਹ ਸਮਾਨ ਕਹ ਲਗੈ ਨ ਅੰਨਿਆ॥*
*ਕਾਲ ਕ੍ਰਿਆ ਐਸੀ ਤਹ ਭਈ॥ ਤੇ ਸਭ ਬਿਆਹ ਨਰੇਸਨ ਦਈ॥*

**ਮੀਤ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।*

ਰਘੂ ਦੀ ਔਲਾਦ ਰਘੂਵੰਸੀ ਕਹਾਉਂਦੀ ਹੈ। ਇਸ ਰਘੂ ਨੇ ਸਮੁੱਚੇ ਭਾਰਤ ਅਤੇ ਫਾਰਸ ਉੱਤੇ ਰਾਜ ਕੀਤਾ ਸੀ। ਸੰਧੂਆਂ ਦਾ ਵਿਚਾਰ ਹੈ ਕਿ ਉਨ੍ਹਾਂ ਦੇ ਵੱਡੇ-ਵਡੇਰੇ ਮਹਿਮੂਦ ਗਜ਼ਨਵੀ ਨਾਲ ਕੈਦ ਹੋ ਕੇ ਜਾਂ ਕਿਸੇ ਹੋਰ ਤਰ੍ਹਾਂ ਗਜ਼ਨੀ ਵੱਲ ਚਲੇ ਗਏ ਸਨ। ਤੇਰ੍ਹਵੀਂ ਸਦੀ ਵਿਚ ਉਹ ਫਿਰ ਵਾਪਸ ਆ ਗਏ ਜਾਂ ਫਿਰੋਜ ਸ਼ਾਹ ਸਮੇਂ ਅਫਗਾਨਿਸਤਾਨ ਤੋਂ ਭਾਰਤ ਵੱਲ ਆ ਗਏ ਅਤੇ ਮਾਝੇ ਖੇਤਰ ਵਿਚ ਲਾਹੌਰ ਦੇ ਨੇੜੇ ਆਬਾਦ ਹੋ ਗਏ।

ਮਾਝੇ ਵਿਚ ਸਰਹਾਲੀ, ਵਲਟੋਹਾ, ਭੜਾਣਾ, ਮਨਾਵਾਂ ਆਦਿ ਮਝੈਲ ਸੰਧੂਆਂ ਦੇ ਪ੍ਰਸਿੱਧ ਪਿੰਡ ਹਨ। ਸਰਹਾਲੀ ਪਿੰਡ ਦੇ ਨਿਵਾਸੀ ਪੂਹਲੇ ਨੇ ਆ ਕੇ ਆਪਣੇ ਨਾਂ 'ਤੇ ਇਹ ਪਿੰਡ ਪੂਹਲਾ ਆਬਾਦ ਕੀਤਾ ਸੀ। ਇਸ ਸੰਬੰਧ ਵਿਚ ਪ੍ਰਸਿੱਧ ਵਿਦਵਾਨ ਲੇਖਕ ਪ੍ਰਿੰ. ਸਵਰਨ ਸਿੰਘ ਚੂਸਲੇਵਾੜ ਨੇ ਆਪਣੀ ਪੁਸਤਕ 'ਸ਼ਹੀਦੀ ਸਾਕਾ ਭਾਈ ਤਾਰੂ ਸਿੰਘ ਜੀ' ਵਿਚ ਵੀ ਜ਼ਿਕਰ ਕੀਤਾ ਹੈ। ਇਸ ਪਿੰਡ ਦੇ ਭਾਈ ਜੋਧ ਸਿੰਘ ਜੀ ਦੇ ਘਰ ਭਾਈ ਤਾਰੂ ਸਿੰਘ ਜੀ ਦਾ ਜਨਮ ਹੋਇਆ। ਭਾਈ ਜੋਧ ਸਿੰਘ ਜੀ ਦੀ ਪਤਨੀ ਆਪਣੇ ਪੁੱਤਰ ਭਾਈ ਤਾਰੂ ਸਿੰਘ ਅਤੇ ਇਕ ਵਿਧਵਾ ਪੁੱਤਰੀ ਬੀਬੀ ਤਾਰੋ ਨਾਲ ਪਿੰਡ ਵਿਚ ਰਹਿੰਦੀ ਸੀ।

ਬਾਬਾ ਬੰਦਾ ਸਿੰਘ ਜੀ ਬਹਾਦਰ ਨੂੰ ੧੭੧੬ ਈ. ਵਿਚ ਅੰਤਾਂ ਦੇ ਤਸੀਹੇ ਦੇ ਕੇ ਮਹਿਰੋਲੀ (ਦਿੱਲੀ) ਵਿਖੇ ਸ਼ਹੀਦ ਕਰ ਦਿੱਤਾ ਗਿਆ। ਬਾਬਾ ਬੰਦਾ ਸਿੰਘ ਦੀ ਸ਼ਹੀਦੀ ਤੋਂ ਬਾਅਦ ਲਾਹੌਰ ਅਤੇ ਦਿੱਲੀ ਦੇ ਤਖਤ ਵੱਲੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ ਗਏ ਅਤੇ ਸਿੱਖਾਂ ਨੂੰ ਦੇਖਦਿਆਂ ਹੀ ਮਾਰ ਦੇਣ ਦੇ ਐਲਾਨਾਮੇ ਬਾਰ-ਬਾਰ ਕੀਤੇ ਜਾ ਰਹੇ ਸਨ।

੧੭੨੬ ਈ. ਵਿਚ ਅਬਦੁੱਸਮਦ ਖਾਂ ਨੂੰ ਲਾਹੌਰ ਤੋਂ ਬਦਲ ਕੇ ਮੁਲਤਾਨ ਭੇਜ ਦਿੱਤਾ ਗਿਆ ਅਤੇ ਉਸ ਦੀ ਥਾਂ 'ਤੇ ਉਸ ਦੇ ਪੁੱਤਰ ਜ਼ਕਰੀਆ ਖਾਨ ਨੂੰ ਪੰਜਾਬ ਦਾ ਨਵਾਂ ਸੂਬੇਦਾਰ ਨਿਯੁਕਤ ਕਰ ਦਿੱਤਾ ਗਿਆ। ਜ਼ਕਰੀਆ ਖਾਨ ਸਿੱਖਾਂ ਦਾ ਕੱਟੜ ਵਿਰੋਧੀ ਸੀ। ਪੰਜਾਬ ਦਾ ਸੂਬੇਦਾਰ ਬਣਦੇ ਸਾਰ ਹੀ ਉਸ ਨੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੀ ਠਾਣ ਲਈ। ਇਤਿਹਾਸਕਾਰ ਡਾ. ਹਰੀ ਰਾਮ ਗੁਪਤਾ ਅਨੁਸਾਰ ਜ਼ਕਰੀਆ ਖਾਨ ਨੇ ਇਕ ਐਲਾਨ ਕੀਤਾ ਕਿ ਸਿੱਖ ਦੇ ਕੇਸ ਕੱਟ ਕੇ ਲਿਆਉਣ ਵਾਲੇ ਨੂੰ ਲੇਫ-ਤਲਾਈ ਅਤੇ ਕੰਬਲ, ਸਿੱਖਾਂ ਬਾਬਤ ਖ਼ਬਰ ਦੇਣ ਵਾਲੇ ਨੂੰ ਦਸ ਰੁਪਏ ਅਤੇ ਜੇ ਕੋਈ ਸਿੱਖ ਨੂੰ ਜਿਊਂਦਾ ਫੜ ਕੇ ਜਾ ਮਾਰ ਕੇ ਲਿਆਵੇਗਾ, ਉਸ ਨੂੰ ਪੰਜਾਹ ਰੁਪਏ ਇਨਾਮ ਦਿੱਤਾ ਜਾਵੇਗਾ। ਸਿੱਖਾਂ ਦੇ ਘਰਾਂ ਨੂੰ ਲੁੱਟਣ ਦੀ ਸਰਕਾਰ ਵੱਲੋਂ ਪੂਰੀ ਸਜ਼ਾ ਮੁਆਫੀ ਅਤੇ ਖੁੱਲ੍ਹ ਸੀ। ਸਿੱਖਾਂ ਨੂੰ ਪਨਾਹ ਦੇਣ ਵਾਲੇ ਨੂੰ ਮੌਤ ਦੀ ਸਜ਼ਾ ਸੀ। ਸਿੱਖਾਂ ਨੂੰ ਦਬਾਉਣ ਲਈ ਥਾਂ-ਥਾਂ 'ਤੇ ਫ਼ੌਜ ਤਾਇਨਾਤ ਕੀਤੀ ਗਈ ਸੀ। ਜ਼ਕਰੀਆ ਖਾਨ ਨੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਆਪਣੇ ਸਾਰੇ ਇਲਾਕੇ ਵਿਚ ਆਪਣੇ ਭਰੋਸੇਯੋਗ ਮੁਖ਼ਬਰ ਤਿਆਰ ਕਰ ਮੁਖ਼ਬਰਾਂ ਦਾ ਜਾਲ ਵਿਛਾ ਦਿੱਤਾ, ਜਿਨ੍ਹਾਂ ਵਿਚ ਚੌਧਰੀ ਰਾਮਾ ਰੰਧਾਵਾ ਘਣੀਏ ਵਾਲਾ, ਛੀਨੇ ਪਿੰਡ ਵਾਲਾ ਕਰਮਾ, ਕਾਨ੍ਹੇ ਪਿੰਡ ਦਾ ਰਾਇ ਖੁਸ਼ਾਲੀ ਸੰਧੂ, ਐਮੇ ਵਾਲਾ ਨੱਥਾ ਉੱਪਲ, ਨੌਸ਼ਹਿਰਾ ਪੰਨੂਆਂ ਪਿੰਡ ਦਾ ਮਾਨਾ, ਚਸ਼ਮੇ ਦਾ ਰਾਇ ਹਰਚੰਦ, ਨੌਸ਼ਹਿਰਾ ਢਾਲਾ ਪਿੰਡ ਦਾ ਸਾਹਿਬ ਰਾਇ ਸੰਧੂ, ਜੋਧਾ ਨਗਰੀਆ ਦਾ ਧਰਮ ਦਾਸ, ਦਿਲਬਾਗ ਸਰਾਉ, ਖੋਖਰ ਵਾਲਾ ਜੋਧ, ਕਸੂਰ ਦਾ ਭੀਮਾ ਢਿੱਲੋਂ, ਧਨੇਸ਼ਟੇ ਵਾਲਾ ਹੈਬਤ ਮੱਲ, ਭਾਗੂਵਾਲ ਪਿੰਡ ਦਾ ਭਾਗੂ ਕਾਹਲੋਂ, ਭਿੱਖੀ ਵਾਲਾ ਲਾਲੂ ਵਿਰਕ, ਬੁੰਦਾਲੀਆ ਦਾ ਮੋਲਕ

ਰਾਇ ਸੰਧੂ, ਠੱਠੇ ਪਿੰਡ ਦਾ ਹਯਾਤ ਖਾਂ, ਮਜੀਠੇ ਦਾ ਚੌਧਰੀ ਮੱਦੋ, ਗੁਜਰਾਂਵਾਲੇ ਦਾ ਚੌਧਰੀ ਦਿਆਲਾ ਵੜਾਇਚ, ਸਰਾਂ ਦਾ ਹਸਨਾ ਸੰਧੂ, ਸੈਦੇਵਾਲ ਵਾਲਾ ਦਿਆਲਾ ਕਾਹਲੋਂ, ਘਰਜਾਖ ਪਿੰਡ ਦਾ ਸਯਾਮ ਸ਼ਾਹ ਖੱਤਰੀ, ਮੱਟੂ ਪਿੰਡ ਦਾ ਗੁਰੀਆ, ਅਕਾਲ ਬੱਘਾ, ਰਾਇ ਥਾਨਾਬਾਦ, ਚੱਠੇ ਪਿੰਡ ਦਾ ਪੀਰ ਮੁਹੰਮਦ, ਨੌਸ਼ਹਿਰੇ ਪਿੰਡ ਦਾ ਮੁਲੇਮੀ ਗਿੱਲ, ਇਸਮਾਇਲ ਖਾਂ ਮੰਡਿਆਲਾ ਸਿਆਲਕੋਟ ਦਾ, ਸੋਧਰੇ ਦਾ ਦਿਆਨਤ ਰਾਇ, ਬਟਾਲੇ ਦਾ ਕਜਲਾ ਰੰਧਾਵਾ, ਜੰਡਿਆਲੇ ਦਾ ਹਰਿਭਗਤ ਨਿਰੰਜਨੀਆ, ਫ਼ਤਹ ਖਾਂ ਘੇਬ ਕੋਟ-ਘੇਬ ਪਿੰਡ ਦਾ, ਔਲੀਆ ਘੇਬ ਪਿੰਡੀ-ਘੇਬ ਪਿੰਡ ਦਾ, ਕਾਦਰ ਬਖਸ਼ ਨਿਢਾਲ, ਐਮਨਾਬਾਦ ਦਾ ਉਘਰ ਸੈਨ ਖੱਤਰੀ, ਭੂਰੇ ਪਿੰਡ ਦਾ ਨਿਬਾਹੂ ਸੰਧੂ, ਸਾਹਿਬ ਖਾਂ ਟਿਵਾਣਾ, ਮਾਹਲਪੁਰੀਆ ਗੁਲਾਬ ਰਾਇ ਖੱਤਰੀ, ਕਾਛੇ ਦਾ ਮਿਲਖਾ ਸੰਧੂ ਆਦਿ ਸਰਗਰਮ ਮੁਖ਼ਬਰ ਸਨ। ਇਨ੍ਹਾਂ ਵਿੱਚੋਂ ਲਾਹੌਰ ਦਰਬਾਰ ਵਿਚ ਸਿੱਖਾਂ ਦੀ ਖ਼ਬਰ ਪਹੁੰਚਾਉਣ ਵਾਲਿਆਂ ਵਿਚ ਸਭ ਤੋਂ ਮੋਹਰੀ ਜੰਡਿਆਲੇ ਵਾਲਾ ਹਰਿਭਗਤ ਨਿਰੰਜਨੀਆ ਅਤੇ ਛੀਨੇ ਵਾਲਾ ਕਰਮਾ ਛੀਨਾ ਸਨ, ਇਨ੍ਹਾਂ ਬਾਰੇ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਸ. ਰਤਨ ਸਿੰਘ (ਭੰਗੂ) ਉਲੇਖ ਕਰਦੇ ਹਨ:

*ਜੰਡਿਆਲੇ ਵਾਲੇ ਬਹੁਤ ਫੜਾਵੈਂ। ਹੁਤੇ ਗੁਰੂ ਇਕ ਸਿੱਖ ਕਹਾਵੈਂ।*
*ਹਰਭਗਤ ਨਿਰੰਜਨੀਉਂ ਸੋ ਕਹਾਵੈ। ਸੋ ਆਗੇ ਹੁਇ ਸਿੰਘਨ ਫੜਾਵੈ।...*
*ਕਰਮਾ ਛੀਨਾ ਛੀਨੀਂ ਰਹੈ। ਬਿਦੋਸੈ ਸਿੰਘਨ ਮਾਰਤ ਵਹੈ।* *(ਪੰਨਾ ੨੩੪)*

ਹਰਿਭਗਤ ਨਿਰੰਜਨੀਆ ਜੰਡਿਆਲੇ ਵਾਲੇ ਭਾਈ ਹੰਦਾਲ ਦੀ ਵੰਸ ਵਿੱਚੋਂ ਸੀ। ਭਾਈ ਹੰਦਾਲ ਸ੍ਰੀ ਗੁਰੂ ਅਮਰਦਾਸ ਜੀ ਦਾ ਅਨਿਨ ਸਿੱਖ ਸੀ, ਜਿਸ ਨੂੰ ਗੁਰੂ ਸਾਹਿਬ ਨੇ ਮੰਜੀ ਬਖਸ਼ ਕੇ ਇਲਾਕੇ ਦਾ ਪ੍ਰਚਾਰਕ ਨਿਯੁਕਤ ਕੀਤਾ ਸੀ। ਇਹ ਹਰ ਸਮੇਂ 'ਨਿਰੰਜਨ' ਸ਼ਬਦ ਦਾ ਜਾਪ ਕਰਿਆ ਕਰਦਾ ਸੀ, ਇਸ ਕਰਕੇ ਇਸ ਦੀ ਸੰਪ੍ਰਦਾਇ ਦਾ ਨਾਂ 'ਨਿਰੰਜਨੀਏ' ਪੈ ਗਿਆ। ਭਾਈ ਹੰਦਾਲ ਦਾ ਪੁੱਤਰ ਬਿਧੀ ਚੰਦ ਅਤੇ ਉਸ ਦੀ ਔਲਾਦ ਸਿੱਖਾਂ ਵਿਰੁੱਧ ਕੁਕਰਮ ਕਰਨ ਲੱਗ ਪਈ। ਹਰਿਭਗਤ ਨਿਰੰਜਨੀਏ ਨੇ ਸਿੱਖਾਂ ਨੂੰ ਫੜਾ ਕੇ ਅਤੇ ਉਨ੍ਹਾਂ ਦੀ ਸੂਹ ਦੇ ਕੇ ਸਰਕਾਰ ਤੋਂ ਮੋਟੇ ਇਨਾਮ ਪ੍ਰਾਪਤ ਕਰਨੇ ਸ਼ੁਰੂ ਕਰ ਦਿੱਤੇ ਸਨ।

ਸੰਨ ੧੭੩੯ ਈ. ਵਿਚ ਨਾਦਰਸ਼ਾਹ ਅਫਗਾਨਿਸਤਾਨ ਤੋਂ ਚੱਲ ਕੇ ਮਾਰ-ਧਾੜ ਅਤੇ ਲੁੱਟ-ਖੋਹ ਕਰਦਾ ਹੋਇਆ ਪੰਜਾਬ ਵਿੱਚੋਂ ਦੀ ਲੰਘ ਸਿੱਧਾ ਹੀ ਦਿੱਲੀ ਪਹੁੰਚ ਗਿਆ ਕਿਸੇ ਨੇ ਵੀ ਉਸ ਨੂੰ ਰੋਕਣ ਦੀ ਕੋਸ਼ਿਸ਼ ਨਹੀਂ ਕੀਤੀ, ਜੇਕਰ ਕੋਈ ਉਸ ਅੱਗੇ ਕੋਈ ਮਾੜਾ-ਮੋਟਾ ਅੜਿਆ ਤਾਂ ਉਹ ਮਾਰਿਆ ਗਿਆ। ਨਾਦਰ ਸ਼ਾਹ ਹਿੰਦੋਸਤਾਨ ਦਾ ਲੁੱਟਿਆ ਧਨ-ਮਾਲ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਬੰਦੀ ਬਣਾਈਆਂ ਇਸਤਰੀਆਂ ਨੂੰ ਲੈ ਕੇ ਜਦੋਂ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਨਾਲ-ਨਾਲ ਦੀ ਲਾਹੌਰ ਵੱਲ ਨੂੰ ਵਾਪਸ ਜਾ ਰਿਹਾ ਸੀ ਤਾਂ ਸਿੰਘ ਜੰਗਲਾਂ ਵਿੱਚੋਂ ਨਿਕਲ ਕੇ ਉਸ ਉੱਪਰ ਬਾਜ਼ ਵਾਂਗ ਝਪਟ ਪਏ ਅਤੇ ਬਹੁਤ ਸਾਰਾ ਧਨ-ਮਾਲ ਅਤੇ ਬੰਦੀ ਬਣਾਈਆਂ ਇਸਤਰੀਆਂ ਨੂੰ ਛੁਡਾ ਕੇ ਉਨ੍ਹਾਂ ਦੇ ਘਰੋ-ਘਰੀਂ ਪਹੁੰਚਾ ਆਏ। ਨਾਦਰ ਸ਼ਾਹ ਇਹ ਸਭ ਕੁਝ ਹੈਰਾਨ ਹੋ ਕੇ ਦੇਖਦਾ ਹੀ ਰਹਿ ਗਿਆ। ਜਦੋਂ ਉਸ ਨੇ ਜ਼ਕਰੀਆ ਖਾਨ ਨੂੰ ਪੁੱਛਿਆ ਕਿ ਇਹ ਕਿਹੜੀ ਮੁਸੀਬਤ ਸੀ ਜੋ ਅਚਾਨਕ ਹੀ ਮੇਰੇ 'ਤੇ ਆ ਪਈ। ਜ਼ਕਰੀਆ ਖਾਨ ਨੇ ਨਾਦਰ ਸ਼ਾਹ ਨੂੰ ਸਿੱਖਾਂ ਬਾਰੇ

ਵਿਸਤਾਰ ਨਾਲ ਦੱਸਿਆ। ਜ਼ਕਰੀਆ ਖਾਨ ਦੀਆਂ ਗੱਲਾਂ ਸੁਣ ਕੇ ਨਾਦਰ ਸ਼ਾਹ ਨੇ ਉਸ ਨੂੰ ਸੁਚੇਤ ਕੀਤਾ ਕਿ ਇਨ੍ਹਾਂ ਨੂੰ ਹੁਣੇ ਖ਼ਤਮ ਕਰਦੇ, ਨਹੀਂ ਤਾਂ ਉਹ ਦਿਨ ਦੂਰ ਨਹੀਂ ਜਦੋਂ ਇਹ ਤੇਰੇ ਤੋਂ ਰਾਜ-ਭਾਗ ਖੋਹ ਲੈਣਗੇ। ਨਾਦਰ ਸ਼ਾਹ ਮਨ ਹੀ ਮਨ ਵਿਚ ਵਿਸ਼ ਘੋਲਦਾ ਅਫਗਾਨਿਸਤਾਨ ਨੂੰ ਵਾਪਸ ਚਲਾ ਗਿਆ।

ਨਾਦਰ ਸ਼ਾਹ ਦੇ ਜਾਣ ਤੋਂ ਬਾਅਦ ਜ਼ਕਰੀਆ ਖਾਨ ਨੇ ਸਿੱਖਾਂ 'ਤੇ ਹੋਰ ਸਖ਼ਤੀ ਕਰ ਦਿੱਤੀ। ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਆਲੇ-ਦੁਆਲੇ ਫ਼ੌਜ ਦਾ ਸਖ਼ਤ ਪਹਿਰਾ ਲਾ ਦਿੱਤਾ ਗਿਆ ਸੀ ਤਾਂ ਕਿ ਕੋਈ ਸਿੱਖ ਦਰਸ਼ਨ ਇਸ਼ਨਾਨ ਨਾ ਕਰ ਸਕੇ। ਇਸ ਬਾਰੇ ਵਿਚ ਸ. ਕੇਸਰ ਸਿੰਘ ਛਿੱਬਰ, 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਵਿਚ ਜ਼ਿਕਰ ਕਰਦੇ ਹਨ:

*ਅੰਮ੍ਰਿਤਸਰ ਨਿੱਤ ਹੋਵੈ ਲੜਾਈ, ਮਾਝੇ ਵਿਚਿ ਫਿਰਨ ਫਉਜਾਂ।*
*ਘਰਿ ਘਰਿ ਦੇਖਣ ਜਾਈ, ਹਲਕਾਰੇ ਛਿਛਰੇ ਢਕ ਦੇਖਦੇ ਫਿਰਨ।*
*ਜੋ ਸਿੱਖ ਹਥਿ ਲਗੇ, ਸੋ ਜਿਬ੍ਹਾ ਕਰਨ।* *(ਪੰਨਾ ੨੨੨)*

ਇੰਨੇ ਸਖ਼ਤ ਪਹਿਰੇ ਦੇ ਬਾਵਜੂਦ ਵੀ ਸਿੱਖ ਆਪਣੀ ਜਾਨ ਤਲੀ 'ਤੇ ਰੱਖ ਕੇ ਦੁਸ਼ਮਣ ਦੀ ਕਮਜ਼ੋਰ ਬਾਹੀ ਤੋੜ ਕੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰ ਜਾਂਦੇ ਸਨ। ਮਾੜੀ ਕੰਬੋ ਵਾਲਾ ਭਾਈ ਸੁੱਖਾ ਸਿੰਘ ਕਈ ਵਾਰ ਵਰ੍ਹਦੀਆਂ ਗੋਲੀਆਂ ਵਿਚ ਦੁਸ਼ਮਣ ਨੂੰ ਵੰਗਾਰ ਕੇ ਇਸ਼ਨਾਨ ਕਰ ਕੇ ਛੂ-ਮੰਤਰ ਹੋ ਜਾਇਆ ਕਰਦਾ ਸੀ। ਇਹ ਉਹ ਸਮਾਂ ਸੀ ਜਦੋਂ ਜ਼ਾਲਮ ਹਾਕਮਾਂ ਨੂੰ ਭੁਲੇਖਾ ਪੈ ਗਿਆ ਸੀ ਕਿ ਉਨ੍ਹਾਂ ਨੇ ਸਾਰੇ ਸਿੱਖ ਖ਼ਤਮ ਕਰ ਦਿੱਤੇ ਹਨ। ਆਮ ਲੋਕਾਂ ਨੂੰ ਜੇਕਰ ਕਿਸੇ ਥਾਂ 'ਤੇ ਇਕ-ਦੋ ਸਿੱਖ ਦਿਸ ਪੈਂਦੇ ਤਾਂ ਉਹ ਸਮਝਦੇ ਕਿ ਇਹ ਤਾਂ ਬਹੁਰੂਪੀਏ ਹਨ, ਸਿੰਘ ਤਾਂ ਖਾਨ ਨੇ ਖ਼ਤਮ ਕਰ ਦਿੱਤੇ ਹਨ। ਇਸੇ ਤਰ੍ਹਾਂ ਆਪਣੀ ਹੋਂਦ ਨੂੰ ਦਰਸਾਉਣ ਲਈ ਦੋ ਸੂਰਬੀਰ ਸਿੰਘਾਂ ਭਾਈ ਗਰਜਾ ਸਿੰਘ ਅਤੇ ਭਾਈ ਬੋਤਾ ਸਿੰਘ ਨੇ ਜਰਨੈਲੀ ਸੜਕ 'ਤੇ ਨੂਰ ਦੀ ਸਰਾਂ ਕੋਲ ਨਾਕਾ ਲਾ ਕੇ ਮਹਿਸੂਲ ਉਗਰਾਹਿਆ ਅਤੇ ਵਿਅੰਗਮਈ ਢੰਗ ਦੀ ਚਿੱਠੀ ਭੇਜ ਕੇ 'ਭਾਬੀ ਖਾਨੋ' ਨੂੰ ਆਪਣੀ ਤਾਕਤ ਦਾ ਅਹਿਸਾਸ ਕਰਵਾਇਆ।

ਭਾਈ ਤਾਰੂ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਦੇ ਜਥੇ ਤੋਂ ਅੰਮ੍ਰਿਤ ਛਕ ਕੇ ਪੂਰਨ ਖਾਲਸਾ ਰੂਪ ਧਾਰਨ ਕੀਤਾ ਸੀ। ਭਾਈ ਤਾਰਾ ਸਿੰਘ ਵਾਂ ਅਤੇ ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਨੇ ਆਪ ਦੇ ਜੀਵਨ 'ਤੇ ਬਹੁਤ ਗਹਿਰਾ ਅਸਰ ਪਾਇਆ ਸੀ।

ਭਾਈ ਤਾਰੂ ਸਿੰਘ ਖੇਤੀਬਾੜੀ ਕਰ ਕੇ ਆਪਣੇ ਪਰਵਾਰ ਦਾ ਗੁਜ਼ਾਰਾ ਕਰਦੇ ਸੀ। ਭਾਈ ਤਾਰੂ ਸਿੰਘ ਦੇ ਖੇਤ ਪਿੰਡ ਤੋਂ ਕੋਈ ਡੇਢ ਕਿਲੋਮੀਟਰ ਦੀ ਦੂਰੀ 'ਤੇ ਲਹਿੰਦੇ ਪਹਾੜ ਵਾਲੇ ਪਾਸੇ ਸੀ। ਖੇਤਾਂ ਤੋਂ ਅੱਗੇ ਪਹਾੜ ਵਾਲੇ ਪਾਸੇ ਸੰਘਣੀ ਝਿੜੀ ਸੀ। ਕਿਸੇ ਸਮੇਂ ਇਹ ਜਾਮ੍ਹਣ ਵਾਲੀ ਰੱਖ ਤੇ ਛਾਂਗੇ-ਮਾਂਗੇ ਵਾਲੇ ਜੰਗਲ ਦਾ ਹੀ ਹਿੱਸਾ ਸੀ। ਇਹ ਦੋਵੇਂ ਹੀ ਹੁਣ ਪਾਕਿਸਤਾਨ ਵਿਚ ਚਲੇ ਗਏ ਹਨ। ਉਨ੍ਹਾਂ ਦਿਨਾਂ ਵਿਚ ਮਾਝੇ ਦੇ ਸਿੰਘ ਇਨ੍ਹਾਂ ਜੰਗਲਾਂ ਬੇਲਿਆਂ ਵਿਚ ਹੀ ਵਿਚਰ ਰਹੇ ਸਨ। ਰਾਤ ਨੂੰ ਕੋਈ ਨਾ ਕੋਈ ਸਿੰਘਾਂ ਦਾ ਜਥਾ ਇਸ ਝਿੜੀ ਵਿਚ ਆ ਟਿਕਦਾ ਅਤੇ ਦੋ-ਤਿੰਨ ਦਿਨ ਰਹਿ ਕੇ ਅੱਗੇ ਚਲਾ ਜਾਂਦਾ ਸੀ। ਭਾਈ ਤਾਰੂ ਸਿੰਘ ਰਾਤ ਨੂੰ ਲੰਗਰ ਤਿਆਰ ਕਰ ਕੇ ਬੜੀ ਸ਼ਰਧਾ ਭਾਵਨਾ ਨਾਲ ਛਕਾਉਂਦੇ ਅਤੇ

ਇਨ੍ਹਾਂ ਦੀ ਲੋੜ ਅਨੁਸਾਰ ਕੱਪੜਾ-ਲੀੜੇ ਦਾ ਵੀ ਪ੍ਰਬੰਧ ਕਰ ਦਿੰਦਾ ਸੀ। ਸ. ਰਤਨ ਸਿੰਘ ਭੰਗੂ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਲਿਖਦੇ ਹਨ ਕਿ:

*ਤਾਰੂ ਸਿੰਘ ਤਹਿੰ ਖੇਤੀ ਕਰੈ, ਸਾਥ ਪਿੰਡ ਵਹਿ ਹਾਲਾ ਭਰੈ।*
*ਦੇਹ ਹਾਕਮ ਕਛੁ ਥੋੜਾ ਖਾਵੈ, ਬਚੈ ਸਿੰਘਨ ਕੇ ਪਾਸ ਪੁਚਾਵੈ।*
*ਹੈ ਉਸ ਕੇ ਇਕ ਭੈਣ ਅਰ ਮਾਈ, ਪੀਸ ਕੂਟ ਵੈ ਕਰੈਂ ਕਮਾਈ।*
*ਆਪ ਖਾਇ ਵਹਿ ਰੁਖੀ ਮਿੱਸੀ, ਮੋਟਾ ਪਹਿਰ ਆਪ ਰਹਿ ਲਿੱਸੀ।*
*ਜੋਊ ਬਚੇ ਸੋ ਸਿੰਘਨ ਦੇਵੈ, ਉਇ ਬਿਨ ਸਿੰਘਨ ਔਰ ਨ ਸੇਵੈ। (ਪੰਨਾ ੨੬੯)*

ਪੂਹਲਾ ਪਿੰਡ ਲਾਹੌਰ ਵੱਲ ਨੂੰ ਜਾਣ ਵਾਲੀ ਮੁੱਖ ਸੜਕ 'ਤੇ ਹੋਣ ਕਾਰਨ ਆਉਣ ਜਾਣ ਵਾਲੇ ਯਾਤਰੀਆਂ ਨੂੰ ਰਾਤ ਪੈ ਜਾਣ 'ਤੇ ਇਸੇ ਪਿੰਡ ਵਿਚ ਗੁਜ਼ਾਰਨੀ ਪੈਂਦੀ ਸੀ। ਭਾਈ ਤਾਰੂ ਸਿੰਘ ਜੀ ਬਚਪਨ ਤੋਂ ਹੀ ਸਾਧ ਵਿਰਤੀ ਅਤੇ ਸੇਵਾ ਭਾਵਨਾ ਵਾਲੇ ਸਨ। ਉਨ੍ਹਾਂ ਨੇ ਯਾਤਰੀਆਂ ਨੂੰ ਬਿਨਾਂ ਕਿਸੇ ਭੇਦ-ਭਾਵ ਦੇ ਲੰਗਰ ਪਾਣੀ ਦੀ ਸੇਵਾ ਕਰਨੀ ਅਤੇ ਰਾਤ ਕੱਟਣ ਲਈ ਬਿਸਤਰੇ ਮੰਜੇ ਦਾ ਪ੍ਰਬੰਧ ਕਰ ਕੇ ਯਾਤਰੂਆਂ ਦੀ ਸੇਵਾ ਦਾ ਪੁੰਨ ਖੱਟ ਰਹੇ ਸਨ। ਲਾਹੌਰ ਤੋਂ ਆਉਣ-ਜਾਣ ਵਾਲਿਆਂ ਤੋਂ ਉਸ ਨੂੰ ਲਾਹੌਰ ਵਿਚ ਵਾਪਰਨ ਵਾਲੀਆਂ ਘਟਨਾਵਾਂ ਦਾ ਵੀ ਪਤਾ ਲਗਦਾ ਰਹਿੰਦਾ ਸੀ। ਉਨ੍ਹਾਂ ਦਿਨਾਂ ਵਿਚ ਜ਼ਿਆਦਾ ਘਟਨਾਵਾਂ ਸਿੰਘਾਂ ਨਾਲ ਸੰਬੰਧਿਤ ਹੋਇਆ ਕਰਦੀਆਂ ਸਨ। ਭਾਈ ਤਾਰੂ ਸਿੰਘ ਜੀ ਜੰਗਲਾਂ ਵਿਚ ਲੁਕ ਕੇ ਦਿਨ ਕਟੀ ਕਰ ਰਹੇ ਸਿੰਘਾਂ ਨੂੰ ਖ਼ਬਰ ਪਹੁੰਚਾ ਦਿੰਦੇ ਸਨ। ਵੇਲੇ ਸਿਰ ਉਨ੍ਹਾਂ ਨੂੰ ਪਤਾ ਲੱਗ ਜਾਣ ਕਾਰਨ ਕਈ ਵਾਰ ਉਨ੍ਹਾਂ ਦਾ ਬਚਾਅ ਹੋ ਜਾਇਆ ਕਰਦਾ ਸੀ। ਸਿੰਘ ਜੋ ਜੰਗਲਾਂ ਵਿਚ ਦਿਨ ਕਟੀ ਕਰ ਰਹੇ ਸਨ, ਉਨ੍ਹਾਂ ਪਾਸ ਖ਼ਬਰਾਂ ਪਹੁੰਚਣ ਦੀ ਇਹ ਠਹਿਰ ਤੋਂ ਇਲਾਵਾ ਹੋਰ ਵੀ ਕਈ ਸਾਧਨ ਸਨ।

ਇਕ ਵਾਰ ਪੱਟੀ ਦੇ ਵੱਡੀ ਉਮਰ ਦੇ ਫੌਜਦਾਰ ਜਾਫਰ ਬੇਗ ਨੇ ਰਹੀਮ ਬਖਸ਼ ਮਾਛੀ ਨੂੰ ਧਮਕਾਇਆ ਕਿ ਉਹ ਆਪਣੀ ਨੌਜਵਾਨ ਸੁੰਦਰ ਪੁੱਤਰੀ ਸਲਮਾ ਦਾ ਨਿਕਾਹ ਉਸ ਨਾਲ ਕਰ ਦੇਵੇ। ਜਦੋਂ ਗਰੀਬ ਬਾਪ ਨੇ ਇਸ ਬਾਰੇ ਆਪਣੀ ਸਿਆਣੀ ਧੀ ਦੀ ਰਜ਼ਾ ਪੁੱਛੀ ਤਾਂ ਉਸ ਨੇ ਸਾਫ ਇਨਕਾਰ ਕਰ ਦਿੱਤਾ। ਫੌਜਦਾਰ ਨੇ ਪਹਿਲਾਂ ਕਈ ਤਰ੍ਹਾਂ ਦੇ ਲਾਲਚ ਦਿੱਤੇ ਅਤੇ ਫਿਰ ਧਮਕੀਆਂ 'ਤੇ ਉਤਰ ਆਇਆ ਪਰ ਜਦ ਉਸ 'ਤੇ ਕੋਈ ਅਸਰ ਨਾ ਹੋਇਆ ਤਾਂ ਆਪਣੇ ਆਦਮੀ ਭੇਜ ਕੇ ਉਸ ਨੂੰ ਚੁਕਵਾ ਲਿਆ। ਜਦੋਂ ਲੜਕੀ ਨੂੰ ਉਸ ਦੇ ਸਾਹਮਣੇ ਪੇਸ਼ ਕੀਤਾ ਗਿਆ ਤਾਂ ਉਸ ਨੇ ਫੇਰ ਨਿਕਾਹ ਲਈ ਸਾਫ ਇਨਕਾਰ ਕਰ ਦਿੱਤਾ। ਫੌਜਦਾਰ ਨੇ ਉਸ ਨੂੰ ਹਵੇਲੀ ਦੇ ਇਕ ਕਮਰੇ ਵਿਚ ਬੰਦ ਕਰਕੇ ਉੱਪਰੋਂ ਸਖ਼ਤ ਪਹਿਰਾ ਲਗਵਾ ਦਿੱਤਾ। ਰਹੀਮ ਬਖਸ਼ ਨੇ ਲਾਹੌਰ ਜਾ ਕੇ ਸ਼ਾਹੀ ਦਰਬਾਰ ਵਿਚ ਖਾਨ ਬਹਾਦਰ ਪਾਸ ਫਰਿਆਦ ਕੀਤੀ ਕਿ ਉਸ ਦੀ ਪੁੱਤਰੀ ਨੂੰ ਫੌਜਦਾਰ ਤੋਂ ਰਿਹਾਅ ਕਰਵਾਇਆ ਜਾਵੇ। ਜਾਫਰ ਬੇਗ, ਖਾਨ ਬਹਾਦਰ ਦਾ ਰਿਸ਼ਤੇਦਾਰ ਸੀ ਅਤੇ ਨਾਲ ਹੀ ਉਸ ਦਾ ਮਿੱਤਰ ਸੀ ਜੋ ਪੱਟੀ ਦੇ ਨੇੜੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਵਿਚ ਨਾਮਣਾ ਖੱਟ ਰਿਹਾ ਸੀ। ਖਾਨ ਬਹਾਦਰ ਨੇ ਰਹੀਮ ਬਖਸ਼ ਦੀ ਫਰਿਆਦ ਵੱਲ ਕੋਈ ਧਿਆਨ ਨਾ ਦਿੱਤਾ। ਕੋਈ ਚਾਰਾ ਨਾ ਚਲਦਾ ਦੇਖ ਕੇ ਰਹੀਮ ਬਖਸ਼ ਵਾਪਸ ਪਿੰਡ ਵੱਲ ਨੂੰ ਚੱਲ ਪਿਆ

ਰਸਤੇ ਵਿਚ ਪੂਹਲੇ ਪਿੰਡ ਲਾਗੇ ਉਸ ਨੂੰ ਰਾਤ ਪੈ ਗਈ। ਉਹ ਰਾਤ ਕੱਟਣ ਲਈ ਭਾਈ ਤਾਰੂ ਸਿੰਘ ਦੇ ਘਰ ਰੁਕ ਗਿਆ। ਉਸ ਨੇ ਰਾਤ ਨੂੰ ਸਾਰੀ ਹੱਡ-ਬੀਤੀ ਭਾਈ ਤਾਰੂ ਸਿੰਘ ਜੀ ਨੂੰ ਦੱਸੀ। ਭਾਈ ਤਾਰੂ ਸਿੰਘ ਜੀ ਨੇ ਰਹੀਮ ਬਖਸ਼ ਨੂੰ ਹੌਂਸਲਾ ਦਿੱਤਾ ਅਤੇ ਅਕਾਲ ਪੁਰਖ 'ਤੇ ਭਰੋਸਾ ਰੱਖਣ ਲਈ ਕਿਹਾ। ਉਨ੍ਹਾਂ ਦਿਨਾਂ ਵਿਚ ਝਿੜੀ ਵਿਚ ੧੦ ਕੁ ਸਿੰਘਾਂ ਦਾ ਜਥਾ ਠਹਿਰਿਆ ਹੋਇਆ ਸੀ, ਜਿਨ੍ਹਾਂ ਲਈ ਲੰਗਰ ਪਾਣੀ ਭਾਈ ਸਾਹਿਬ ਜੀ ਦੇ ਘਰੋਂ ਹੀ ਜਾਂਦਾ ਸੀ। ਭਾਈ ਤਾਰੂ ਸਿੰਘ ਨੇ ਰਹੀਮ ਬਖਸ਼ ਦੀ ਦੁੱਖ ਭਰੀ ਕਹਾਣੀ ਉਨ੍ਹਾਂ ਜੁਝਾਰੂ ਸਿੰਘਾਂ ਨੂੰ ਦੱਸੀ। ਸਿੰਘਾਂ ਨੇ ਵਾਰਤਾ ਸੁਣ ਕੇ ਉਸੇ ਸਮੇਂ ਅਰਦਾਸਾ ਸੋਧ ਕੇ ਪੱਟੀ ਸ਼ਹਿਰ ਵੱਲ ਨੂੰ ਚਾਲੇ ਪਾ ਦਿੱਤੇ ਅਤੇ ਸਲਮਾ ਨੂੰ ਦਿਨ ਚੜ੍ਹਨ ਤੋਂ ਪਹਿਲਾਂ ਹੀ ਪੂਹਲੇ ਪਿੰਡ ਲੈ ਆਏ। ਰਹੀਮ ਬਖਸ਼ ਦੋ ਦਿਨ ਭਾਈ ਤਾਰੂ ਸਿੰਘ ਜੀ ਪਾਸ ਰਹਿ ਕੇ ਆਪਣੀ ਪੁੱਤਰੀ ਨੂੰ ਲੈ ਕੇ ਆਪਣੇ ਰਿਸ਼ਤੇਦਾਰਾਂ ਕੋਲ ਕਸੂਰ ਵੱਲ ਨੂੰ ਚਲਾ ਗਿਆ।

ਸ੍ਰੀ ਅੰਮ੍ਰਿਤਸਰ ਦੇ ਕੋਤਵਾਲ ਕਾਜ਼ੀ ਅਬਦੁਲ ਰਹਿਮਾਨ ਦੀ ਮੌਤ ਤੋਂ ਬਾਅਦ ਜ਼ਕਰੀਆ ਖਾਨ ਨੇ ਆਪਣੇ ਖਾਸਮ-ਖਾਸ ਪਿੰਡ ਮੰਡਿਆਲੀ ਦੇ ਰਹਿਣ ਵਾਲੇ ਮੱਸਾ ਖਾਨ ਰੰਘੜ ਨੂੰ ਸ੍ਰੀ ਅੰਮ੍ਰਿਤਸਰ ਦਾ ਕੋਤਵਾਲ ਨਿਯੁਕਤ ਕਰ ਦਿੱਤਾ। ਪਿੰਡ ਮੰਡਿਆਲੀ ਸ੍ਰੀ ਅੰਮ੍ਰਿਤਸਰ ਤੋਂ ੮ ਕਿਲੋਮੀਟਰ ਦੱਖਣ ਵੱਲ ਸਥਿਤ ਹੈ। ਇਸ ਲਈ ਵਿਸ਼ੇਸ਼ ਕੰਮ ਇਹ ਸੀ ਕਿ ਕਿਸੇ ਵੀ ਸਿੱਖ ਨੂੰ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਚ ਦਾਖ਼ਲ ਨਾ ਹੋਣ ਦਿੱਤਾ ਜਾਵੇ। ਇਸ ਨੇ ਸ੍ਰੀ ਦਰਬਾਰ ਸਾਹਿਬ ਵਿਚ ਹੀ ਆਪਣੇ ਅਮਲੇ ਫੈਲੇ ਨਾਲ ਪੱਕਾ ਡੇਰਾ ਜਮਾ ਲਿਆ। ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਦਾ ਖਿਆਲ ਕਰੇ ਬਿਨਾਂ ਇਸ ਨੇ ਆਪਣਾ ਸਿੰਘਾਸਨ ਜਮਾ ਕੇ ਨਾਮ ਬਾਣੀ ਦੇ ਕੀਰਤਨ ਦੀ ਥਾਂ 'ਤੇ ਨਿੱਤ ਵੇਸਵਾ ਦਾ ਨਾਚ ਕਰਵਾਉਣ ਲੱਗਾ ਅਤੇ ਸ਼ਰਾਬ-ਤੰਬਾਕੂ ਦੀ ਸ਼ਰ-ਏ-ਆਮ ਵਰਤੋਂ ਕਰਨ ਲੱਗ ਪਿਆ। ਮੱਸੇ ਰੰਘੜ ਦੀਆਂ ਇਨ੍ਹਾਂ ਕਾਰਵਾਈਆਂ ਨਾਲ ਸਿੱਖਾਂ ਦੇ ਹਿਰਦੇ ਵਲੂੰਧਰੇ ਗਏ। ਜਦੋਂ ਇਸ ਤਰ੍ਹਾਂ ਸ੍ਰੀ ਦਰਬਾਰ ਸਾਹਿਬ ਦੇ ਹੋ ਰਹੇ ਅਪਮਾਨ ਦਾ ਪਤਾ ਸ. ਸ਼ਿਆਮ ਸਿੰਘ ਦੇ ਜਥੇ ਨੂੰ ਲੱਗਿਆ ਜੋ ਉਸ ਸਮੇਂ ਰਾਜਸਥਾਨ ਦੇ ਮਾਰੂਥਲ ਵਿਚ ਪਨਾਹ ਲਈ ਬੈਠਾ ਸੀ ਤਾਂ ਉਸ ਨੇ ਸ. ਮਹਿਤਾਬ ਸਿੰਘ ਮੀਰਾਂਕੋਟੀਏ ਅਤੇ ਸ. ਸੁੱਖਾ ਸਿੰਘ ਮਾੜੀ ਕੰਬੋ ਵਾਲੇ ਨੂੰ ਦੁਸ਼ਟਾਂ ਨੂੰ ਸੋਧਣ ਲਈ ਭੇਜਿਆ। ਇਨ੍ਹਾਂ ਦੋਵੇਂ ਸੂਰਬੀਰ ਯੋਧਿਆਂ ਨੇ ਕਿਸਾਨਾਂ ਦਾ ਰੂਪ ਧਾਰ ਕੇ ਮਾਲੀਆ ਤਾਰਨ ਦੇ ਬਹਾਨੇ ਸ੍ਰੀ ਦਰਬਾਰ ਸਾਹਿਬ ਅੰਦਰ ਪ੍ਰਵੇਸ਼ ਕਰ ਕੇ ਮੱਸੇ ਰੰਘੜ ਦਾ ਸਿਰ ਵੱਢ ਦਿੱਤਾ। ਇਸ ਤਰ੍ਹਾਂ ਸੰਨ ੧੭੪੦ ਈ. ਵਿਚ ਮੱਸੇ ਰੰਘੜ ਦਾ ਕਤਲ ਕਰ ਕੇ ਸਿੰਘਾਂ ਨੇ ਉਸ ਨੂੰ ਉਸ ਦੇ ਕੀਤੇ ਦੀ ਸਜ਼ਾ ਦਿੱਤੀ।

ਮੱਸੇ ਰੰਘੜ ਦੇ ਕਤਲ ਪਿੱਛੋਂ ਖਾਨ ਬਹਾਦਰ ਦਾ ਆਪਣੇ ਗੁੱਸੇ 'ਤੇ ਕਾਬੂ ਨਾ ਰਿਹਾ। ਹਕੂਮਤ ਵੱਲੋਂ ਸਿੰਘਾਂ ਉੱਪਰ ਹੱਦ ਦਰਜੇ ਦੀ ਸਖ਼ਤੀ ਸ਼ੁਰੂ ਹੋ ਗਈ। ਮੁਖਬਰਾਂ ਨੂੰ ਲਾਹੌਰ ਸੱਦ ਕੇ ਆਪਣੀ ਜ਼ਿੰਮੇਵਾਰੀ ਨਿਭਾਉਣ ਲਈ ਤਾੜਨਾ ਕੀਤੀ ਗਈ, ਜਿਸ ਨਾਲ ਮੁਖਬਰਾਂ ਨੇ ਹਾਕਮਾਂ ਦੀਆਂ ਨਜ਼ਰਾਂ ਵਿਚ ਆਪਣੀ ਸ਼ਾਖ ਬਣਾਉਣ ਲਈ ਸਿੰਘਾਂ ਨੂੰ ਫੜਾਉਣ ਲਈ ਅੱਡੀ-ਚੋਟੀ ਦਾ ਜ਼ੋਰ ਲਾ ਦਿੱਤਾ। ਹਕੂਮਤ ਵੱਲੋਂ ੧੭੨੬ ਈ. ਵਾਲੇ ਹੁਕਮ ਫੇਰ ਤੋਂ ਲਾਗੂ ਕਰ ਦਿੱਤੇ ਗਏ। ਸਿੱਖਾਂ ਨੂੰ ਪਨਾਹ ਦੇਣ ਵਾਲੇ ਲਈ ਮੌਤ ਦੀ ਸਜ਼ਾ

ਮੁਕੱਰਰ ਕਰ ਦਿੱਤੀ ਗਈ। ਸੂਬਾ ਲਾਹੌਰ ਦੀਆਂ ਸਖ਼ਤੀਆਂ ਕਾਰਨ ਸਿੱਖ ਘਰ-ਘਾਟ ਛੱਡ ਕੇ ਸ਼ਿਵਾਲਕ ਦੀਆਂ ਪਹਾੜੀਆਂ, ਰਾਜਸਥਾਨ ਦੇ ਮਾਰੂਥਲਾਂ ਅਤੇ ਲੱਖੀ ਜੰਗਲ ਆਦਿ ਦੀਆਂ ਸੁਰੱਖਿਅਤ ਥਾਵਾਂ 'ਤੇ ਚਲੇ ਗਏ। ਇਸ ਸਬੰਧ ਵਿਚ ਡਾ. ਹਰੀ ਰਾਮ ਗੁਪਤਾ ਦਾ ਜ਼ਿਕਰ ਹੈ ਕਿ ਜਿਹੜੇ ਸਿੱਖ ਅਜਿਹਾ ਨਾ ਕਰ ਸਕੇ ਉਹ ਸਰਕਾਰੀ ਅਫ਼ਸਰਾਂ ਦੇ ਜ਼ੁਲਮ ਜਾਂ ਇਨਾਮ ਹਾਸਲ ਕਰਨ ਵਾਲੇ ਲਾਲਚੀ ਗੁਆਂਢੀਆਂ ਦਾ ਸ਼ਿਕਾਰ ਹੋ ਗਏ।

ਚੈਂਚਲ ਸੰਧੂ ਚੀਚੇ ਵਾਲੇ, ਹੈਬਤ ਮੱਲ ਨੇਸ਼ਟੇ ਵਾਲੇ ਪੂਹਲੇ ਪਿੰਡ ਨਾਲ ਦੇ ਇਲਾਕੇ ਦੀ ਸੂਹ ਰੱਖ ਰਹੇ ਸਨ। ਇਨ੍ਹਾਂ ਨੂੰ ਸੂਹ ਲੱਗ ਗਈ ਸੀ ਕਿ ਭਾਈ ਮਹਿਤਾਬ ਸਿੰਘ ਮੀਰਾਂਕੋਟੀਆ ਕਿੱਥੇ ਲੁਕਿਆ ਹੈ ਅਤੇ ਉਹ ਭਾਈ ਤਾਰੂ ਸਿੰਘ ਜੀ ਦਾ ਪੁਰਾਣਾ ਮਿੱਤਰ ਹੈ। ਜਦੋਂ ਹਰਿਭਗਤ ਨਿਰੰਜਨੀਏ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਭਾਵੇਂ ਪੂਹਲੇ ਪਿੰਡ ਦੀ ਚੌਧਰਾਇਤ ਉਸ ਦੇ ਅਧਿਕਾਰ ਵਿਚ ਨਹੀਂ ਸੀ ਪਰ ਫਿਰ ਵੀ ਉਸ ਨੇ ਜ਼ਕਰੀਆ ਖਾਨ ਪਾਸ ਜਾ ਮੁਖ਼ਬਰੀ ਕੀਤੀ ਕਿ ਪੂਹਲੇ ਪਿੰਡ ਦਾ ਭਾਈ ਤਾਰੂ ਸਿੰਘ ਜੰਗਲਾਂ ਵਿਚ ਲੁਕੇ ਸਿੱਖਾਂ ਦੀ ਮਦਦ ਕਰਦਾ ਹੈ ਅਤੇ ਉਹ ਭਾਈ ਮਹਿਤਾਬ ਸਿੰਘ ਮੀਰਾਂਕੋਟੀਏ ਦਾ ਮਿੱਤਰ ਹੈ। ਗਿਆਨੀ ਗਿਆਨ ਸਿੰਘ ਜੀ ਨੇ ਇਸ ਦਾ ਜ਼ਿਕਰ 'ਪੰਥ ਪ੍ਰਕਾਸ਼' ਵਿਚ ਬੜੇ ਵਿਸਥਾਰ ਨਾਲ ਕੀਤਾ ਹੈ:

*ਪੂਲੇ ਵਾਰੋ ਤਾਰੂ ਸਿੰਘ ਭਗਤ ਸਦਾਵੈ ਜੋਊ, ਸਿੰਘਨ ਕੇ ਪਾਸ ਸੋਊ ਖਰਚ ਪੁਚਾਇ ਹੈ।*
*ਆਪ ਦੁਖ ਭੁਖ ਸੈਹੈਂ, ਸਿੰਘਨ ਕੋ ਸੁਖ ਦੈਹੈਂ, ਭੁਜੇ ਚਣੇ ਚਾਬੈ ਆਪ, ਰੋਟੀ ਉਨੈਂ ਦਾਇ ਹੈਂ।*
*ਜਾਨਕੈ ਭਗਤ ਤਾਂਕਾ ਮਾਨਹੈ ਬਚਨ ਲੋਗ, ਭੋਗਸ਼ਾਹੀ ਚੋਰਨ ਕੋ ਹੋਰਨ ਤੇ ਦਯਾਇ ਹੈ।*
*ਔਰ ਮੀਰਾਂਕੋਟੀਆ ਮਤਾਬ ਸਿੰਘ ਤਾਂਕੋ ਯਾਰ, ਰਾਖਤ ਪਯਾਰਵੇ ਸੁਨੈਰੀਏ ਸਦਾਇ ਹੈ।*
*ਸਿੰਘ ਤਾਂਕੇ ਸਾਥ ਬਹੁ ਧਾੜਾ ਚੋਰੀ ਹੈ ਕਰਾਤ, ਆਤ ਧਨ ਜੋਊ ਤਾਰੂ ਸਿੰਘ ਕੋ ਦੈ ਜਾਇ ਹੈ।*

ਜ਼ਕਰੀਆ ਖਾਨ ਨੇ ਹਰਿਭਗਤ ਨਿਰੰਜਨੀਏ ਦੀ ਗੱਲ ਸੁਣ ਕੇ ਮੋਮਨ ਖਾਨ ਦੀ ਕਮਾਂਡ ਹੇਠ ੨੦ ਸਿਪਾਹੀਆਂ ਨੂੰ ਭਾਈ ਤਾਰੂ ਸਿੰਘ ਨੂੰ ਗ੍ਰਿਫਤਾਰ ਕਰਨ ਲਈ ਪੂਹਲੇ ਪਿੰਡ ਭੇਜ ਦਿੱਤਾ ਅਤੇ ਹਰਿਭਗਤ ਨਿਰੰਜਨੀਏ ਦੀ ਜ਼ਿੰਮੇਵਾਰੀ ਭਾਈ ਮਹਿਤਾਬ ਸਿੰਘ ਨੂੰ ਗ੍ਰਿਫਤਾਰ ਕਰਨ ਦੀ ਲਾ ਦਿੱਤੀ।

ਮੋਮਨ ਖਾਨ ਨੇ ਪੂਹਲੇ ਪਿੰਡ ਪਹੁੰਚ ਕੇ ਭਾਈ ਤਾਰੂ ਸਿੰਘ ਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ ਅਤੇ ਭਾਈ ਤਾਰੂ ਸਿੰਘ ਅਤੇ ਉਸ ਦੀ ਭੈਣ ਬੀਬੀ ਤਾਰੋ ਨੂੰ ਗ੍ਰਿਫਤਾਰ ਕਰ ਹੱਥਕੜੀਆਂ ਤੇ ਬੇੜੀਆਂ ਨਾਲ ਬੰਨ੍ਹ ਕੇ ਲਾਹੌਰ ਵੱਲ ਨੂੰ ਚੱਲ ਪਿਆ। ਭਾਈ ਤਾਰੂ ਸਿੰਘ ਜੀ ਨੂੰ ਗ੍ਰਿਫ਼ਤਾਰ ਕਰ ਕੇ ਲਿਜਾ ਰਹੀ ਫ਼ੌਜ ਨੂੰ ਪਿੰਡ ਭੜਾਣਾ ਵਿਖੇ ਰਾਤ ਪੈ ਗਈ। ਭੜਾਣਾ ਪਿੰਡ ਲਾਹੌਰ ਤੋਂ ੩੨-੩੩ ਕਿਲੋਮੀਟਰ ਦੂਰ ਚੜ੍ਹਦੇ ਦੱਖਣ ਵਾਲੇ ਪਾਸੇ ਵਾਕਿਆ ਹੈ। ਭਾਈ ਆਲੀ ਸਿੰਘ ਅਤੇ ਭਾਈ ਗੁਰਬਖਸ਼ ਸਿੰਘ ਇਸੇ ਪਿੰਡ ਦੇ ਨਿਵਾਸੀ ਸਨ, ਜਿਨ੍ਹਾਂ ਦੀਆਂ ਫਸਲਾਂ ਨੌਸ਼ਹਿਰੇ ਵਾਲੇ ਚੌਧਰੀ ਦੀਆਂ ਘੋੜੀਆਂ ਨੇ ਉਜਾੜ ਦਿੱਤੀਆਂ ਸਨ, ਜਿਸ ਦਾ ਵਿਰੋਧ ਕਰਨ ਤੋਂ ਗੱਲ ਵਧ ਕੇ ਜੰਗ ਤਕ ਪਹੁੰਚੀ ਸੀ ਅਤੇ ਭਾਈ ਤਾਰਾ ਸਿੰਘ ਵਾਂ ਨਾਲ ਲਾਹੌਰ ਦੀ ਫ਼ੌਜ ਦੀ ਲੜਾਈ ਹੋਈ ਅਤੇ ਇਹ ਦੋਵੇਂ ਸਿੰਘ ਵਾਂ ਦੀ ਜੰਗ ਵਿਚ ਸ਼ਹੀਦੀ ਪ੍ਰਾਪਤ ਕਰ ਗਏ ਸਨ। ਇਸੇ ਪਿੰਡ ਭੜਾਣਾ (ਪਢਾਣਾ) ਵਿਖੇ ਸ਼ਾਹੀ ਸੈਨਾ ਵੱਲੋਂ ਰਾਤ ਠਹਿਰਣ ਦੀ ਯੋਜਨਾ ਬਣਾਈ ਗਈ। ਪਿੰਡ ਦੇ ਲੋਕ ਇਕੱਠੇ ਹੋਣੇ ਸ਼ੁਰੂ ਹੋ

ਗਏ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਭਾਈ ਤਾਰੂ ਸਿੰਘ ਜੀ ਅਤੇ ਉਨ੍ਹਾਂ ਦੀ ਭੈਣ ਬੀਬੀ ਤਾਰੋ ਨੂੰ ਲਾਹੌਰ ਦੀ ਫ਼ੌਜ ਗ੍ਰਿਫ਼ਤਾਰ ਕਰ ਕੇ ਲਿਜਾ ਰਹੀ ਹੈ ਤਾਂ ਉਹ ਗੁੱਸੇ ਨਾਲ ਭਰ ਗਏ। ਉਨ੍ਹਾਂ ਨੇ ਬਿਨਾਂ ਕਿਸੇ ਨਤੀਜੇ ਦੀ ਪਰਵਾਹ ਕੀਤਿਆਂ ਸ਼ਾਹੀ ਸੈਨਾ 'ਤੇ ਹਮਲਾ ਕਰ ਕੇ ਭਾਈ ਸਾਹਿਬ ਅਤੇ ਉਨ੍ਹਾਂ ਦੀ ਭੈਣ ਨੂੰ ਛਡਾਉਣ ਦੀ ਯੋਜਨਾ ਬਣਾਈ। ਸ. ਰਤਨ ਸਿੰਘ (ਭੰਗੂ) ਨੇ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਇਸ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ:

*ਹੁਤੀ ਭੜਾਣੇ ਗੁਰਸਿਖੀ ਤਿਨ ਲਖ ਆਯੋ ਰੋਹੁ। ਤਾਰੂ ਸਿੰਘ ਛੁਡਾਈਏ ਹੋਨੀ ਹੋਇ ਸੁ ਹੋਇ।*

ਜਦੋਂ ਭਾਈ ਤਾਰੂ ਸਿੰਘ ਜੀ ਪਾਸ ਪਿੰਡ ਵਾਲੇ ਆਪਣੀ ਇਹ ਯੋਜਨਾ ਦੱਸਣ ਗਏ ਤਾਂ ਭਾਈ ਸਾਹਿਬ ਨੇ ਉਨ੍ਹਾਂ ਨੂੰ ਇਸ ਤਰ੍ਹਾਂ ਕਰਨ ਤੋਂ ਰੋਕ ਦਿੱਤਾ ਅਤੇ ਕਿਹਾ ਇਸ ਤਰ੍ਹਾਂ ਕਰਨ ਨਾਲ ਲੋਕ ਕਹਿਣਗੇ ਕਿ ਇਕ ਗੁਰੂ ਦਾ ਸਿੱਖ ਮੌਤ ਤੋਂ ਡਰਦਾ ਮਾਰਾ ਸਾਰੇ ਪਿੰਡ ਨੂੰ ਮੁਸੀਬਤ ਵਿਚ ਪਾ ਕੇ ਆਪ ਦੌੜ ਗਿਆ ਹੈ।

ਭਾਈ ਤਾਰੂ ਸਿੰਘ ਦੇ ਵਿਚਾਰ ਸੁਣ ਕੇ ਪਿੰਡ ਵਾਲਿਆਂ ਨੇ ਸ਼ਾਹੀ ਸੈਨਾ ਨਾਲ ਲੜਨ ਦਾ ਇਰਾਦਾ ਤਿਆਗ ਦਿੱਤਾ। ਉਨ੍ਹਾਂ ਨੇ ਸ਼ਾਹੀ ਸੈਨਾ ਨੂੰ ਮੋਟੀ ਰਕਮ ਦੇ ਕੇ ਭਾਈ ਤਾਰੂ ਸਿੰਘ ਦੀ ਭੈਣ ਨੂੰ ਛੁਡਵਾ ਲਿਆ। ਇਸ ਬਾਰੇ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਜ਼ਿਕਰ ਹੈ ਕਿ:

*ਅਹਿਦੀਅਨ ਕੋ ਕੁਛ ਦੇ ਕੈ ਦਾਮ, ਦਰਸ਼ਨ ਕਰਯੋ ਤਾਰੂ ਸਿੰਘ ਗ੍ਰਾਮ।*
*ਭੈਣ ਸਾਥ ਥੀ ਸੋ ਫੜੀ ਆਈ, ਸੋ ਦੰਮ ਦੇ ਲੋਕਨ ਛਡਵਾਈ।*

ਦੂਸਰੇ ਦਿਨ ਸਿਪਾਹੀ ਭਾਈ ਤਾਰੂ ਸਿੰਘ ਜੀ ਨਾਲ ਲੈ ਕੇ ਲਾਹੌਰ ਵੱਲ ਨੂੰ ਚੱਲ ਪਏ। ਨਖਾਸ ਚੌਂਕ ਲਾਹੌਰ ਵਿਖੇ ਨਾਜ਼ਮ ਲਾਹੌਰ ਜ਼ਕਰੀਆ ਖਾਨ ਦੀ ਕਚਹਿਰੀ ਸੀ ਜਿਸ ਆਲੇ-ਦੁਆਲੇ ਸੁਰੱਖਿਆ ਲਈ ਇਕ ਡੂੰਘੀ ਖਾਈ ਬਣੀ ਹੋਈ ਸੀ। ਡਾ. ਹਰੀ ਰਾਮ ਗੁਪਤਾ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਬਹੁਤ ਸਾਰੇ ਸਿੱਖਾਂ ਨੂੰ ਲੱਭ-ਲੱਭ ਕੇ ਮਾਰਿਆ ਗਿਆ, ਬਹੁਤ ਸਾਰੇ ਗੋਲੀ ਦਾ ਨਿਸ਼ਾਨਾ ਬਣਾਏ ਗਏ, ਬਹੁਤ ਸਾਰੇ ਜ਼ੰਜੀਰਾਂ ਪਾ ਕੇ ਲਾਹੌਰ ਲਿਆਂਦੇ ਗਏ। ਜਿਨ੍ਹਾਂ ਨੂੰ ਇਸੇ ਨਖਾਸ ਚੌਂਕ ਵਿਚ ਸ਼ਹੀਦ ਕੀਤਾ ਜਾਂਦਾ ਸੀ। ਸ. ਰਤਨ ਸਿੰਘ (ਭੰਗੂ) ਇਸ ਬਾਰੇ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਲਿਖਦੇ ਹਨ ਕਿ:

*ਕਈ ਚਰਖ ਕਈ ਫਾਂਸੀ ਮਾਰੇ। ਕਈ ਤੋਪਨ ਕਈ ਛੁਰੀ ਕਟਾਰੇ।*
*ਕਈਅਨ ਕੈ ਸਿਰ ਮੁੰਗਲੀਂ ਕੁੱਟੇ। ਕਈ ਡੋਬੇ ਕਈ ਘਸੀਟ ਸੁ ਸੁੱਟੇ।*
*ਦੱਬੇ ਟੰਗੇ ਬੰਦੂਖਨ ਦਏ ਮਾਰ। ਕੌਨ ਗਨੈ ਜੇ ਮਾਰੇ ਹਜ਼ਾਰ।*
*ਪਾਂਤ ਪਾਂਤ ਕਈ ਪਕੜ ਬਹਾਏ। ਸਾਥ ਤੇ.ਗਨ ਕੇ ਸਸਿ ਉਡਵਾਏ।*
*ਕਿਸੇ ਹੱਥ ਕਿਸੇ ਟੰਗ ਕਟਵਾਇ। ਅੱਖ ਕੱਢ ਕਿਸੈ ਖਲ ਕਢਵਾਇ।*
*ਕੇਸ਼ਨ ਵਾਲੋ ਜੋ ਨਰ ਹੋਇ। ਬਾਲ ਬਿਰਧ ਲਭ ਛਡੈ ਨ ਕੋਈ।* (ਪੰਨਾ ੨੨੮)

ਮੋਮਨ ਖਾਨ ਨੇ ਭਾਈ ਤਾਰੂ ਸਿੰਘ ਨੂੰ ਹੱਥਕੜੀਆਂ ਤੇ ਬੇੜੀਆਂ ਪਾ ਕੇ ਇੱਥੇ ਜ਼ਕਰੀਆ ਖਾਨ ਅੱਗੇ ਪੇਸ਼ ਕੀਤਾ। ਲਾਹੌਰ ਵਿਚ ਭਾਈ ਤਾਰੂ ਸਿੰਘ ਜੀ ਨੂੰ ਕਈ ਦਿਨ ਜੇਲ੍ਹ ਵਿਚ ਰੱਖ ਕੇ ਕਈ ਦਿਨਾਂ ਤਕ ਤਸੀਹੇ ਦਿੱਤੇ ਜਾਂਦੇ ਰਹੇ।

ਭਾਈ ਤਾਰੂ ਸਿੰਘ 'ਤੇ ਬਾਗੀਆਂ ਨੂੰ ਸ਼ਰਨ ਦੇਣ ਅਤੇ ਉਨ੍ਹਾਂ ਲਈ ਜ਼ਰੂਰੀ ਚੀਜ਼ਾਂ ਦਾ ਪ੍ਰਬੰਧ ਕਰ ਕੇ ਦੇਣ ਦੇ ਦੋਸ਼ ਲਾਏ ਗਏ। ਜ਼ਕਰੀਆ ਖਾਨ ਨੇ ਭਾਈ ਤਾਰੂ ਸਿੰਘ ਅੱਗੇ

ਦੋ ਸ਼ਰਤਾਂ ਰੱਖੀਆਂ ਇਸਲਾਮ ਕਬੂਲ ਕਰੋ ਜਾਂ ਮੌਤ। ਭਾਈ ਤਾਰੂ ਸਿੰਘ ਜੀ ਨੇ ਜ਼ਕਰੀਆ ਖਾਨ ਨੂੰ ਪੁੱਛਿਆ ਕਿ ਇਸਲਾਮ ਧਾਰਨ ਕਰਨ ਨਾਲ ਮੌਤ ਨਹੀਂ ਆਏਗੀ? ਜੇਕਰ ਮੇਰੇ ਧਰਮ ਬਦਲਣ ਨਾਲ ਵੀ ਮੈਨੂੰ ਮੌਤ ਨੇ ਕਦੇ ਨਾ ਕਦੇ ਆ ਦਬੋਚਣਾ ਹੀ ਹੈ ਤਾਂ ਮੈਂ ਆਪਣੇ ਧਰਮ ਵਿਚ ਪੱਕਾ ਰਹਿ ਕੇ ਹੀ ਕਿਉਂ ਨਾ ਮਰਾਂ। ਭਾਈ ਤਾਰੂ ਸਿੰਘ ਜੀ ਦਾ ਜਵਾਬ ਸੁਣ ਕੇ ਜ਼ਕਰੀਆ ਖਾਨ ਨੇ ਗੁੱਸੇ ਵਿਚ ਆ ਕੇ ਭਾਈ ਤਾਰੂ ਸਿੰਘ ਜੀ ਨੂੰ ਚਰਖੜੀਆਂ 'ਤੇ ਚਾੜ੍ਹਨ ਦਾ ਫਤਵਾ ਦਿੱਤਾ ਗਿਆ ਅਤੇ ਕਿਹਾ ਗਿਆ ਕਿ ਓਨਾ ਸਮਾਂ ਚਰਖੜੀਆਂ ਨੂੰ ਘੁਮਾਇਆ ਜਾਵੇ ਜਦੋਂ ਤਕ ਇਹ ਸਿੱਖ ਧਰਮ ਤਿਆਗ ਕੇ ਇਸਲਾਮ ਕਬੂਲ ਨਹੀਂ ਕਰ ਲੈਂਦਾ। ਹਾਕਮ ਭਾਈ ਤਾਰੂ ਸਿੰਘ ਜੀ ਨੂੰ ਹਰ ਹੀਲੇ ਦੀਨ-ਏ-ਮੁਹੰਮਦੀ ਵਿਚ ਲਿਆਉਣਾ ਚਾਹੁੰਦਾ ਸੀ ਤਾਂ ਕਿ ਸਿੱਖਾਂ ਦੀ ਦ੍ਰਿੜ੍ਹਤਾ ਨੂੰ ਕਮਜ਼ੋਰ ਕੀਤਾ ਜਾ ਸਕੇ ਅਤੇ ਇਸ ਦਾ ਪ੍ਰਚਾਰ ਕਰ ਕੇ ਹੋਰ ਸਿੱਖਾਂ ਨੂੰ ਧਰਮ ਤਬਦੀਲ ਕਰਨ ਲਈ ਜ਼ੋਰ ਪਾਇਆ ਜਾ ਸਕੇ। ਡਾ. ਹਰੀ ਰਾਮ ਗੁਪਤਾ ਲਿਖਦੇ ਹਨ ਕਿ ਜ਼ਕਰੀਆ ਖਾਨ ਨੇ ਆਪਣੀ ਗੱਲ ਮਨਵਾਉਣ ਲਈ ਭਾਈ ਤਾਰੂ ਸਿੰਘ ਜੀ ਨੂੰ ਚਰਖੜੀ 'ਤੇ ਚਾੜ੍ਹਨ ਦਾ ਹੁਕਮ ਦਿੱਤਾ ਤਾਂ ਕਿ ਉਸ ਦੀ ਛਾਤੀ ਅਤੇ ਪਸਲੀ ਦੀਆਂ ਹੱਡੀਆਂ ਨੂੰ ਤੋੜ ਦਿੱਤਾ ਜਾਵੇ।

*ਜਿਉਂ-ਜਿਉਂ ਭਾਈ ਤਾਰੂ ਸਿੰਘ ਤੇ ਸਖ਼ਤੀਆਂ ਵਧਾਈਆਂ ਗਈਆਂ ਭਾਈ ਸਾਹਿਬ ਚੜ੍ਹਦੀ ਕਲਾ ਵਿਚ ਹੁੰਦੇ ਗਏ। ਭਾਈ ਰਤਨ ਸਿੰਘ ਭੰਗੂ ਅਨੁਸਾਰ:*

*ਜਿਮ ਜਿਮ ਸਿੰਘ ਕੋ ਤੁਰਕ ਸਤਾਵੈ, ਤਿਮ ਤਿਮ ਮੁਖ ਸਿੰਘ ਲਾਲੀ ਆਵੈ।*
*ਜਿਮ ਜਿਮ ਸਿੰਘ ਕਛੁ ਪੀਏ ਨਾ ਖਾਇ, ਤਿਮ ਤਿਮ ਸਿੰਘ ਸੰਤੋਖ ਹੈਵਆਇ।*
*ਜੀਵਨ ਤੇ ਸਿੰਘ ਆਸ ਚੁਕਾਈ, ਨਹਿੰ ਉਸ ਚਿੰਤ ਸੁ ਮਰਨੇ ਕਾਈ।*
*ਸਤ ਸੰਤੋਖ ਧੀਰ ਮਨ ਤਾਂਕੇ, ਗੁਰ ਕਾ ਭਾਣਾ ਸਿਰ ਪਰ ਜਾਂਕੇ।*

*(ਪ੍ਰਾਚੀਨ ਪੰਥ ਪ੍ਰਕਾਸ਼, ਸਫ਼ਾ ੨੮੭)*

ਭਾਈ ਸਾਹਿਬ ਨੇ ਸਿੱਖੀ ਵਿਚ ਅਟੱਲ ਵਿਸ਼ਵਾਸ ਰੱਖਦਿਆਂ ਅਕਾਲ ਪੁਰਖ ਅੱਗੇ ਸਿੱਖੀ ਕੇਸਾਂ-ਸੁਆਸਾਂ ਸੰਗ ਨਿਭ ਜਾਣ ਦੀ ਅਰਦਾਸ ਕੀਤੀ। ਜਦੋਂ ਇਸ ਗੱਲ ਦਾ ਪਤਾ ਜ਼ਕਰੀਆ ਖਾਨ ਨੂੰ ਲੱਗਾ ਤਾਂ ਉਸ ਨੇ ਹੰਕਾਰ ਵਿਚ ਆ ਕੇ ਸਿੱਖੀ ਦੀ ਨਿਸ਼ਾਨੀ ਗੁਰੂ ਦੀ ਮੋਹਰ ਕੇਸਾਂ ਨੂੰ ਕਤਲ ਕਰਨ ਦਾ ਸੁਝਾਓ ਕਾਜ਼ੀ ਨੂੰ ਦਿੱਤਾ। ਦਰਬਾਰ ਵਿਚ ਕਾਜ਼ੀ ਵੱਲੋਂ ਫਤਵਾ ਜਾਰੀ ਕਰਨ ਮਗਰੋਂ ਭਾਈ ਤਾਰੂ ਸਿੰਘ ਦੇ ਕੇਸ ਕਤਲ ਕਰਨ ਲਈ ਨਾਈਆਂ ਨੂੰ ਸੱਦਿਆ ਗਿਆ। ਭਾਈ ਸਾਹਿਬ ਦੇ ਚਿਹਰੇ ਦਾ ਜਲਾਲ ਦੇਖ ਕਿਸੇ ਦੀ ਵੀ ਭਾਈ ਸਾਹਿਬ ਦੇ ਕੇਸਾਂ ਨੂੰ ਹੱਥ ਲਾਉਣ ਦੀ ਹਿੰਮਤ ਨਾ ਪਈ। ਸ. ਰਤਨ ਸਿੰਘ (ਭੰਗੂ) ਇਸ ਘਟਨਾ ਦਾ ਵਿਸਥਾਰ ਕਰਦੇ ਹੋਏ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਲਿਖਦੇ ਹਨ:

*ਤਬ ਨਵਾਬ ਨੇ ਨਊਏ ਲਗਾਏ, ਉਨ ਕੇ ਸੰਦ ਖੁੰਢੇ ਹੋ ਆਏ।*
*ਜਿਮ ਜਿਮ ਨਊਏ ਫੇਰ ਲਗਾਵੈਂ, ਤਿਮ ਤਿਮ ਉਨ ਹਥ ਭੈੜੇ ਪਾਵੈਂ।*
*ਜਿਮ ਜਿਮ ਨਊਅਨ ਨਵਾਬ ਡਰਾਵੈ, ਤਿਮ ਤਿਮ ਨਊਅਨ ਹਥ ਕੰਪਾਵੈਂ।*
*ਕਲਾ ਖਾਲਸੇ ਤਬ ਐਸੀ ਕਈ, ਨਊਅਨ ਦ੍ਰਿਸ਼ਟੀ ਮੰਦ ਤਬ ਭਈ।*
*ਨਵਾਬ ਕਹਯੋਂ ਇਨ ਜਾਦੂ ਚਲਾਯਾ, ਕੈ ਨਊਅਨ ਕੁਛ ਲੱਬ ਦਿਵਾਯਾ।*

*ਅਬ ਲਯਾਵੋ ਮੋਚੀ ਦੋ ਚਾਰ, ਖੋਪਰੀ ਸਾਥ ਦਿਹੁ ਬਾਲ ਉਤਾਰ। (ਪੰਨਾ ੨੯੦)*

ਜ਼ਕਰੀਆ ਖਾਨ ਨੇ ਹੁਕਮ ਕੀਤਾ ਇਸ ਦੇ ਕੇਸ ਇਸ ਤਰ੍ਹਾਂ ਉਤਾਰੇ ਜਾਣ ਕਿ ਮੁੜ ਕੇ ਉੱਗ ਨ ਸਕਣ ਸੋ ਮੋਚੀਆਂ ਨੂੰ ਬੁਲਾ ਕੇ ਭਾਈ ਤਾਰੂ ਸਿੰਘ ਜੀ ਦੇ ਕੇਸ ਸਣੇ ਖੋਪਰੀ ਲਾਹ ਦੇਣ ਦਾ ਹੁਕਮ ਕੀਤਾ ਗਿਆ:

*ਤਬ ਨਵਾਬ ਬਹੁ ਕ੍ਰੋਧਿਹਿ ਭਰਾ, ਸੋਊ ਹੁਕਮ ਉਨ ਮੋਚਿਅਨ ਕਰਾ।*
*ਇਸ ਕੀ ਖੋਪਰੀ ਸਾਥੇ ਬਾਲ, ਕਾਟ ਉਤਾਰੋ ਰੰਬੀ ਨਾਲ।*

*(ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੨੯੦)*

ਵਹਿਸ਼ੀਆਨਾ ਢੰਗ ਦੇ ਨਾਲ ਜ਼ਾਲਮਾਂ ਨੇ ਭਾਈ ਤਾਰੂ ਸਿੰਘ ਜੀ ਦੀ ਖੋਪਰੀ ਰੰਬੀ ਨਾਲ ਉਤਾਰ ਕੇ ਸਿਰ ਤੋਂ ਵੱਖ ਕਰ ਦਿੱਤੀ। ਤਮਾਸ਼ਾ ਦੇਖਣ ਵਾਲੇ ਹੈਰਾਨ ਹੋਏ ਦੇਖ ਰਹੇ ਸਨ ਕਿ ਇਕ ਗੁਰੂ ਦਾ ਸਿੱਖ ਬਿਨਾਂ ਸੀਅ ਤਕ ਕੀਤਿਆਂ ਕਿਵੇਂ ਅੰਤਾਂ ਦੇ ਤਸੀਹੇ ਝੱਲ ਰਿਹਾ ਹੈ:

*ਸਿੰਘ ਜੀ ਮੁਖ ਤੇ ਸੀ ਨਾ ਕਰੀ, ਧੰਨ ਧੰਨ ਗੁਰ ਮੁਖ ਕਹਾਣੀ ਸਰੀ।*
*ਹਕਾਰੋ ਦੇਖ ਲੌਕ ਬਹੁ ਭਰੇ, ਜੋ ਸੋਅ ਸੁਨੈਂ ਸੁ ਹੈ ਹੈ ਕਰੇ।*
*ਲੋਕ ਸਿਆਣੇ ਐਸੇ ਕਹੈਂ, ਪਾਤਸ਼ਾਹੀ ਇਨ ਕੀ ਨ ਰਹੈ।*

*(ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੨੯੧)*

ਨਖਾਸ ਚੌਂਕ ਵਿਚ ਜਿੱਥੇ ਇਹ ਸਾਕਾ ਵਰਤਿਆ ਉਹ ਸਥਾਨ ਅੱਜਕਲ੍ਹ ਲਾਹੌਰ ਰੇਲਵੇ ਸਟੇਸ਼ਨ ਦੇ ਬਿਲਕੁਲ ਸਾਹਮਣੇ ਹੈ। ਇਸ ਸਥਾਨ 'ਤੇ ਹੀ ਸ਼ਹੀਦ ਗੰਜ ਸਿੰਘਣੀਆਂ ਬਣਿਆ ਹੋਇਆ ਹੈ। ਇਸ ਸਥਾਨ ਨੂੰ ਲੰਡਾ ਬਜ਼ਾਰ ਵੀ ਕਿਹਾ ਜਾਂਦਾ ਹੈ। ਭਾਈ ਸਾਹਿਬ ਦੀ ਖੋਪਰੀ ਲਾਹੁਣ ਤੋਂ ਬਾਅਦ ਉਨ੍ਹਾਂ ਨੂੰ ਨਾਲ ਲੱਗਦੀ ਖਾਈ ਵਿਚ ਸੁੱਟ ਦਿੱਤਾ ਗਿਆ। ਗਿਆਨੀ ਗਿਆਨ ਸਿੰਘ ਜੀ ਨੇ ਖਾਫ਼ੀ ਖਾਨ ਦਾ ਹਵਾਲਾ ਦੇ ਕੇ ਲਿਖਿਆ ਹੈ ਕਿ ਭਾਈ ਤਾਰੂ ਸਿੰਘ ਜੀ ਦੀ ਖੋਪਰੀ ਉਤਾਰ ਦੇਣ ਪਿੱਛੋਂ ਜ਼ਕਰੀਆ ਖਾਨ ਨੇ ਉਨ੍ਹਾਂ ਨੂੰ ਖੱਡ ਵਿਚ ਸੁਟਵਾ ਦਿੱਤਾ ਤਾਂ ਕਿ ਉਨ੍ਹਾਂ ਦਾ ਮਾਸ ਗਿੱਦੜ, ਕੁੱਤੇ ਆਦਿ ਜਾਨਵਰ ਖਾ ਜਾਣ। ਪਰ ਭਾਈ ਤਾਰੂ ਸਿੰਘ ਜੀ ਜ਼ਖ਼ਮੀ ਹਾਲਤ ਵਿਚ ਵੀ ਗੁਰਬਾਣੀ ਪੜ੍ਹਦੇ ਰਹੇ। ਤੀਸਰੇ ਦਿਨ ਜਦੋਂ ਨਵਾਬ ਉੱਥੋਂ ਦੀ ਲੰਘਿਆ ਤਾਂ ਭਾਈ ਸਾਹਿਬ ਦੇ ਮੂੰਹੋਂ ਆ ਰਹੀ ਬਾਣੀ ਦੀ ਅਵਾਜ਼ ਸੁਣ ਕੇ ਬੋਲਿਆ, 'ਉਏ ਸਿੱਖਾ! ਤੂੰ ਅਜੇ ਵੀ ਜਿਊਂਦਾ ਹੈਂ ਮਰਿਆ ਨਹੀਂ?' ਭਾਈ ਤਾਰੂ ਸਿੰਘ ਜੀ ਨੇ ਜਵਾਬ ਦਿੱਤਾ, "ਜ਼ਕਰੀਆ ਖਾਨ ਮੈਂ ਤੈਨੂੰ ਤੇ ਤੇਰੇ ਪੁੱਤਰ ਨੂੰ ਅੱਗੇ ਲਾ ਕੇ ਹੀ ਮਰਾਂਗਾ!"

ਭਾਈ ਤਾਰੂ ਸਿੰਘ ਜੀ ਦੀ ਖੋਪਰੀ ਲਾਹੇ ਜਾਣ ਤੋਂ ਕੁਝ ਦਿਨ ਬਾਅਦ ਹੀ ਜ਼ਕਰੀਆ ਖਾਨ ਪਿਸ਼ਾਬ ਦੇ ਬੰਨ੍ਹ ਦੇ ਰੋਗ ਨਾਲ ਮਰ ਗਿਆ ਅਤੇ ਉਸ ਦਾ ਪੁੱਤਰ ਸ਼ਿਕਾਰ ਖੇਡਣ ਗਿਆ ਘੋੜੇ ਤੋਂ ਡਿੱਗ ਕੇ ਮਰ ਗਿਆ।

ਭਾਈ ਤਾਰੂ ਸਿੰਘ ਜੀ ਦੀ ਖੋਪਰੀ ਉਤਾਰੇ ਜਾਣ ਤੋਂ ਬਾਅਦ ਵੀ ਉਹ ੨੨ ਦਿਨਾਂ ਤਕ ਜ਼ਿੰਦਾ ਰਹੇ ਅਤੇ ਗੁਰੂ ਦੀ ਬਾਣੀ ਦਾ ਨਾਮ ਸਿਮਰਨ ਕਰਦੇ ਰਹੇ। ਗਿਆਨੀ ਗਿਆਨ ਸਿੰਘ ਜੀ ਜ਼ਿਕਰ ਕਰਦੇ ਹਨ ਕਿ ਇਨ੍ਹਾਂ ਦਿਨਾਂ ਵਿਚ ਲਾਹੌਰ ਦਾ ਇਕ ਤਰਖਾਣ ਹਰ ਰੋਜ਼ ਆ ਕੇ ਹਲਦੀ ਆਦਿ ਦਾ ਲੇਪ ਬਣਾ ਕੇ ਭਾਈ ਸਾਹਿਬ ਦੇ ਸਿਰ 'ਤੇ

ਬੰਨ੍ਹਦਾ ਰਿਹਾ। ਆਖਿਰ ਭਾਈ ਤਾਰੂ ਸਿੰਘ ਜੀ ੨੫ ਸਾਲ ਦੀ ਉਮਰ ਵਿਚ ੧ ਜੁਲਾਈ ਸੰਨ ੧੭੪੫ ਈ. ਨੂੰ ਸ਼ਹੀਦੀ ਪਾ ਗਏ। ਸ. ਰਤਨ ਸਿੰਘ (ਭੰਗੂ) ਨੇ ਇਸ ਘਟਨਾ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ:

*ਠਾਰਾਂ ਸੈ ਊਪਰ ਦੁਇ ਸਾਲ, ਸਾਕਾ ਕੀਯੋ ਤਾਰੂ ਸਿੰਘ ਨਾਲ।*

*(ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੨੯੧)*

ਭਾਈ ਸਾਹਿਬ ਦੇ ਸਰੀਰ ਦਾ ਅੰਤਿਮ ਸਸਕਾਰ ਲਾਹੌਰ ਦੇ ਦਿੱਲੀ ਦਰਵਾਜੇ ਤੋਂ ਬਾਹਰ ਕੀਤਾ ਗਿਆ। ਸਸਕਾਰ ਕਰਨ ਤੋਂ ਪਹਿਲਾਂ ਉਨ੍ਹਾਂ ਦਾ ਅੰਤਿਮ ਇਸ਼ਨਾਨ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਤੋਂ ਪਵਿੱਤਰ ਜਲ ਮੰਗਵਾ ਕੇ ਕੀਤਾ ਗਿਆ। ਉਨ੍ਹਾਂ ਦੀ ਚਿਖ਼ਾ ਨੂੰ ਅਗਨੀ ਭਾਈ ਸੁਬੇਗ ਸਿੰਘ ਜੰਬਰ ਨੇ ਦਿੱਤੀ। ਜਪੁ ਜੀ ਸਾਹਿਬ ਅਤੇ ਅਨੰਦ ਸਾਹਿਬ ਦਾ ਪਾਠ ਪੜ੍ਹ ਕੇ ਅਰਦਾਸ ਕੀਤੀ ਗਈ ਅਤੇ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ ਗਈ। ਇਸ ਸੰਬੰਧ ਵਿਚ ਸ. ਰਤਨ ਸਿੰਘ (ਭੰਗੂ) ਲਿਖਦੇ ਹਨ ਕਿ:

*ਹੁਤੋ ਅੰਮ੍ਰਿਤਸਰ ਜਲ ਜੁ ਮੰਗਾਯੋ, ਆਪ ਸਿੰਘ ਅਸ਼ਨਾਨ ਕਰਾਯੋ।*
*ਕੜਾਹ ਪ੍ਰਸ਼ਾਦਿ ਕਰਯੋ ਤਬ ਹੀ, ਸ਼ਬਦ ਪੜ੍ਹਾਯੋ ਜਪੁਜੀ ਸਭ ਹੀ।*
*ਅਨੰਦ ਪੜ੍ਹਾਇ ਕਰ ਅਰਦਾਸ, ਸਿੰਘ ਸਬਹੂੰ ਠਾਂਡੇ ਤਿਸ ਪਾਸ।*

*(ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੩੦੧)*

ਪਿਛਲੇ ਦਿਨੀਂ ਪ੍ਰਸਿੱਧ ਸਿੱਖ ਵਿਦਵਾਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਉਪ-ਕੁਲਪਤੀ ਸ. ਜਸਪਾਲ ਸਿੰਘ ਜੀ ਨਾਲ ਮੇਰਾ ਮੇਲ ਹੋਇਆ ਤਾਂ ਉਨ੍ਹਾਂ ਨੇ ਦੱਸਿਆ ਕਿ ਪ੍ਰਸਿੱਧ ਬੰਗਾਲੀ ਵਿਦਵਾਨ ਰਬਿੰਦਰ ਨਾਥ ਟੈਗੋਰ ਨੇ ਭਾਈ ਤਾਰੂ ਸਿੰਘ ਜੀ ਬਾਰੇ ਬਹੁਤ ਹੀ ਸ਼ਰਧਾ ਪੂਰਵਕ ਢੰਗ ਨਾਲ ਕਵਿਤਾ ਰੂਪੀ ਸ਼ਰਧਾਂਜਲੀ ਭੇਂਟ ਕੀਤੀ ਹੈ। ਕਵਿਤਾ ਦਾ ਸਿਰਲੇਖ 'ਪ੍ਰਾਰਥਨਾ ਓਤੀ ਦਾਨ' ਹੈ ਜਿਸ ਦੇ ਅਰਥ 'ਮੰਗਣ ਵਾਲੇ ਦੀ ਇੱਛਾ ਤੋਂ ਵੱਧ ਦਿੱਤਾ ਗਿਆ ਦਾਨ' ਕੀਤੇ ਜਾਂਦੇ ਹਨ। ਕਵਿਤਾ ਵਿਚ ਰਵਿੰਦਰ ਨਾਥ ਟੈਗੋਰ ਬਿਆਨ ਕਰਦੇ ਹਨ:

*"ਸ਼ਹੀਦ ਗੰਜ ਦੀ ਧਰਤੀ ਲਹੂ-ਲੁਹਾਨ ਹੋ ਗਈ ਸੀ। ਪਠਾਣਾਂ ਨੇ ਬਹੁਤ ਸਾਰੇ ਸਿੱਖਾਂ ਨੂੰ ਕੈਦ ਕਰ ਲਿਆ ਸੀ ਅਤੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਸੀ। ਹੁਣ ਨਵਾਬ ਤਾਰੂ ਸਿੰਘ ਵੱਲ ਮੁੜਿਆ ਅਤੇ ਕਹਿਣ ਲੱਗਾ, 'ਮੈਨੂੰ ਤੇਰੇ 'ਤੇ ਰਹਿਮ ਆ ਰਿਹਾ ਹੈ, ਮੈਂ ਤੇਰੀ ਜਾਨ ਬਖਸ਼ ਦੇਣਾ ਚਾਹੁੰਦਾ ਹਾਂ।'*

*'ਪਰ ਮੇਰਾ ਏਨਾ ਅਪਮਾਨ ਕਿਉਂ?' ਤਾਰੂ ਸਿੰਘ ਨੇ ਕਿਹਾ।*

ਨਵਾਬ ਕਹਿਣ ਲੱਗਾ, 'ਤੂੰ ਬਹੁਤ ਬਹਾਦਰ ਏਂ, ਮੈਂ ਆਪਣਾ ਗੁੱਸਾ ਤੇਰੇ 'ਤੇ ਨਹੀਂ ਕੱਢਣਾ ਚਾਹੁੰਦਾ, ਬਸ ਮੈਂ ਏਨਾ ਚਾਹੁੰਦਾ ਹਾਂ ਕਿ ਤੂੰ ਆਪਣੇ ਕੇਸ ਮੈਨੂੰ ਦੇ ਦੇ।' ਤਾਰੂ ਸਿੰਘ ਨੇ ਜਵਾਬ ਦਿੱਤਾ, 'ਮੈਂ ਤੇਰੀ ਨਰਮਦਿਲੀ ਯਾਦ ਰੱਖਾਂਗਾ, ਮੈਂ ਤੈਨੂੰ ਉਸ ਤੋਂ ਵੱਧ ਦੇਣਾ ਚਾਹੁੰਦਾ ਹਾਂ ਜੋ ਤੂੰ ਮੇਰੇ ਕੋਲੋਂ ਮੰਗਿਆ ਹੈ। (ਮੇਰੇ ਕੇਸਾਂ ਨੂੰ ਹੱਥ ਨਾ ਲਾਈਂ) ਮੇਰਾ ਸਾਬਤ-ਸੂਰਤ ਸਿਰ ਲੈ ਲੈ।'

■

# ਸ਼ਹੀਦ ਭਾਈ ਮਨੀ ਸਿੰਘ

*-ਡਾ. ਸ਼ਮਸ਼ੇਰ ਸਿੰਘ**

**ਪਿਛੋਕੜ:** ਭਾਈ ਮਨੀ ਸਿੰਘ ਦੇ ਵੱਡੇ-ਵਡੇਰੇ ਚੰਦਰਵੰਸ਼ੀ ਭਾਰਦਵਾਜ ਪੰਵਾਰ ਰਾਜਪੂਤ ਸਨ। ਉਹ ਖਾਨ ਦੇਸ (ਮੁਲਤਾਨ) ਤੋਂ ਨਗਰ ਨਾਹਨ (ਹਿਮਾਚਲ ਪ੍ਰਦੇਸ਼) ਵਿਚ ਆ ਵਸੇ। ਇੱਥੋਂ ੧੬੦੦ ਬਿਕਰਮੀ ਨੂੰ ਅਲੀਪੁਰ ਤਹਿਸੀਲ ਦੇ ਜ਼ਿਲ੍ਹਾ ਮੁਜ਼ੱਫਰਪੁਰ (ਪੱਛਮੀ ਪਾਕਿਸਤਾਨ) ਆ ਕੇ ਰਹਿਣ ਲੱਗੇ।

ਭੱਟ ਵਹੀਆਂ ਦੀ ਸੂਚਨਾ ਜੋ ਗਿਆਨੀ ਗਰਜਾ ਸਿੰਘ ਨੇ ਇਕੱਤਰਤ ਕੀਤੀ ਹੈ, ਅਨੁਸਾਰ ਆਪ ਜੀ ਦੇ ਖ਼ਾਨਦਾਨ ਦੇ ੧੯ ਜੀਵਾਂ ਨੇ ਗੁਰੂ ਸਾਹਿਬ ਨਾਲ ਹੋਏ ਯੁੱਧਾਂ ਵਿਚ ਸ਼ਹੀਦੀਆਂ ਪ੍ਰਾਪਤ ਕੀਤੀਆਂ।

ਆਪ ਜੀ ਦੇ ਪੜਦਾਦਾ ਦਾ ਨਾਮ ਮੂਲਾ ਸੀ, ਦਾਦਾ ਦਾ ਨਾਮ ਬੈੜੂ ਸੀ ਅਤੇ ਪਿਤਾ ਦਾ ਨਾਮ ਮਾਈ ਦਾਸ ਸੀ। ਭਾਈ ਸਾਹਿਬ ਦੇ ਗਿਆਰ੍ਹਾਂ ਭਰਾਵਾਂ ਨੇ ਗੁਰੂ-ਘਰ ਦੀ ਖਾਤਰ ਸ਼ਹੀਦੀਆਂ ਪ੍ਰਾਪਤ ਕੀਤੀਆਂ। ਦਸ ਪੁੱਤਰਾਂ ਵਿੱਚੋਂ ਸੱਤ ਪੁੱਤਰ ਸ਼ਹੀਦ ਹੋਏ।

**ਜਨਮ:** ਭਾਈ ਮਨੀ ਸਿੰਘ ਦੇ ਜਨਮ ਤੇ ਸਥਾਨ ਬਾਰੇ ਲੇਖਕਾਂ ਦੀਆਂ ਵੱਖ-ਵੱਖ ਰਾਵਾਂ ਹਨ। ਪ੍ਰੋ. ਸੁਰਿੰਦਰ ਸਿੰਘ (ਕੋਹਲੀ) ਨੇ ੧੯੬੧ ਈ. ਵਿਚ ਭਾਈ ਮਨੀ ਸਿੰਘ ਨਾਮ ਦੀ ਪੁਸਤਕ ਜੋ ਭਾਸ਼ਾ ਵਿਭਾਗ ਨੇ ਛਾਪੀ ਸੀ, ਵਿਚ ਭਾਈ ਸਾਹਿਬ ਦਾ ਜਨਮ ਗੁਰਸਿੱਖ ਘਰਾਣੇ ਦਾ ਮੰਨਿਆ ਹੈ, ਜਨਮ ਮਿਤੀ ਕੋਈ ਨਹੀਂ ਦਿੱਤੀ ਕੇਵਲ ਕੈਂਬੋਵਾਲ ਦੇ ਦੁਲੱਟ ਚੌਧਰੀ ਦਾ ਪੁੱਤਰ ਦੱਸਿਆ ਹੈ।

'ਪੰਥ ਪ੍ਰਕਾਸ਼' ਦੇ ਕਰਤਾ ਗਿਆਨੀ ਗਿਆਨ ਸਿੰਘ ਨੇ ਚੌਧਰੀ ਕਾਲੇ ਨੂੰ ਦੁਲੱਟ ਜੱਟ ਦੱਸਿਆ ਹੈ। ਗਿਆਨੀ ਠਾਕਰ ਸਿੰਘ 'ਸ੍ਰੀ ਗੁਰਦੁਆਰੇ ਦਰਸ਼ਨ' ਨਾਮੀ ਪੁਸਤਕ (ਦੇ ਪੰਨਾ ੫੪੩-੭੨) ਅਨੁਸਾਰ ਭਾਈ ਸਾਹਿਬ ਦਾ ਜਨਮ ੨੪ ਮਾਘ, ਦਇਆ ਕੌਰ ਦੀ ਕੁੱਖੋਂ ਭਾਈ ਕਾਲੂ ਦੇ ਘਰ ਘੱਗਰ ਨਦੀ ਦੇ ਕੰਢੇ ਪਿੰਡ ਕਾਕੂੜ, ਜ਼ਿਲ੍ਹਾ ਅੰਬਾਲਾ ਵਿਚ ਦੱਸਦਾ ਹੈ ਅਤੇ ਨਾਲ ਹੀ ਦੱਸਦਾ ਹੈ ਕਿ ਪਿੱਛੋਂ ਮਾਤਾ ਪਿਤਾ ਸੁਨਾਮ ਆ ਗਏ ਸਨ।

ਭਾਈ ਕਾਨ੍ਹ ਸਿੰਘ ਨਾਭਾ ਕਰਤਾ 'ਮਹਾਨ ਕੋਸ਼' ਪੰਨਾ ੭੧੨ ਅਨੁਸਾਰ ਆਪ ਦਾ ਜਨਮ ਸਥਾਨ ਪਿੰਡ ਕੈਂਬੋਵਾਲ (ਸੁਨਾਮ-ਪਟਿਆਲਾ) ਦੱਸਦਾ ਹੈ। ਪਿਤਾ ਦਾ ਨਾਂ ਚੌਧਰੀ ਕਾਲਾ ਦੱਸਿਆ ਹੈ। ਵਿਦਵਾਨਾਂ ਨੇ ਆਪ ਦਾ ਜਨਮ ੧੭੦੧ ਸੰਮਤ ਚੇਤਰ ਸੁਦੀ ਨੂੰ ਮੰਨਿਆ ਹੈ।

ਭਾਈ ਕੇਸਰ ਸਿੰਘ ਛਿੱਬਰ (ਕਰਤਾ ਬੰਸਾਵਲੀਨਾਮਾ) ਨੇ ਆਪ ਨੂੰ ਜਾਤ ਦਾ

**ਪੰਜਾਬੀ ਯੂਨੀਵਰਸਿਟੀ, ਪਟਿਆਲਾ। ਮੋ: +੯੧੯੮੮੮੪-੩੮੧੫੭*

ਕੰਬੋ ਲਿਖਿਆ ਹੈ। ਭਰੋਸੇ ਯੋਗ ਸਮੱਗਰੀ 'ਸ਼ਹੀਦ ਬਿਲਾਸ' ਦੇ ਕਰਤਾ ਭਾਈ ਸੇਵਾ ਸਿੰਘ ਜਿਸ ਨੂੰ ਗਿਆਨੀ ਗਰਜਾ ਸਿੰਘ ਨੇ ਸੰਪਾਦਤ ਕੀਤਾ, ਤੋਂ ਵੀ ਇਹੀ ਪ੍ਰਾਪਤ ਹੁੰਦਾ ਹੈ। ਇਸ ਪੁਸਤਕ ਨੂੰ ੧੯੬੧ ਵਿਚ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਨੇ ਪ੍ਰਕਾਸ਼ਤ ਕੀਤਾ।

ਸੰਪਾਦਕ ਨੇ ਇਸ ਪੁਸਤਕ ਦੀ ਭੂਮਿਕਾ ਦੇ ਪੰਨਾ ੫ ਉੱਤੇ ਲਿਖਿਆ ਹੈ ਕਿ ਭਾਈ ਸੇਵਾ ਸਿੰਘ ਕੇਸਰ ਸਿੰਘ ਕੌਸ਼ਿਕ ਦਾ ਪੁੱਤਰ ਸੀ, ਜੋ ਭਾਈ ਭਿਖਾ (ਜਿਸਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ) ਦੇ ਪੁੱਤਰ ਭਾਈ ਕਿਰਤ ਸਿੰਘ ਸ਼ਹੀਦ ਦੀ ਛੇਵੀਂ ਪੀੜ੍ਹੀ ਵਿੱਚੋਂ ਸੀ।

'ਸ਼ਹੀਦ ਬਿਲਾਸ' ਦੇ ਲਿਖਾਰੀ ਅਨੁਸਾਰ ਭਾਈ ਸਾਹਿਬ ਦਾ ਜਨਮ ਭਾਈ ਮਾਈਦਾਸ ਦੇ ਘਰ ੧ ਚੇਤਰ ਸੁਦੀ ਦੁਆਦਸੀ ਐਤਵਾਰ, ਸੰਮਤ ੧੭੦੧ (੧੦ ਮਾਰਚ, ੧੬੪੪ ਈ.) ਮਾਤਾ ਮਧੁਰੀ ਬਾਈ ਦੀ ਕੁੱਖੋਂ ਪਿੰਡ ਅਲੀਪੁਰ, ਜ਼ਿਲ੍ਹਾ ਮੁਜ਼ੱਫਰਗੜ੍ਹ (ਪੱਛਮੀ ਪਾਕਿਸਤਾਨ) ਵਿਚ ਹੋਇਆ ਮੰਨਦਾ ਹੈ। ਆਪਦੇ ਦਾਦਾ ਬਲੂ ਰਾਉ ਛੇਵੇਂ ਬਾਦਸ਼ਾਹ ਦੇ ਸਮੇਂ ਤੁਰਕਾਂ ਨਾਲ ਲੜਦੇ ੧੫ ਅਪ੍ਰੈਲ, ੧੬੩੪ ਈ. ਨੂੰ ਸ਼ਹੀਦ ਹੋ ਗਏ।

**ਗੁਰੂ-ਘਰ ਨਾਲ ਪ੍ਰੇਮ:** ੧੩ ਸਾਲ ਦੀ ਆਯੂ ਵਿਚ ਸੰਮਤ ੧੭੧੪, (੧੬੫੭ ਈ.) ਨੂੰ ਭਾਈ ਮਨੀ ਸਿੰਘ ਆਪ ਜੀ ਦੇ ਪਿਤਾ ਨਾਲ ਕੀਰਤਪੁਰ ਸਾਹਿਬ ਸ੍ਰੀ ਗੁਰੂ ਹਰਿਰਾਇ ਸਾਹਿਬ, ਸੱਤਵੇਂ ਗੁਰੂ ਦੇ ਦਰਸ਼ਨਾਂ ਨੂੰ ਆਏ ਤਾਂ ਗੁਰੂ ਜੀ ਨੇ ਆਪ ਜੀ ਦੀ ਸ਼ਰਧਾ ਤੇ ਲਗਨ ਨੂੰ ਦੇਖ ਕੇ ਅਸ਼ੀਰਵਾਦ ਦਿੱਤਾ ਅਤੇ ਕਿਹਾ:

"ਇਹ ਬਾਲਕ ਗੁਣਾਂ ਨਾਲ ਭਰਪੂਰ ਤੇ ਸਾਰੇ ਜਗਤ ਵਿਚ ਪ੍ਰਸਿੱਧੀ ਪ੍ਰਾਪਤ ਕਰੇਗਾ!"

ਭਾਈ ਸਾਹਿਬ ਨੇ ਦੋ ਕੁ ਵਰ੍ਹੇ ਗੁਰੂ ਜੀ ਦੀ ਸ਼ਰਨ ਵਿਚ ਰਹਿ ਕੇ ਲੰਗਰ ਦੀ ਸੇਵਾ ਕੀਤੀ। ਉਹ ਹਰ ਵਕਤ ਗੁਰਬਾਣੀ ਦਾ ਜਾਪ ਕਰਦੇ ਰਹਿੰਦੇ ਸਨ।

**ਸ਼ਾਦੀ:** ੧੫ ਸਾਲ ਦੀ ਉਮਰ ਵਿਚ ਭਾਈ ਲੱਖੀ ਰਾਇ, ਪਿੰਡ ਖੈਰਪੁਰ ਦੀ ਸਪੁੱਤਰੀ ਬੀਬੀ ਸੀਤੋ ਜੀ ਨਾਲ ਸ਼ਾਦੀ ਹੋਈ। ਲੱਖੀ ਰਾਇ ਇਕ ਵੱਡਾ ਵਪਾਰੀ ਸੀ। ਵਿਦਵਾਨਾਂ ਨੇ ਭੱਟ ਵਹੀ ਅਨੁਸਾਰ, ਇਹ ਲੱਖੀ ਰਾਇ (ਵਣਜਾਰਾ) ਉਹੀ ਸੀ ਜਿਨ੍ਹਾਂ ਨੇ ਨੌਵੇਂ ਪਾਤਸ਼ਾਹ ਦੀ ਧੜ ਦਾ ਸੰਸਕਾਰ ਆਪਣੇ ਮਕਾਨ ਦਿੱਲੀ ਵਿਖੇ ਕੀਤਾ ਸੀ।

**ਸੰਤਾਨ:** ਆਪ ਜੀ ਦੇ ਸੱਤ ਪੁੱਤਰ : ਚਿਤ੍ਰ ਸਿੰਘ, ਬਚਿੱਤ੍ਰ ਸਿੰਘ, ਉਦੈ ਸਿੰਘ, ਅਨਿਕ ਸਿੰਘ, ਅਜਬ ਸਿੰਘ, ਅਜਾਇਬ ਸਿੰਘ, ਗੁਰਖਸ਼ ਸਿੰਘ ਸ਼ਹੀਦ ਹੋਏ। ਸੱਤ ਪੁੱਤਰ ਮਾਤਾ ਸੀਤੋ ਦੀ ਕੁੱਖੋਂ ਸਨ। ਬਾਕੀ ਤਿੰਨ ਪੁੱਤਰ ਬੀਬੀ ਖੇਭੀ ਦੀ ਕੁੱਖੋਂ। ਇਨ੍ਹਾਂ ਦਾ ਵੇਰਵਾ ਭੱਟ ਵਹੀਆਂ ਵਿੱਚੋਂ ਮਿਲਦਾ ਹੈ।

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਜੋਤੀ ਜੋਤ ਸਮਾਉਣ ਉਪਰੰਤ ਆਪ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ (ਅਠਵੇਂ ਗੁਰੂ) ਜੀ ਦੀ ਸੇਵਾ ਵਿਚ ਤਤਪਰ ਰਹੇ। ਦਿੱਲੀ

ਜਾਣ ਸਮੇਂ ਨਾਲ ਗਏ। ਦਿੱਲੀ ਵਿਖੇ ੩੦ ਮਾਰਚ, ੧੬੬੪ ਈ. ਨੂੰ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਮਾਤਾ ਸੁਲੱਖਣੀ ਜੀ ਨੂੰ ਲੈ ਕੇ ਨੌਂਵੇਂ ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸੇਵਾ ਵਿਚ ਬਕਾਲੇ (ਸ੍ਰੀ ਅੰਮ੍ਰਿਤਸਰ) ਆ ਗਏ। ਇਸ ਸਮੇਂ ਆਪ ੨੦ ਕੁ ਸਾਲਾਂ ਦੇ ਸਨ। ਫਿਰ ਕੁਝ ਸਮਾਂ ਘਰ ਬਿਤਾ ਕੇ ਚੱਕ ਨਾਨਕੀ (ਅਨੰਦਪੁਰ ਸਾਹਿਬ) ਆ ਗਏ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸੇਵਾ ਵਿਚ ਭਾਈ ਮਨੀ ਸਿੰਘ ਨੇ ਲੰਗਰ ਦੀ ਸੇਵਾ ਤੋਂ ਬਿਨਾ ਗੁਰਬਾਣੀ ਦੀਆਂ ਪੋਥੀਆਂ ਦੇ ਉਤਾਰੇ ਕਰਨੇ ਤੇ ਕਰਾਉਣ ਦੀ ਸੇਵਾ ਸੰਭਾਲੀ। ਇਸ ਦੀ ਗਵਾਹੀ ਸਾਨੂੰ ਭੱਟ ਸੇਵਾ ਸਿੰਘ ਦੀ ਰਚਨਾ 'ਸ਼ਹੀਦ ਬਿਲਾਸ' ਤੋਂ ਮਿਲਦੀ ਹੈ:

*ਤੇਗ ਬਹਾਦਰ ਗੁਰੂ ਢਿਗ, ਚਕ ਨਾਨਕੀ ਮਾਹਿ*
*ਬਾਣੀ ਪੜ੍ਹੈ ਬਾਣੀ ਸੁਣੈ, ਬਾਣੀ ਲਿਖੇ ਲਿਖਾਹਿ॥* *(ਪੰਨਾ ੩੮)*

ਜਦੋਂ ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਦਿੱਲੀ ਵਿਖੇ ਸ਼ਹੀਦੀ ਦੇਣ ਲਈ ਗਏ ਤਾਂ ਭਾਈ ਸਾਹਿਬ ਸ੍ਰੀ (ਗੁਰੂ) ਗੋਬਿੰਦ ਸਿੰਘ ਪਾਸ ਅਨੰਦਪੁਰ ਸਾਹਿਬ ਰਹੇ ਇਸ ਸਮੇਂ ਭਾਈ ਸਾਹਿਬ ਪੜ੍ਹਨ-ਪੜ੍ਹਾਉਣ ਤੇ ਲਿਖਣ-ਲਿਖਵਾਉਣ ਵਾਲੇ ਵਿਦਵਾਨ ਬਣ ਗਏ ਸਨ।

ਤੀਸਰਾ ਪੱਖ ਭਾਈ ਸਾਹਿਬ ਦੀ ਸ਼ਖ਼ਸੀਅਤ ਦਾ ਇਕ ਸੂਰਮੇ ਵਾਲਾ ਸੀ। ਉਹ ਜੰਗਾਂ ਵਿਚ ਵੀ ਵਧ-ਚੜ੍ਹ ਕੇ ਹਿੱਸੇ ਲੈਂਦੇ ਸਨ। ੧੬੮੭ ਈ. ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਨਾਹਨ ਦੇ ਰਾਜੇ ਮੇਦਨੀ ਪ੍ਰਕਾਸ਼ ਦੇ ਸੱਦੇ ਉੱਤੇ ਨਾਹਨ ਗਏ ਤਾਂ ਭਾਈ ਮਨੀ ਸਿੰਘ ਗੁਰਾਂ ਦੇ ਨਾਲ ਸਨ

੧੬੮੭ ਈ. ਵਿਚ ਬਾਬਾ ਰਾਮਰਾਇ ਦੀ ਮ੍ਰਿਤੂ ਉਪਰੰਤ ਉਸ ਦੀ ਪਤਨੀ ਪੰਜਾਬ ਕੌਰ ਵੱਲੋਂ ਸੱਦਾ ਆਉਣ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗਏ ਤਾਂ ਭਾਈ ਮਨੀ ਸਿੰਘ ਵੀ ਨਾਲ ਡੇਹਰਾਦੂਨ ਗਏ। ਅਗਲੇ ਸਾਲ ੧੬੮੮ ਈ. ਵਿਚ ਬਾਬਾ ਰਾਮਰਾਇ ਦੀ ਬਰਸੀ 'ਤੇ ਭਾਈ ਮਨੀ ਸਿੰਘ ਤੇ ਹੋਰ ੫੦ ਸਿੰਘ ਭੇਜੇ। ਉਨ੍ਹਾਂ ਉੱਥੋਂ ਆ ਕੇ ਰਾਮਰਾਈਆਂ ਮਸੰਦਾਂ ਬਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਵਾਰਤਾ ਦੱਸੀ ਤਾਂ ਗੁਰੂ ਜੀ ਨੇ ਕਿਹਾ:

*'ਕਿ ਰਾਮਰਾਈਆਂ ਦਾ ਕਦੇ ਵੀ ਵਿਸਾਹ ਨਹੀਂ ਕਰਨਾ'*

ਭੰਗਾਣੀ ਦੇ ਯੁੱਧ ਵਿਚ ਵੀ ਭਾਈ ਮਨੀ ਸਿੰਘ ਨੇ ਸੂਰਮਿਆਂ ਵਾਂਗ ਜੌਹਰ ਦਿਖਾਏ। ਇਸੇ ਯੁੱਧ ਵਿਚ ਆਪ ਜੀ ਦੇ ਭਾਈ ਹਰੀ ਚੰਦ ਸ਼ਹੀਦ ਹੋਏ।

**ਦੀਵਾਨ ਦੀ ਉਪਾਧੀ:** ੧੬੯੦ ਈ. ਵਿਚ ਨਦੌਣ ਦੀ ਜੰਗ ਵਿਚ ਭੀਮ ਚੰਦ ਨੇ ਗੁਰੂ ਜੀ ਨੂੰ ਮਦਦ ਲਈ ਪੁਕਾਰਿਆ। ਗੁਰੂ ਸਾਹਿਬ ਭਾਈ ਮਨੀ ਸਿੰਘ ਦੇ ਬਹਾਦਰੀ ਦੇ ਜੌਹਰ ਵੇਖ ਕੇ 'ਦੀਵਾਨ' ਦੀ ਉਪਾਧੀ ਬਖਸ਼ੀ। ੧੬੯੯ ਈ. ਨੂੰ ਖਾਲਸਾ-ਪੰਥ ਸਾਜਣ ਸਮੇਂ ਭਾਈ ਸਾਹਿਬ ਨੇ ਖੰਡੇ-ਬਾਟੇ ਦੀ ਪਾਹੁਲ ਛਕੀ ਤੇ 'ਮਨੀਏ' ਤੋਂ ਭਾਈ ਮਨੀ ਸਿੰਘ ਸਜ

ਗਏ। ਇਸੇ ਦਿਨ ਆਪ ਜੀ ਦੇ ਪੰਜ ਪੁੱਤਰਾਂ:- ਬਚਿੱਤ੍ਰ ਸਿੰਘ, ਉਦੇ ਸਿੰਘ, ਅਨਿਕ ਸਿੰਘ, ਅਜਬ ਸਿੰਘ ਅਤੇ ਅਜਾਇਬ ਸਿੰਘ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ।

ਦੀਵਾਨ ਹੋਣ ਦੀ ਹੈਸੀਅਤ ਵਿਚ ਆਪ ਜੀ ਨੂੰ ਮਾਲੀ, ਸਿਆਸੀ ਤੇ ਪ੍ਰਬੰਧਕੀ ਮਸਲਿਆਂ ਵੱਲ ਵੀ ਧਿਆਨ ਦੇਣਾ ਪੈਂਦਾ ਸੀ। ਇਨ੍ਹਾਂ ਜ਼ਿੰਮੇਵਾਰੀਆਂ ਦੇ ਬਾਵਜੂਦ ਆਪ ਗੁਰਬਾਣੀ ਦੀ ਕਥਾ ਰੋਜ਼ਾਨਾ ਕਰਦੇ ਸਨ। ਸੰਗਤ ਜੁੜਦੀ ਸੀ। ਇਸ ਪਾਸੇ ਵੱਲ ਵੀ ਆਪ ਜੀ ਗੁਰੂ ਕਿਰਪਾ ਦਾ ਸਦਕਾ ਵਿਦਵਾਨ ਹੋ ਗਏ ਸਨ। ਸਮਾਂ ਪਾ ਕੇ ਭਾਈ ਮਨੀ ਸਿੰਘ ਦੇ ਨਾਂ 'ਤੇ ਇਕ ਸੰਪ੍ਰਦਾਇ ਪ੍ਰਚਲਿਤ ਹੋ ਗਈ, ਇਸ ਨੂੰ ਗਿਆਨੀ ਸੰਪ੍ਰਦਾਇ ਕਿਹਾ ਜਾਂਦਾ ਹੈ। ਆਪ ਜੀ ਦੀ ਇਸ ਵਿਦਵਤਾ ਨੂੰ ਮੁੱਖ ਰੱਖਦਿਆਂ ਗੁਰੂ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਬੁੰਗੇ ਦਾ ਸੇਵਾਦਾਰ ਨਿਯੁਕਤ ਕਰ ਕੇ ਭੇਜਿਆ। 'ਪ੍ਰਾਚੀਨ ਪੰਥ ਪ੍ਰਕਾਸ਼' ਦਾ ਕਰਤਾ ਸ. ਰਤਨ ਸਿੰਘ (ਭੰਗੂ) ਲਿਖਦਾ ਹੈ:

*ਪ੍ਰਥਮ ਭੁਜੰਗੀ ਵਲ ਸਾਂਝੇ ਘਲਾਏ*
*ਦੇ ਕੇ ਪਾਹੁਲ ਗੁਰੂ ਚੱਕ ਬਹਾਏ।* *(ਪੰਨਾ ੩੬)*

ਭਾਈ ਮਨੀ ਸਿੰਘ ਜੀ ਨੇ ਸ੍ਰੀ ਅੰਮ੍ਰਿਤਸਰ ਪਹੁੰਚ ਕੇ ਸੋਢੀਆਂ ਦੀ ਚਲਾਈ ਮਰਯਾਦਾ ਨੂੰ ਬੰਦ ਕਰ ਕੇ ਗੁਰ-ਮਰਯਾਦਾ ਕਾਇਮ ਕੀਤੀ। 'ਸ਼ਹੀਦ ਬਿਲਾਸ' ਵਿਚ ਜ਼ਿਕਰ ਆਇਆ ਹੈ:

*ਲੈ ਕੇ ਸੰਗਤ ਕੁ ਨਾਲ, ਮਨੀ ਸਿੰਘ ਤਤਕਾਲ,*
*ਪਹੁੰਚਾ ਸੁਧਾ ਸਰ ਤਾਲ, ਆਦਿ ਦਰਸ਼ਨ ਪਾਂਵਦਾ ...*
*ਦਿਤੀ ਬਦਲ ਸੀ ਰੀਤ ਮੀਣੇ ਭਏ ਭੈ ਭੀਤ,*
*ਤਦੀ ਖਾਲਸ ਦੀ ਜੀਤ ਤੱਟ ਦੇਗ ਵਰਤਾਵਦਾ॥* *(ਪੰਨਾ ੮੬)*

ਸੰਗਤ ਵਧਣੀ ਸ਼ੁਰੂ ਹੋ ਗਈ। ਅਕਾਲ ਬੁੰਗੇ ਵਿਚ ਦੀਵਾਨ ਸਜਣ ਲੱਗੇ। ਮੀਣਿਆਂ ਦਾ ਬਲ ਘਟਦਾ ਗਿਆ। ਭਾਈ ਸਾਹਿਬ ਅੰਮ੍ਰਿਤ ਦੀ ਰਹਿਤ ਮਰਯਾਦਾ ਬਾਰੇ ਸੰਗਤਾਂ ਨੂੰ ਪ੍ਰੇਰਨਾ ਦਿੰਦੇ ਅਤੇ ਦ੍ਰਿੜ੍ਹ ਕਰਵਾਉਂਦੇ ਪ੍ਰਚਾਰ ਦਾ ਸਦਕਾ ਅੰਮ੍ਰਿਤ ਛਕਣ ਵਾਲੇ ਸਿੱਖਾਂ ਦੀ ਗਿਣਤੀ ਵਧਣ ਲੱਗੀ। ਭਾਈ ਮਨੀ ਸਿੰਘ ਸਿੱਖ ਸੰਗਤਾਂ ਨੂੰ ਲੈ ਕੇ ਕਦੀ ਕਦਾਈਂ ਸ੍ਰੀ ਅਨੰਦਪੁਰ ਸਾਹਿਬ ਵੀ ਜਾਂਦੇ ਸਨ।

੧੭੦੦ ਈ. ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਈ ਜੰਗ ਵਿਚ ਭਾਈ ਸਾਹਿਬ ਦੇ ਦੋਹਾਂ ਪੁੱਤਰਾਂ ਭਾਈ ਬਚਿੱਤ੍ਰ ਸਿੰਘ ਤੇ ਭਾਈ ਉਦੈ ਸਿੰਘ ਨੂੰ ਥਾਪੜਾ ਦੇ ਕੇ ਗੁਰੂ ਜੀ ਨੇ ਤੋਰਿਆ। ਉੱਥੇ ਜੰਗ ਵਿਚ ਆਪ ਜੀ ਨੂੰ ਵੀ ਭੇਜਿਆ ਗਿਆ। ਦੋ ਪੁੱਤਰਾਂ ਸਮੇਤ ਸ਼ਾਮਲ ਹੋਏ। ਭਾਈ ਸਾਹਿਬ ਦੇ ਪੁੱਤਰ ਇਸ ਧਰਮ-ਯੁੱਧ ਵਿਚ ਅਗਲੀ ਕਤਾਰ ਵਿਚ ਹੋ ਕੇ ਲੜੇ। ਭਾਈ ਸੰਤੋਖ ਸਿੰਘ ਕਰਤਾ 'ਗੁਰਪ੍ਰਤਾਪ ਸੂਰਜ' ਗ੍ਰੰਥ ਲਿਖਦਾ ਹੈ:

*ਪਿਖ ਅਜੀਤ ਸਿੰਘ ਗਮਨੇ ਆਗੇ ਉਦੈ ਸਿੰਘ ਰਿਨਧਾਰੀ। ...*

*ਸ਼ੇਰ ਸਿੰਘ ਦੇਵਾ ਸਿੰਘ ਉਮਡਯੋ ਬਰ ਬਚਿਤ੍ਰ ਸਿੰਘ ਜੋਧਾ॥(੧੨)*

*(ਗੁ. ਪ੍ਰ. ਸੂ. ਗ੍ਰੰਥ ਰੁਤ. ੪. ਅੰਸੂ ੪੫)*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਅਤੇ ਉਨ੍ਹਾਂ ਦੇ ਪਰਵਾਰ ਵੱਲੋਂ ਦਿੱਤੀਆਂ ਕੁਰਬਾਨੀਆਂ ਦਾ ਸਦਕਾ ੧੭੦੪ ਈ. ਵਿਚ ਇਕ ਉਚੇਚਾ ਹੁਕਮਨਾਮਾ ਬਖਸ਼ ਕੇ ਉਨ੍ਹਾਂ ਨੂੰ ਨਿਵਾਜਿਆ ਸੀ। ਇਸ ਹੁਕਮਨਾਮੇ ਦਾ ਜ਼ਿਕਰ 'ਸ਼ਹੀਦ ਬਿਲਾਸ' ਵਿਚ ਕੀਤਾ ਗਿਆ ਹੈ। ਇਸ ਹੁਕਮਨਾਮੇ ਦਾ ਜ਼ਿਕਰ ਸੇਵਾ ਸਿੰਘ ਨੇ ਆਪਣੇ ਸ਼ਬਦਾਂ ਵਿਚ ਵੀ ਕੀਤਾ ਹੈ:

*ਮਨੀ ਸਿੰਘ ਕੋ ਦੇ ਵਡਿਆਈ। ਹੁਕਮਨਾਮੇ ਕੋ ਮੱਧ ਲਿਖਾਈ...*
*ਇਨ ਕੇ ਪਿਤਾ ਪਿਤਾਮਾ ਸਾਰੇ, ਪ੍ਰਭ ਭਾਈ ਸਣ ਪਰਿਬਾਰੇ।*
*ਧਰਮ ਹੇਤ ਸੀ ਹੋਏ ਸ਼ਹੀਦ, ਗੁਰੂ ਬਾਬੇ ਕੇ ਸਭੀ ਮੁਰੀਦ॥*

*(ਸ਼ਹੀਦ ਬਿਲਾਸ, ਪੰਨਾ ੯੨)*

ਸ੍ਰੀ ਅਨੰਦਪੁਰ ਸਾਹਿਬ ਛੱਡਣ ਸਮੇਂ (੧੭੦੪ ਈ.) ਭਾਈ ਮਨੀ ਸਿੰਘ ਗੁਰੂ ਦੇ ਮਹਿਲਾਂ ਨੂੰ ਦਿੱਲੀ ਪਹੁੰਚਾਉਣ ਵਿਚ ਸਫਲ ਹੋਏ। ਸ੍ਰੀ ਮੁਕਤਸਰ ਦੀ ਜੰਗ ਤੋਂ ਬਾਅਦ ਗੁਰੂ ਜੀ ਸਾਬੋ ਕੀ ਤਲਵੰਡੀ ਪਹੁੰਚੇ ਤਾਂ ਮਨੀ ਸਿੰਘ ਮਾਤਾ ਜੀ ਸਮੇਤ ਗੁਰੂ ਜੀ ਦੇ ਹਜ਼ੂਰ ਆਏ। ਦਮਦਮਾ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਬੀੜ ਦੀ ਮੁੜ ਲਿਖਵਾਈ ਕਰਵਾਈ ਅਤੇ ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਦੀ ਬਾਣੀ ਦਰਜ ਕਰਵਾਈ। ਇਸੇ ਬੀੜ ਨੂੰ ਗੁਰਤਾਗੱਦੀ ਬਖਸ਼ੀ। ਦਮਦਮਾ ਸਾਹਿਬ ਵਿਖੇ ਆਦਿ ਬੀੜ ਮੁਕੰਮਲ ਕਰਵਾ ਕੇ ਚਾਰ ਨਕਲਾਂ ਕਰਵਾਈਆਂ। ਇਹ ਉਤਾਰੇ ਭਾਈ ਸਾਹਿਬ ਨੇ ਕੀਤੇ ਅਤੇ ਚੌਹਾਂ ਤਖਤਾਂ 'ਤੇ ਭੇਜੇ।

ਭਾਈ ਮਨੀ ਸਿੰਘ ਨੇ ੧੭੦੯ ਈ. ਦੀ ਵੈਸਾਖੀ ਨੂੰ ਸ੍ਰੀ ਅੰਮ੍ਰਿਤਸਰ ਵਿਖੇ ਮਨਾਉਣ ਦਾ ਪ੍ਰੋਗਰਾਮ ਬਣਾਇਆ ਤੇ ਦੂਰ-ਦੁਰਾਡੇ ਸੰਗਤਾਂ ਨੂੰ ਪੱਤਰ ਘੱਲੇ। ੧੭੦੯ ਈ. ਵਿਚ ਹੀ ਗੁਰੂ-ਘਰ ਦੇ ਦੋਖੀ ਮੁਗ਼ਲਾਂ ਨਾਲ ਰਲ ਕੇ ਲਾਹੌਰ ਦੇ ਨਾਜ਼ਮ ਅਸਲਮ ਖਾਨ ਨੂੰ ਮਿਲੇ ਅਤੇ ਸ੍ਰੀ ਅੰਮ੍ਰਿਤਸਰ ਉੱਤੇ ਹਮਲਾ ਕਰ ਦਿੱਤਾ। ਇਸ ਲੜਾਈ ਵਿਚ ਭਾਈ ਮਨੀ ਸਿੰਘ ਨੇ ਕਮਾਂਡ ਆਪ ਸੰਭਾਲੀ ਅਤੇ ਦੁਸ਼ਮਣ ਨੂੰ ਕਰੜੀ ਹਾਰ ਦਿੱਤੀ। ਇਸ ਸਮੇਂ ਭਾਈ ਸਾਹਿਬ ਦੀ ਉਮਰ ੬੫ ਸਾਲ ਦੀ ਸੀ। ਇਸ ਜਿੱਤ ਨਾਲ ਮੁਗਲਾਂ ਦੀ ਅਧੋਗਤੀ ਵਿਚ ਹੋਰ ਵਾਧਾ ਹੋਇਆ।

ਭਾਈ ਮਨੀ ਸਿੰਘ ਨੇ ਸਿੱਖੀ ਪ੍ਰਚਾਰ ਨੂੰ ਹੋਰ ਤੇਜ਼ ਕੀਤਾ। ਅੰਮ੍ਰਿਤ ਛਕਣ ਦੀ ਪ੍ਰੇਰਨਾ ਹਰ ਸ਼ਰਧਾਲੂ ਨੂੰ ਕਰਦੇ। ਇਹ ਸਭ ਫੌਜਦਾਰਾਂ ਤੇ ਚੌਧਰੀਆਂ ਨੂੰ ਨਹੀਂ ਸੀ ਭਾਉਂਦਾ। ਇਸ ਸਮੇਂ ਭਾਈ ਮਨੀ ਸਿੰਘ ੯੦ ਵਰ੍ਹਿਆਂ ਦੇ ਸਨ। ਫੈਸਲਾ ਹੋਇਆ ਕਿ ਦੀਵਾਲੀ ਦੀ ਦੀਪਮਾਲਾ 'ਤੇ ਸਿੱਖ ਸੰਗਤਾਂ ਨੂੰ ਸ੍ਰੀ ਅੰਮ੍ਰਿਤਸਰ ਭੇਜੋ ਤੇ ਪੰਥ ਦੀ ਹਾਲਤ ਤੋਂ ਜਾਣੂ ਕਰਾਉਣ ਲਈ ਇਕੱਠ ਕੀਤਾ ਜਾਵੇ।

ਲਾਹੌਰ ਦੇ ਸਿੱਖਾਂ ਸ. ਸੁਬੇਗ ਸਿੰਘ, ਸ. ਸੂਰਤ ਸਿੰਘ ਨੇ ਭਾਈ ਮਨੀ ਸਿੰਘ ਨੂੰ ਲੈ ਕੇ ਲਾਹੌਰ ਦੇ ਸੂਬੇ ਜ਼ਕਰੀਆ ਖਾਨ ਨਾਲ ਮੇਲਾ ਲਗਾਉਣ ਦੀ ਗੱਲ ਕੀਤੀ ਅਤੇ ਕਿਸੇ ਕਿਸਮ ਦਾ ਝਗੜਾ ਨਾ ਹੋਣ ਦਾ ਵਿਸ਼ਵਾਸ ਦਿਵਾਇਆ। ਜ਼ਕਰੀਆ ਖਾਨ ਨੇ ੧੦ ਹਜ਼ਾਰ ਦਾ ਟੈਕਸ ਮੰਗਿਆ। ਲਾਹੌਰ ਦੇ ਨਿਰੰਜਨੀਆ ਹਰਿ ਭਗਤ ਤੇ ਹੋਰ ਦੋਖੀਆਂ ਨੇ ਮੁਗ਼ਲ ਹਾਕਮਾਂ ਨੂੰ ਚੁੱਕਿਆ ਕਿ ਸਿੱਖ ਇਕੱਠੇ ਹੋ ਰਹੇ ਹਨ, ਇਹ ਤੋਪਾਂ ਨਾਲ ਉਡਾ ਦਿੱਤੇ ਜਾਣ। ਦੀਵਾਨ ਲਖਪਤ ਰਾਏ ਨੂੰ ਫੌਜ ਦੇ ਕੇ ਰਾਮ ਤੀਰਥ (ਅੰਮ੍ਰਿਤਸਰ) ਭੇਜਣ ਦਾ ਪ੍ਰੋਗਰਾਮ ਸੀ। ਸੂਬੇ ਦੀ ਭੈੜੀ ਨੀਯਤ ਦਾ ਸਿੱਖਾਂ ਨੂੰ ਪਤਾ ਲੱਗ ਗਿਆ ਸੀ। ਦੀਵਾਲੀ ਦਾ ਦੀਵਾਨ ਪੂਰਾ ਨਾ ਲੱਗਾ। ਦੀਵਾਨ ਲਖਪਤ ਨੇ ਹਮਲਾ ਕੀਤਾ, ਕਈ ਸਿੰਘ ਪਰਕਰਮਾ ਵਿਚ ਹੀ ਸ਼ਹੀਦ ਕਰ ਦਿੱਤੇ ਗਏ। ਭਾਈ ਮਨੀ ਸਿੰਘ ਨੇ ਹਕੂਮਤ ਪਾਸ ਰੋਸ ਪ੍ਰਗਟ ਕੀਤਾ ਤੇ ਇਸ ਹਮਲੇ ਦੀ ਨਿਖੇਧੀ ਕੀਤੀ। ਸਰਕਾਰ ਨੇ ਇਕੱਠ ਨਾ ਹੋਣ 'ਤੇ ਵੀ ਟੈਕਸ ਮੰਗਿਆ ਤਾਂ ਭਾਈ ਮਨੀ ਸਿੰਘ ਦੇ ਵਿਰੋਧ ਕਰਨ 'ਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਲਾਹੌਰ ਲੈ ਗਏ। ਚੌਂਕ ਨਖਾਸ ਵਿਚ ਭਾਈ ਮਨੀ ਸਿੰਘ ਦਾ ਬੰਦ-ਬੰਦ ਕੱਟ ਕੇ ਸ਼ਹੀਦ ਕੀਤਾ ਗਿਆ।

'ਸ਼ਹੀਦ ਬਿਲਾਸ' ਦੇ ਕਰਤਾ ਅਨੁਸਾਰ ਇਹ ਸ਼ਹੀਦੀ ੧੪ ਜੂਨ, ੧੭੩੪ ਈ. ਨੂੰ ਹੋਈ। ਭਾਈ ਕੁਇਰ ਸਿੰਘ ਕਰਤਾ 'ਗੁਰਬਿਲਾਸ ਪਾਤਸ਼ਾਹੀ ੧੦ਵੀਂ' ਇਹ ਸ਼ਹੀਦੀ ਸਮੇਂ ਉੱਥੇ ਹਾਜ਼ਰ ਸੀ। 'ਭੱਟ ਵਹੀ ਮੁਲਤਾਨੀ, ਸਿੰਧੀ' ਤੋਂ ਵੀ ਇਸ ਗੱਲ ਦੀ ਗਵਾਹੀ ਮਿਲਦੀ ਹੈ:

*ਮਨੀ ਸਿੰਘ ਮਾਈ ਦਾਸ ਦਾ, ਪੋਤਾ ਬਲੂ ਕਾ, ਪੜਪੋਤਾ ਮੂਲੇ ਦਾ ...*
*ਸੰਮਤ ੧੭੯੧ (੧੭੩੪ ਈ.) ਕੋ ਲਾਹੌਰ ਕੇ ਮਲਹਾਰ ੬ ਘੜੀ ਦਿਨ*
*ਚੜ੍ਹੇ ਬੰਦ ਬੰਦ ਕਾਟਾ... (ਭੱਟ ਵਹੀ ਮੁਲਤਾਨੀ, ਸਿੰਧੀ)*

ਭਾਈ ਮਨੀ ਸਿੰਘ ਦਾ ਸਸਕਾਰ ਮਸੀਤੀ ਦਰਵਾਜਿਓਂ ਬਾਹਰ ਹੀ ਕਿਲ੍ਹੇ ਦੇ ਨਜ਼ਦੀਕ ਲਿਜਾ ਕੇ ਕੀਤਾ, ਜਿੱਥੇ ਗੁਰਦੁਆਰਾ ਸ਼ਹੀਦ ਗੰਜ ਦੂਸਰਾ ਬਣਿਆ ਹੋਇਆ ਹੈ।

**ਸ਼ਹੀਦੀ ਦਾ ਪ੍ਰਭਾਵ:** ਭਾਈ ਮਨੀ ਸਿੰਘ ਦੀ ਸ਼ਹਾਦਤ ਨਾਲ ਸਿੰਘਾਂ ਵਿਚ ਰੋਹ ਦੀ ਲਹਿਰ ਹੋਰ ਤੇਜ਼ ਹੋ ਗਈ। ਸਿੰਘਾਂ ਨੇ ਬਦਲਾ ਲੈਣ ਬਾਰੇ ਸੋਚਿਆ। ਭਾਈ ਸਾਹਿਬ ਦੀ ਗ੍ਰਿਫਤਾਰੀ ਵਾਲੇ ਅਬਦੁੱਲ ਰਜ਼ਾਕ ਲਖਪਤ ਰਾਏ ਦੇ ਨਾਲ ਸੀ। ਸਿੰਘਾਂ ਨੇ ਸਮਾਂ ਪਾ ਕੇ ਕਾਜ਼ੀ ਦੇ ਜੱਦੀ ਪਿੰਡ ਅਲੀਗੜ੍ਹ, ਜ਼ਿਲ੍ਹਾ ਗੁਜਰਾਂਵਾਲਾ ਨੂੰ ਉਜਾੜ ਕੇ ਉਸ ਦਾ ਨਾਂ ਅਕਾਲਗੜ੍ਹ ਰੱਖਿਆ। ਭਾਈ ਮਨੀ ਸਿੰਘ ਦੇ ਭਤੀਜੇ ਸ. ਅੱਘੜ ਸਿੰਘ ਨੇ ਦਿਨ ਦਿਹਾੜੇ ਕਾਜ਼ੀ ਨੂੰ ਕਤਲ ਕਰ ਦਿੱਤਾ। ਜਿਸ ਕਾਜ਼ੀ ਨੇ ਫਤਵਾ ਦਿੱਤਾ ਸੀ, ਉਸ ਨੂੰ ਵੀ ਲਾਹੌਰ ਵਿਖੇ ਭਾਈ ਮਨੀ ਸਿੰਘ ਦੇ ਭਤੀਜੇ ਧਰਾਜ ਸਿੰਘ ਨੇ ਕਤਲ ਕਰ ਦਿੱਤਾ।

ਦੋ ਵੱਡੇ ਹਤਿਆਰੇ ਸਮੱਦ ਖਾਨ ਤੇ ਜ਼ਕਰੀਆ ਖਾਨ ਬਾਕੀ ਸਨ। ਪਿੰਡ ਮਾਣਕ ਕੋਲ ਸਮੱਦ ਖਾਨ ਦੀ ਨਵਾਬ ਕਪੂਰ ਸਿੰਘ ਨਾਲ ਮੁਠਭੇੜ ਹੋ ਗਈ। ਸਮੱਦ ਖਾਨ ਨੂੰ

ਪਕੜ ਕੇ ਘੋੜਿਆਂ ਪਿੱਛੇ ਬੰਨ੍ਹ ਕੇ ਘਸੀਟਿਆ ਗਿਆ ਤੇ ਉਹ ਮਰ ਗਿਆ। ਜ਼ਕਰੀਆ ਖਾਨ ਵੀ ੧੭੪੫ ਈ. ਵਿਚ ਸ਼ਹੀਦ ਭਾਈ ਤਾਰੂ ਸਿੰਘ ਦੀ ਜੁੱਤੀ ਸਿਰ 'ਤੇ ਮਰਵਾ ਕੇ ਪਾਪ ਦੀ ਸਜ਼ਾ ਭੋਗਦਾ ਮਰ ਗਿਆ।

**ਸਾਹਿਤ ਸੇਵਾ:** ਭਾਈ ਸਾਹਿਬ ਨੇ ੩੫ ਸਾਲ ਦੀ ਉਮਰ ਤੋਂ ਗੁਰੂ-ਘਰ ਵਿਚ ਪੋਥੀਆਂ ਲਿਖਣ ਤੇ ਲਿਖਵਾਉਣ ਦੀ ਸੇਵਾ ਸ਼ੁਰੂ ਕਰਕੇ ਬਹੁਤ ਕੰਮ ਕੀਤਾ। ਉਸ ਸਮੇਂ ਪ੍ਰੈੱਸ ਨਹੀਂ ਸੀ, ਸਾਰਾ ਕੰਮ ਹੱਥੀਂ ਹੁੰਦਾ ਸੀ। ਇਹ ਬੜੀ ਮਿਹਨਤ ਦਾ ਕੰਮ ਸੀ। ਭਾਈ ਸਾਹਿਬ ਜੀ ਸਾਹਿਤ ਸੇਵਾ ਹੇਠ ਲਿਖੇ ਅਨੁਸਾਰ ਮੰਨੀ ਗਈ ਹੈ:

੧. ਪੋਥੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਲਿਖਵਾਈਆਂ

੨. ਦਮਦਮੀ ਬੀੜ ਦੀ ਸੰਪਾਦਨਾ ਤੇ ਹੋਰ ਉਤਾਰੇ

੩. ਸੰਥੀਆਂ ਦੀ ਰਚਨਾ

੪. ਦਸਮ ਗ੍ਰੰਥ ਦੀ ਸੰਪਾਦਨਾ

੫. ਦਸਮ ਗ੍ਰੰਥ ਸਾਹਿਬ ਦੀ ਪੁਨਰ ਸੰਪਾਦਨਾ

੬. ਫੁਟਕਲ

- ਜਪੁਜੀ ਸਾਹਿਬ ਦਾ ਟੀਕਾ -

ਜਪੁਜੀ ਦਾ ਟੀਕਾ ਇਕ ਉੱਤਮ ਟੀਕਾ ਹੈ। ਗਿਆਨੀ ਗਰਜਾ ਸਿੰਘ ਦੀ ਖੋਜ ਅਨੁਸਾਰ 'ਗਿਆਨ ਰਤਨਾਵਲੀ' ਤੇ 'ਭਗਤ ਰਤਨਾਵਲੀ' ਭਾਈ ਸਾਹਿਬ ਦੀਆਂ ਰਚਨਾਵਾਂ ਹਨ।

ਭਾਈ ਸਾਹਿਬ ਇਕ ਮਹਾਨ ਯੋਧੇ, ਪ੍ਰਬੰਧਕ, ਸਫਲ ਆਗੂ ਸਨ, ਇਕ ਸੁਚੱਜੇ ਕਥਾਕਾਰ ਵੀ ਸਨ।

ਭਾਈ ਰਤਨ ਸਿੰਘ (ਭੰਗੂ) ਆਪ ਜੀ ਦੀ ਉਚੀ ਤੇ ਸੁੱਚੀ ਸ਼ਖ਼ਸੀਅਤ ਬਾਰੇ ਲਿਖਦੇ ਹਨ:

*ਸਿਖਨ ਮੈਂ ਸਿਖ ਊਚੋ, ਭਗਤ ਮੈਂ ਭਗਤ ਸੂਚੋ,*
*ਸਿਖੀ ਕੀ ਨਿਆਈਂ ਕਹੀਦੇ ਭਾਈ ਮਨੀ ਸਿੰਘ ਜੀ।*
*ਜਗਤ ਮੈਂ ਜੈਕਾਰ ਭਯੋ, ਧਰਮ ਅਰਥ ਦਹ ਦਯੋ,*
*ਸਿਦਕ ਸੋਂ ਕਟਾਯੋ ਹੀਯੋ ਨ ਮਾਨੀ ਕਛੁ ਸ਼ੰਕ ਜੀ।*
*ਸਿਖ ਸੋ ਪ੍ਰਸ਼ਨ ਭਏ ਦੁਸ਼ਟ ਸਭ ਭਰਿਸ਼ਟ ਭਏ,*
*ਗਿਆਨ ਦੀ ਖੜਗ ਸੋ ਸ਼ੋ ਸਾਰੇ ਚੋਰੰਗ ਜੀ।*
*ਗੁਰ ਸਿਖ ਕਹਾਵੈ ਜੋਊ ਕਰਨੀ ਜਿਹ ਕਮਾਵੈ ਸੋਊ,*
*ਮਨੀ ਸਿੰਘ ਤੁਜ ਭਯੋ ਰਾਣਾ ਔ ਰਹਿ ਰੰਕ ਜੀ।* *(ਪ੍ਰਾਚੀਨ ਪੰਥ ਪ੍ਰਕਾਸ਼)*

**ਉਪਸੰਹਾਰ:** ਅੰਤ ਵਿਚ ਅਸੀਂ ਭਾਈ ਸਹਿਬ ਦੀ ਬਹੁਪੱਖੀ ਸ਼ਖ਼ਸੀਅਤ ਬਾਰੇ ਇਤਨਾ ਹੀ ਕਹਿ ਸਕਦੇ ਹਾਂ ਕਿ ਉਹ ਅਧਿਆਤਮਕ ਸ਼ਖ਼ਸੀਅਤ ਦੇ ਮਾਲਕ ਸਨ।

ਉਨ੍ਹਾਂ ਨੂੰ ਸ਼ਬਦ ਦਾ ਅਨੁਭਵੀ ਗਿਆਨ ਸੀ। ਉਨ੍ਹਾਂ ਅਗਮ ਤੇ ਅਗੋਚਰ ਨੂੰ ਦੇਖਿਆ ਤੇ ਜੀਵਿਆ। ਉਨ੍ਹਾਂ ਦੀ ਟੀਕਾਕਾਰੀ ਇਕ ਖਾਸ ਪ੍ਰਕਾਰ ਦੀ ਦੇਣ ਹੈ। ਟੀਕੇ ਦੀ ਸਰਲਤਾ, ਸੰਖੇਪਤਾ, ਸਪਸ਼ਟਤਾ, ਦ੍ਰਿੜ੍ਹਤਾ ਭਾਈ ਸਾਹਿਬ ਦੀ ਅਗੰਮੀ ਸੂਝ-ਬੂਝ ਦੀ ਲਖਾਇਕ ਹੈ। ਟੀਕੇ ਵਿਚ ਹਰ ਸਿਧਾਂਤ ਆਪਣੇ ਆਪ ਵਿਚ ਨਿਰਣਾ ਕਰੀ ਜਾ ਰਿਹਾ ਹੈ। ਟੀਕੇ ਨੂੰ ਵਾਚਣ ਉਪਰੰਤ ਕਿਸੇ ਪ੍ਰਮਾਣ, ਪ੍ਰਸੰਗ ਤੇ ਉਥਾਨਕਾ ਦੀ ਲੋੜ ਨਹੀਂ ਰਹਿੰਦੀ। ਟੀਕੇ ਦਾ ਇਕ ਇਕ ਵਾਕ ਅਨੁਭਵਤਾ ਦਾ ਭੇਦ ਖੋਲ੍ਹਦਾ ਜਾ ਰਿਹਾ ਹੈ, ਸਧਾਰਨ ਵਿਅਕਤੀ ਨੂੰ ਸਮਝ ਆਉਂਦੀ ਜਾਂਦੀ ਹੈ, ਦ੍ਰਿੜ੍ਹ ਵਿਸ਼ਵਾਸ ਬੱਝਦਾ ਜਾਂਦਾ ਹੈ, ਤਸੱਲੀ ਹੁੰਦੀ ਜਾਂਦੀ ਹੈ।

ਭਾਈ ਸਾਹਿਬ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਚਰਨਾਂ ਵਿਚ ਬੈਠ ਕੇ ਗੁਰਬਾਣੀ ਗਿਆਨ ਪ੍ਰਾਪਤ ਕੀਤਾ ਅਤੇ ਇਸ ਨੂੰ ਅੱਗੇ ਪ੍ਰੇਮੀਆਂ ਨੂੰ, ਜਗਿਆਸੂਆਂ ਨੂੰ ਕਥਾ ਰਾਹੀਂ ਬਿਆਨ ਕੀਤਾ। ਨਤੀਜੇ ਵਜੋਂ ਅੱਗੇ ਕਈ ਟਕਸਾਲਾਂ ਖੁੱਲ੍ਹ ਗਈਆਂ। ਇਹ ਟਕਸਾਲਾਂ ਅੰਤ ਨੂੰ ਸੰਸਥਾ ਦਾ ਰੂਪ ਧਾਰਨ ਕਰ ਗਈਆਂ। ਇਹ ਟਕਸਾਲਾਂ ਅੱਜ ਵੀ ਕਾਇਮ ਹਨ। ■

## ਗੁਰਦੁਆਰਾ ਅੱਚਲ ਸਾਹਿਬ ਵਿਖੇ ਅੰਮ੍ਰਿਤ-ਸੰਚਾਰ

ਭਾਈ ਬਲਵੰਤ ਸਿੰਘ ਐਨੋਕੋਟ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਸ਼੍ਰੋਮਣੀ ਗੁ.ਪ੍ਰ. ਕਮੇਟੀ ਹਲਕਾ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਅੰਦਰ ਆਉਂਦੇ ਗੁਰਦੁਆਰਾ ਅੱਚਲ ਸਾਹਿਬ ਵਿਖੇ ੩੦ ਮਾਰਚ, ੨੦੧੭ ਨੂੰ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ, ਮੈਂਬਰ, ਸ਼੍ਰੋਮਣੀ ਗੁ.ਪ੍ਰ. ਕਮੇਟੀ ਦੀ ਅਗਵਾਈ ਵਿਚ ਅੰਮ੍ਰਿਤ-ਸੰਚਾਰ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪਹੁੰਚੇ ਪੰਜ ਪਿਆਰੇ ਸਾਹਿਬਾਨ ਨੇ ੧੩੩ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਵਾਲੇ ਬਣਾਇਆ। ਇਸ ਤੋਂ ਪਹਿਲਾਂ ਹਲਕੇ ਦੇ ਵੱਖ-ਵੱਖ ਪਿੰਡਾਂ ਵਿਚ ਗੁਰਮਤਿ ਪ੍ਰਚਾਰ ਹਿੱਤ ਸਮਾਗਮ ਕਰ ਕੇ ਪ੍ਰਚਾਰਕ ਭਾਈ ਗੁਰਭੇਜ ਸਿੰਘ, ਭਾਈ ਬਲਬੀਰ ਸਿੰਘ ਸੇਖਵਾਂ, ਭਾਈ ਮਨਜੀਤ ਸਿੰਘ ਕਾਦੀਆਂ, ਭਾਈ ਸਿਮਰਨਜੀਤ ਸਿੰਘ ਕੋਟ ਟੋਡਰ ਮੱਲ ਤੋਂ ਇਲਾਵਾ ਕਵੀਸ਼ਰ ਭਾਈ ਬਲਵੰਤ ਸਿੰਘ ਢੱਡੇ, ਭਾਈ ਮਹਿਤਾਬ ਸਿੰਘ ਖਾਲਸਾ, ਭਾਈ ਕੁਲਬੀਰ ਸਿੰਘ ਪਾਰਸ ਅਤੇ ਭਾਈ ਸ਼ਮਸ਼ੇਰ ਸਿੰਘ ਸਰਪੁਰਾ ਦੇ ਜਥਿਆਂ ਨੇ ਸੰਗਤਾਂ ਨੂੰ ਗੁਰ-ਇਤਿਹਾਸ ਤੇ ਸਿੱਖ ਇਤਿਹਾਸ ਦੀ ਜਾਣਕਾਰੀ ਦਿੱਤੀ ਅਤੇ ਬਾਣੀ ਅਤੇ ਬਾਣੇ ਨਾਲ ਜੁੜਨ ਦੀ ਪ੍ਰੇਰਨਾ ਕੀਤੀ।

# ਡਾ. ਦੀਵਾਨ ਸਿੰਘ ਕਾਲੇਪਾਣੀ

*-ਡਾ. ਪਰਮਵੀਰ ਸਿੰਘ**

ਡਾ. ਦੀਵਾਨ ਸਿੰਘ ਕਾਲੇਪਾਣੀ (੧੨ ਮਈ, ੧੮੯੭ ਈ. - ੧੪ ਜਨਵਰੀ, ੧੯੪੪ ਈ.) ਦਾ ਜਨਮ ਮੌਜੂਦਾ ਪਾਕਿਸਤਾਨ ਦੇ ਜ਼ਿਲਾ ਸਿਆਲਕੋਟ ਵਿਚ ਪੈਂਦੇ ਪਿੰਡ ਗਲੋਟੀਆਂ ਵਿਖੇ ਸ. ਸੁੰਦਰ ਸਿੰਘ ਅਤੇ ਸਰਦਾਰਨੀ ਇੰਦਰ ਕੌਰ ਦੇ ਘਰ ਹੋਇਆ। ੧੯੧੬ ਈ. ਵਿਚ ਦਸਵੀਂ ਪਾਸ ਕਰ ਕੇ ਇਨ੍ਹਾਂ ਨੇ ਆਗਰੇ ਦੇ ਮੈਡੀਕਲ ਸਕੂਲ ਵਿਚ ਦਾਖ਼ਲਾ ਲੈ ਲਿਆ। ੧੯੧੯ ਈ. ਵਿਚ ਡਾਕਟਰੀ ਦੀ ਪੜ੍ਹਾਈ ਕਰ ਕੇ ਲੋਕਾਂ ਦੀ ਸੇਵਾ ਵਿਚ ਜੁੱਟ ਗਏ। ਇਨ੍ਹਾਂ ਨੂੰ ਸਰਕਾਰੀ ਨੌਕਰੀ ਅਧੀਨ ਫ਼ੌਜ ਦੀ ਸੇਵਾ ਕਰਨ ਦਾ ਮੌਕਾ ਮਿਲਿਆ। ਰਾਵਲਪਿੰਡੀ ਦੀ ਫ਼ੌਜੀ ਛਾਉਣੀ ਵਿਖੇ ਅਫ਼ਗਾਨਿਸਤਾਨ ਦੇ ਜ਼ਖ਼ਮੀ ਫ਼ੌਜੀ ਆ ਰਹੇ ਸਨ, ਉੱਥੇ ਹੀ ਇਨ੍ਹਾਂ ਦੀ ਡਿਊਟੀ ਲੱਗੀ ਹੋਈ ਸੀ। ਸੰਜਮ ਨਾਲ ਸੇਵਾ ਕਰਨ ਦਾ ਇਨ੍ਹਾਂ ਦਾ ਸੁਭਾਅ ਸਭ ਨੂੰ ਪ੍ਰਭਾਵਿਤ ਕਰ ਰਿਹਾ ਸੀ। ਭਾਵੇਂ ਕਿ ਆਮ ਤੌਰ 'ਤੇ ਡਾਕਟਰ ਕੇਵਲ ਇਲਾਜ ਵੱਲ ਹੀ ਕੇਂਦਰਿਤ ਹੁੰਦੇ ਹਨ ਅਤੇ ਉਹ ਮਰੀਜ਼ਾਂ ਦੀਆਂ ਪੀੜਾਂ ਅਤੇ ਚੀਕ-ਚਿਹਾੜੇ ਵੱਲ ਕੋਈ ਧਿਆਨ ਨਹੀਂ ਦਿੰਦੇ ਪਰ ਡਾ. ਦੀਵਾਨ ਸਿੰਘ ਕਾਲੇਪਾਣੀ ਦਾ ਸੁਭਾਅ ਇਹ ਸੀ ਕਿ ਉਹ ਇਲਾਜ ਦੇ ਨਾਲ-ਨਾਲ ਮਰੀਜ਼ਾਂ ਦੇ ਦੁੱਖਾਂ ਨੂੰ ਧਿਆਨ ਨਾਲ ਸੁਣਨ, ਮਿੱਠਾ ਬੋਲਣ, ਮੁਸਕਰਾਉਂਦੇ ਰਹਿਣ ਅਤੇ ਦਿਲਾਸਾ ਦੇਣ ਦਾ ਕੰਮ ਵੀ ਕਰਦੇ ਸਨ, ਜਿਸ ਨਾਲ ਮਰੀਜ਼ ਦਾ ਦੁੱਖ ਘੱਟ ਜਾਂਦਾ ਸੀ। ਮਰੀਜ਼ਾਂ ਨਾਲ ਇਹ ਨਿੱਜੀ ਸਾਂਝ ਸਥਾਪਿਤ ਕਰ ਲੈਂਦੇ ਸਨ ਅਤੇ ਗੱਲਾਂ-ਗੱਲਾਂ ਵਿਚ ਹੀ ਉਸ ਨੂੰ ਅੱਧਾ ਤੰਦਰੁਸਤ ਕਰ ਦਿੰਦੇ ਸਨ। ਤਨ ਦੀ ਦਵਾਈ ਦੇ ਨਾਲ-ਨਾਲ ਮਨ 'ਤੇ ਲਾਇਆ ਹਮਦਰਦੀ ਦਾ ਫੰਬਾ ਮਰੀਜ਼ਾਂ ਦੇ ਦੁੱਖ-ਤਕਲੀਫ਼ਾਂ ਨੂੰ ਦੂਰ ਕਰਨ ਵਿਚ ਸਹਾਈ ਹੁੰਦਾ ਸੀ।

ਰਾਵਲਪਿੰਡੀ ਤੋਂ ਬਾਅਦ ਇਨ੍ਹਾਂ ਨੂੰ ਡੇਰਾ ਇਸਮਾਈਲ ਖ਼ਾਂ, ਲਾਹੌਰ, ਅੰਬਾਲਾ, ਡਿਗਸ਼ਈ, ਰੰਗੂਨ ਅਤੇ ਅਖ਼ੀਰ ਪੋਰਟ ਬਲੇਅਰ (ਕਾਲਾਪਾਣੀ) ਵਿਖੇ ਭੇਜ ਦਿੱਤਾ ਗਿਆ। ਫ਼ੌਜ ਦੀ ਨੌਕਰੀ ਕਰਨ ਵਾਲੇ ਕਦੇ ਵੀ ਇਕ ਨਗਰ ਦੇ ਬਸ਼ਿੰਦੇ ਨਹੀਂ ਬਣ ਸਕਦੇ ਅਤੇ ਨਾ ਹੀ ਉਨ੍ਹਾਂ ਦਾ ਸਥਾਨਕ ਲੋਕਾਂ ਨਾਲ ਕੋਈ ਬਹੁਤਾ ਸੰਬੰਧ-ਸੰਪਰਕ ਬਣਿਆ ਰਹਿ ਸਕਦਾ ਹੈ। ਡਾ. ਦੀਵਾਨ ਸਿੰਘ ਕਾਲੇਪਾਣੀ ਆਮ ਨੌਕਰੀ-ਪੇਸ਼ਾ ਵਿਅਕਤੀਆਂ ਨਾਲੋਂ ਵੱਖਰੀ ਸ਼ਖ਼ਸੀਅਤ ਦੇ ਮਾਲਕ ਸਨ। ਨੌਕਰੀ ਲੱਗਣ ਤੋਂ ਲੈ ਕੇ ਅਪ੍ਰੈਲ ੧੯੨੫ ਈ. ਵਿਚ ਬਰਮਾ ਵਿਖੇ ਬਦਲੀ ਹੋ ਜਾਣ ਤਕ ਇਹ ਪੰਜਾਬ ਨਾਲ ਸੰਬੰਧਿਤ ਰਹੇ ਸਨ।

ਅੰਗਰੇਜ਼ੀ ਸਰਕਾਰ ਅਧੀਨ ਨੌਕਰੀ ਕਰਨ ਦੇ ਨਾਲ-ਨਾਲ ਇਹ ਭਾਰਤ ਦੀ ਅਜ਼ਾਦੀ ਲਈ ਜੂਝ ਰਹੇ ਦੇਸ਼-ਭਗਤਾਂ ਨਾਲ ਹਮਦਰਦੀ ਰੱਖਦੇ ਸਨ। ਅੰਗਰੇਜ਼ੀ ਰਾਜ ਵਿਚ ਅਜਿਹੀਆਂ ਭਾਵਨਾਵਾਂ ਕਾਇਮ ਰੱਖਣ ਨੂੰ ਬਗ਼ਾਵਤ ਸਮਝਿਆ ਜਾਂਦਾ ਸੀ। ਦੇਸ਼-ਭਗਤਾਂ ਨਾਲ ਹਮਦਰਦੀ ਰੱਖਣ ਕਰ ਕੇ ਪਹਿਲਾਂ ਇਨ੍ਹਾਂ ਨੂੰ ਰੰਗੂਨ ਬਦਲ ਦਿੱਤਾ ਗਿਆ,

*ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ। ਮੋ:+੯੧੯੮੭੨੦-੭੪੩੨੨*

ਫਿਰ ਉੱਥੋਂ ਪੋਰਟ ਬਲੇਅਰ ਵਿਖੇ ਤਬਦੀਲ ਕਰ ਦਿੱਤਾ ਗਿਆ ਸੀ। ਅਪ੍ਰੈਲ ੧੯੨੭ ਈ. ਵਿਚ ਡਾ. ਸਾਹਿਬ ਪੋਰਟ ਬਲੇਅਰ ਵਿਖੇ ਬਦਲ ਕੇ ਆਏ ਸਨ ਅਤੇ ਇੱਥੇ ਆ ਕੇ ਇਨ੍ਹਾਂ ਨੇ ਡੁੰਡਾਸ ਵਿਖੇ ਆਪਣੀ ਨੌਕਰੀ ਸ਼ੁਰੂ ਕਰ ਦਿੱਤੀ ਸੀ। ਨੌਕਰੀ ਨੂੰ ਇਹ ਸੇਵਾ ਸਮਝ ਕੇ ਕਰਦੇ ਸਨ। ਡਾਕਟਰੀ ਸੇਵਾ ਦੇ ਨਾਲ-ਨਾਲ ਇਹ ਹੋਰਨਾਂ ਸਮਾਜਿਕ ਅਤੇ ਧਾਰਮਿਕ ਕਾਰਜਾਂ ਵਿਚ ਵੀ ਹਿੱਸਾ ਲੈਂਦੇ ਸਨ। ੧੯੩੦ ਈ. ਵਿਚ ਪੋਰਟ ਬਲੇਅਰ ਵਿਖੇ ਇਕ ਗੁਰਦੁਆਰਾ ਸਾਹਿਬ ਬਣਾਇਆ ਗਿਆ ਸੀ ਜਿੱਥੇ ਆਮ ਤੌਰ 'ਤੇ ਪੁਲਿਸ ਮੁਲਾਜ਼ਮ ਅਤੇ ਅਫ਼ਸਰ ਹੀ ਜਾਇਆ ਕਰਦੇ ਸਨ, ਕੈਦੀਆਂ ਨਾਲ ਵਿਤਕਰਾ ਕੀਤਾ ਜਾਂਦਾ ਸੀ ਅਤੇ ਆਮ ਲੋਕ ਵੀ ਪੁਲਿਸ ਦੇ ਗੁਰਦੁਆਰਾ ਸਾਹਿਬ ਜਾਣਾ ਪਸੰਦ ਨਹੀਂ ਸਨ ਕਰਦੇ। ਗੁਰਦੁਆਰਾ ਸਾਹਿਬ ਜਾਤ-ਪਾਤ, ਊਚ-ਨੀਚ ਅਤੇ ਭੇਦ-ਭਾਵ ਤੋਂ ਮੁਕਤ ਹੋ ਕੇ ਬਰਾਬਰੀ ਵਾਲੇ ਸਥਾਨ ਦਾ ਕੇਂਦਰ ਹੈ, ਜਿੱਥੇ ਪ੍ਰਭੂ-ਮੁਖੀ ਮਾਰਗ ਵੱਲ ਜਾਣ ਲਈ ਪ੍ਰੇਰਨਾ ਪੈਦਾ ਕੀਤੀ ਜਾਂਦੀ ਹੈ। *'ਸਭੇ ਸਾਝੀਵਾਲ ਸਦਾਇਨਿ'* ਅਤੇ *'ਉਪਦੇਸੁ ਚਹੁ ਵਰਨਾ ਕਉ ਸਾਝਾ'* ਦੀ ਭਾਵਨਾ ਪੈਦਾ ਕਰਨ ਵਾਲੇ ਸਥਾਨ ਵਿਖੇ ਜਦੋਂ ਸੌੜੀ ਸੋਚ ਦਾ ਪ੍ਰਗਟਾਵਾ ਹੋਣ ਲੱਗਿਆ ਤਾਂ ਡਾ. ਦੀਵਾਨ ਸਿੰਘ ਕਾਲੇਪਾਣੀ ਨੇ ਇਸ ਸਮੱਸਿਆ ਦਾ ਹੱਲ ਲੱਭਣ ਦਾ ਯਤਨ ਅਰੰਭ ਕਰ ਦਿੱਤਾ। ਸੰਗਤ ਦੀ ਇਸ ਸਮੱਸਿਆ ਨੂੰ ਸਮਝਦੇ ਹੋਏ ਉਨ੍ਹਾਂ ਨੇ ਇਕ ਵੱਖਰਾ ਗੁਰਦੁਆਰਾ ਸਾਹਿਬ ਬਣਾਉਣ ਲਈ ਯਤਨ ਅਰੰਭ ਕਰ ਦਿੱਤੇ। ਇਸ ਕਾਰਜ ਨੂੰ ਸਾਕਾਰ ਰੂਪ ਪ੍ਰਦਾਨ ਕਰਨ ਲਈ ੧੯੩੭ ਈ. ਵਿਚ ਇਨ੍ਹਾਂ ਨੇ ਸਰਕਾਰ ਤੋਂ ਆਗਿਆ ਲੈ ਕੇ ਐਬਰਦੀਨ ਵਿਖੇ ਗੁਰਦੁਆਰਾ ਸਾਹਿਬ ਦੀ ਉਸਾਰੀ ਅਰੰਭ ਕਰ ਦਿੱਤੀ। ਸਮੂਹ ਧਰਮਾਂ ਦੇ ਲੋਕਾਂ ਨੇ ਇਸ ਗੁਰਦੁਆਰਾ ਸਾਹਿਬ ਦੀ ਉਸਾਰੀ ਵਿਚ ਹਿੱਸਾ ਪਾਇਆ ਸੀ। ਇਕ ਸਾਲ ਵਿਚ ਇਹ ਗੁਰਦੁਆਰਾ ਸਾਹਿਬ ਤਿਆਰ ਹੋ ਗਿਆ ਤਾਂ ਇਸ ਦਾ ਸੁਚਾਰੂ ਰੂਪ ਵਿਚ ਪ੍ਰਬੰਧ ਚਲਾਉਣ ਲਈ ਇਕ ਕਮੇਟੀ ਦਾ ਗਠਨ ਕੀਤਾ ਗਿਆ; ਸਿੱਖਾਂ ਤੋਂ ਇਲਾਵਾ ਹਿੰਦੂ, ਮੁਸਲਿਮ ਅਤੇ ਈਸਾਈ ਵੀ ਇਸ ਦੇ ਮੈਂਬਰ ਸਨ। ਸਮੂਹ ਧਰਮਾਂ ਦੇ ਲੋਕਾਂ ਲਈ ਇਹ ਗੁਰਦੁਆਰਾ ਸਾਹਿਬ ਸਮਾਜਿਕ, ਸੱਭਿਆਚਾਰਕ ਅਤੇ ਵਿੱਦਿਅਕ ਗਤੀਵਿਧੀਆਂ ਦਾ ਕੇਂਦਰ ਬਣ ਗਿਆ। ਗੁਰਦੁਆਰਾ ਸਾਹਿਬ ਦੇ ਨਾਲ ਲਾਇਬ੍ਰੇਰੀ ਦੀ ਸਥਾਪਨਾ ਕਰ ਕੇ ਉਸ ਵਿਚ ਬਹੁ-ਭਾਸ਼ੀ ਧਾਰਮਿਕ ਅਤੇ ਸਾਹਿਤਕ ਗ੍ਰੰਥਾਂ ਅਤੇ ਪੁਸਤਕਾਂ ਦਾ ਖ਼ਜ਼ਾਨਾ ਇਕੱਤਰ ਕਰਨਾ ਸ਼ੁਰੂ ਕਰ ਦਿੱਤਾ।

ਭਾਰਤੀ ਲੋਕਾਂ ਦੇ ਬੱਚਿਆਂ ਨੂੰ ਵਿੱਦਿਆ ਦੇਣ ਦੇ ਉਦੇਸ਼ ਨਾਲ ਇਨ੍ਹਾਂ ਨੇ ਗੁਰਦੁਆਰਾ ਸਾਹਿਬ ਦੇ ਨਾਲ ਹੀ ਇਕ ਸਕੂਲ ਖੋਲ੍ਹ ਲਿਆ ਸੀ ਜਿੱਥੇ ਛੁੱਟੀ ਅਤੇ ਸ਼ਾਮ ਦੇ ਵੇਲੇ ਸਾਹਿਤਕ ਰੁਚੀਆਂ ਨੂੰ ਉਭਾਰਨ ਲਈ ਯਤਨ ਅਰੰਭ ਹੋਣ ਲੱਗੇ ਸਨ। ਇੱਥੇ ਸਥਾਪਿਤ ਕੀਤੀ ਪੰਜਾਬੀ ਸਾਹਿਤ ਸਭਾ ਵਿਚ ਹਿੰਦੂ, ਮੁਸਲਮਾਨ ਅਤੇ ਸਿੱਖ ਅਦਿ ਪੰਜਾਬੀ ਪ੍ਰੇਮੀ ਸ਼ਾਮਲ ਹੁੰਦੇ ਸਨ। ਇਨ੍ਹਾਂ ਸਭਾਵਾਂ ਵਿਚ ਲੇਖਕ ਆਪੋ-ਆਪਣੀਆਂ ਰਚਨਾਵਾਂ ਲਿਖ ਕੇ ਲਿਆਉਂਦੇ ਅਤੇ ਪੜ੍ਹਦੇ ਸਨ। ਡਾ. ਦੀਵਾਨ ਸਿੰਘ ਦੁਆਰਾ ਰਚਿਤ 'ਵਗਦੇ ਪਾਣੀ', 'ਅੰਤਿਮ ਲਹਿਰਾਂ', 'ਮੇਰਾ ਜੀਵਨ ਮੇਰਾ ਗੀਤ', 'ਸਹਿਜ ਸੰਚਾਰ' ਅਤੇ 'ਮਲ੍ਹਿਆਂ ਦੇ ਬੇਰ' ਆਦਿ ਪੁਸਤਕਾਂ ਪਾਠਕਾਂ ਦੇ ਸਨਮੁਖ ਹਨ। ੧੯੩੮ ਈ. ਵਿਚ ਇਨਾਂ ਦਾ ਪਹਿਲਾ

ਕਾਵਿ ਸੰਗ੍ਰਹਿ 'ਵਗਦੇ ਪਾਣੀ' ਪ੍ਰਕਾਸ਼ਿਤ ਹੋਇਆ। ਕੇਵਲ ਇਹੀ ਰਚਨਾ ਇਨ੍ਹਾਂ ਦੇ ਜੀਵਨ ਵਿਚ ਪ੍ਰਕਾਸ਼ਿਤ ਹੋ ਸਕੀ ਸੀ ਬਾਕੀ ਰਚਨਾਵਾਂ ਇਨ੍ਹਾਂ ਤੋਂ ਪਿੱਛੋਂ ਛਪੀਆਂ ਹਨ। 'ਵਗਦੇ ਪਾਣੀ' ਪੁਸਤਕ ਵਿਚ ਇਨ੍ਹਾਂ ਨੇ ਆਧੁਨਿਕ ਸਮੇਂ ਦੀਆਂ ਸਮੱਸਿਆਵਾਂ ਨੂੰ ਉਭਾਰਨ ਅਤੇ ਲੋਕਾਂ ਨੂੰ ਉਨ੍ਹਾਂ ਪ੍ਰਤੀ ਸੁਚੇਤ ਕਰਨ ਦਾ ਯਤਨ ਕੀਤਾ। ਇਸ ਕਾਵਿ ਸੰਗ੍ਰਹਿ ਦੀਆਂ ਇਹ ਪੰਕਤੀਆਂ ਪੰਜਾਬੀ ਦੇ ਲੱਗਭਗ ਸਮੂਹ ਵਿਦਵਾਨਾਂ ਦੀ ਨਜ਼ਰ ਪਈਆਂ ਹਨ:

*ਪਾਣੀ ਵਗਦੇ ਹੀ ਰਹਿਣ ਕਿ ਵਗਦੇ ਸੋਹੰਦੇ ਨੇ।*
*ਖੜੋਂਦੇ ਬੁਸਦੇ ਨੇ ਕਿ ਪਾਣੀ ਵਗਦੇ ਹੀ ਰਹਿਣ।...*
*ਤੇ ਮੈਂ ਟੁਰਦਾ ਹੀ ਰਹਾਂ ਕਿ ਟੁਰਿਆਂ ਵਧਦਾ ਹਾਂ।*
*ਖਲੋਇਆਂ ਘਟਨਾ ਹਾਂ ਕਿ ਹਾਂ ਮੈਂ ਟੁਰਦਾ ਹੀ ਰਹਾਂ।*

ਵਗਦਾ ਪਾਣੀ ਹਮੇਸ਼ਾਂ ਸ਼ੁੱਧਤਾ ਦਾ ਪ੍ਰਤੀਕ ਹੁੰਦਾ ਹੈ ਜਿਸ ਨਾਲ ਜੁੜਨ ਵਾਲੀ ਜੀਵਨ ਰਉਂ ਵੀ ਤਾਜ਼ਗੀ ਮਹਿਸੂਸ ਕਰਦੀ ਹੈ। ਵਗਦੇ ਪਾਣੀ ਨੇ ਅਖ਼ੀਰ ਸਮੁੰਦਰ ਵਿਚ ਮਿਲਣਾ ਹੁੰਦਾ ਹੈ ਅਤੇ ਆਪਣੇ ਇਸ ਉਦੇਸ਼ ਤਕ ਪਹੁੰਚਣ ਲਈ ਉਹ ਹਮੇਸ਼ਾਂ ਯਤਨਸ਼ੀਲ ਰਹਿੰਦਾ ਹੈ। ਰਾਹ ਦੀਆਂ ਔਕੜਾਂ ਦੀ ਪਰਵਾਹ ਕੀਤੇ ਬਗ਼ੈਰ ਉਹ ਆਪਣੇ ਟੀਚੇ ਦੀ ਪ੍ਰਾਪਤੀ ਵੱਲ ਨਿਰੰਤਰ ਚੱਲਦਾ ਰਹਿੰਦਾ ਹੈ। ਇਸ ਦੇ ਉਲਟ ਖੜਾ ਪਾਣੀ ਨਿਰਾਸ਼ਤਾ ਅਤੇ ਉਦਾਸੀ ਦਾ ਪ੍ਰਤੀਕ ਹੈ ਜਿਸ ਵਿੱਚੋਂ ਬਾਹਰ ਨਿਕਲਣ ਦਾ ਕੋਈ ਮਾਰਗ ਦਿਖਾਈ ਨਹੀਂ ਦਿੰਦਾ ਅਤੇ ਉਸ ਦੇ ਨੇੜੇ ਰਹਿਣ ਵਾਲਾ ਵਿਅਕਤੀ ਬੀਮਾਰ ਹੋ ਜਾਂਦਾ ਹੈ।

ਡਾਕਟਰੀ ਪੇਸ਼ੇ ਦੇ ਨਾਲ-ਨਾਲ ਸਾਹਿਤਕ ਰੁਚੀਆਂ ਨੇ ਇਨ੍ਹਾਂ ਨੂੰ ਸਾਹਿਤਕਾਰਾਂ ਅਤੇ ਸਥਾਨਕ ਲੋਕਾਂ ਨਾਲ ਜੋੜ ਕੇ ਰੱਖਿਆ ਹੋਇਆ ਸੀ। ਇਹ ਪੰਜਾਬ ਦੀ ਮਿੱਟੀ ਨਾਲ ਜੁੜੇ ਰਹਿੰਦੇ ਸਨ ਅਤੇ ਜਦੋਂ ਵੀ ਮੌਕਾ ਮਿਲਦਾ ਛੁੱਟੀ ਲੈ ਕੇ ਪੰਜਾਬ ਚਲੇ ਜਾਂਦੇ ਸਨ। ਇਸੇ ਸਮੇਂ ਦੌਰਾਨ ਪੰਜਾਬ ਵਿਚ ਗੁਰਦੁਆਰਾ ਸੁਧਾਰ ਲਹਿਰ ਜ਼ੋਰ ਫੜ ਗਈ ਸੀ ਅਤੇ ਦੇਸ਼ ਦੀ ਅਜ਼ਾਦੀ ਲਈ ਸੰਘਰਸ਼ ਨਿਰੰਤਰ ਜਾਰੀ ਸੀ। ਗੁਰਦੁਆਰਾ ਸੁਧਾਰ ਲਹਿਰ ਦੌਰਾਨ ਨਨਕਾਣਾ ਸਾਹਿਬ ਦਾ ਸਾਕਾ, ਗੁਰੂ ਕੇ ਬਾਗ਼ ਦਾ ਮੋਰਚਾ, ਚਾਬੀਆਂ ਦਾ ਮੋਰਚਾ ਪ੍ਰਮੁੱਖ ਤੌਰ 'ਤੇ ਸਾਹਮਣੇ ਆਏ ਸਨ ਜਿਸ ਵਿਚ ਮਹੰਤਾਂ ਅਤੇ ਅੰਗਰੇਜ਼ ਸਰਕਾਰ ਨੇ ਸਿੱਖਾਂ 'ਤੇ ਅਸਹਿ ਅਤੇ ਅਕਹਿ ਜ਼ੁਲਮ ਕੀਤੇ ਸਨ। ਗੁਰੂ ਸਾਹਿਬਾਨ ਦੁਆਰਾ ਪੈਦਾ ਕੀਤਾ ਗਿਆ ਮਰਨ ਦਾ ਚਾਅ ਅਤੇ ਪੀੜਾ ਸਹਿ ਕੇ ਦੁਸ਼ਮਣ ਦੇ ਮਨ ਨੂੰ ਬਦਲ ਦੇਣ ਵਾਲੀ ਪ੍ਰੇਰਨਾ ਇਨ੍ਹਾਂ ਮੋਰਚਿਆਂ ਦੀ ਸਫ਼ਲਤਾ ਦਾ ਕਾਰਨ ਬਣੀ ਸੀ। ਭਾਰਤ ਦੀ ਸਮੁੱਚੀ ਲੀਡਰਸ਼ਿਪ ਦਾ ਧਿਆਨ ਪੰਜਾਬ ਵੱਲ ਹੋ ਗਿਆ ਸੀ ਅਤੇ ਵੱਡੇ-ਵੱਡੇ ਲੀਡਰਾਂ ਨੇ ਪੰਜਾਬ ਦਾ ਰੁਖ਼ ਕਰ ਲਿਆ ਸੀ। ਸਿੱਖਾਂ ਦੀਆਂ ਕੁਰਬਾਨੀਆਂ ਅਤੇ ਧਰਮ ਦੀ ਸਪਿਰਟ ਨੇ ਅੰਗਰੇਜ਼ ਸਰਕਾਰ ਨੂੰ ਝੁਕਣ ਲਈ ਮਜਬੂਰ ਕਰ ਦਿੱਤਾ ਸੀ। ਇਨ੍ਹਾਂ ਘਟਨਾਵਾਂ ਦਾ ਆਮ ਲੋਕਾਂ 'ਤੇ ਵੀ ਭਾਰੂ ਅਸਰ ਹੋਇਆ ਸੀ।

੧੯੧੯ ਈ. ਵਿਚ ਵਾਪਰੀ ਜਲ੍ਹਿਆਂ ਵਾਲੇ ਬਾਗ਼ ਦੀ ਘਟਨਾ ਨੇ ਹਰ ਇਕ ਦੇਸ਼ ਵਾਸੀ ਦਾ ਦਿਲ ਝੰਜੋੜ ਸੁੱਟਿਆ ਸੀ। ਹਰ ਸਾਲ ਜਦੋਂ ਇਹ ਦਿਨ ਨੇੜੇ ਆਉਂਦਾ ਤਾਂ

ਜਲ੍ਹਿਆਂ ਵਾਲੇ ਬਾਗ਼ ਦੇ ਸ਼ਹੀਦਾਂ ਨਾਲ ਆਮ ਭਾਰਤੀ ਦੀ ਸੰਵੇਦਨਾ ਅਤੇ ਹਮਦਰਦੀ ਵੱਧਦੀ ਜਾਂਦੀ ਸੀ। ਅਖ਼ਬਾਰਾਂ, ਮੈਗ਼ਜ਼ੀਨਾਂ, ਸਭਾਵਾਂ, ਜਲਸਿਆਂ, ਰੈਲੀਆਂ, ਗੋਸ਼ਟੀਆਂ ਵਿਚ ਇਸ ਘਟਨਾ ਦਾ ਗੰਭੀਰ ਚਿੰਤਨ ਹੋਣ ਲੱਗਾ ਸੀ। ਸਾਹਿਤ ਪ੍ਰੇਮੀ ਇਸ ਘਟਨਾ ਨੂੰ ਕਥਾ, ਕਹਾਣੀਆਂ, ਨਿਬੰਧਾਂ ਆਦਿ ਰਾਹੀਂ ਪ੍ਰਗਟ ਕਰ ਰਹੇ ਸਨ। ਹਰ ਇਕ ਭਾਰਤੀ ਦੇ ਮਨ ਵਿਚ ਅੰਗਰੇਜ਼ਾਂ ਪ੍ਰਤੀ ਨਫ਼ਰਤ ਵੱਧਦੀ ਜਾ ਰਹੀ ਸੀ। ਮਹਾਤਮਾ ਗਾਂਧੀ ਦੁਆਰਾ ਲਗਾਏ ਗਏ ਸਵਦੇਸ਼ੀ ਦੇ ਨਾਅਰੇ ਦਾ ਡਾ. ਦੀਵਾਨ ਸਿੰਘ ਕਾਲੇਪਾਣੀ ਨੇ ਪੁਰਜ਼ੋਰ ਸਮਰਥਨ ਕੀਤਾ ਸੀ।

ਡਾ. ਦੀਵਾਨ ਸਿੰਘ ਕਾਲੇਪਾਣੀ ਦੇ ਮਨ ਵਿਚ ਧਾਰਮਿਕ ਰੁਚੀਆਂ ਬਹੁਤ ਪ੍ਰਬਲ ਸਨ। ਗੁਰਬਾਣੀ ਦਾ ਪਾਠ ਇਨ੍ਹਾਂ ਦੇ ਨਿਤਨੇਮ ਦਾ ਅੰਗ ਸੀ। ਗੁਰੂ ਸਾਹਿਬਾਨ ਦੀ ਸਿੱਖਿਆ ਨੂੰ ਪੜ੍ਹਨ ਨਾਲੋਂ ਜੀਵਨ ਵਿਚ ਧਾਰਨ ਕਰਨ 'ਤੇ ਵਧੇਰੇ ਜ਼ੋਰ ਦਿੰਦੇ ਸਨ। ਗੁਰਬਾਣੀ ਆਸ਼ੇ ਅਨੁਸਾਰ ਇਕ ਪਰਮਾਤਮਾ ਵਿਚ ਇਨ੍ਹਾਂ ਦਾ ਅਟੁੱਟ ਵਿਸ਼ਵਾਸ ਸੀ ਪਰ ਸਮਾਜ ਵਿਚ ਇਹ ਆਮ ਲੋਕਾਂ ਨੂੰ ਇਕ ਰੱਬ ਨਾਲੋਂ ਟੁੱਟਿਆ ਹੋਇਆ ਦੇਖ ਕੇ ਟਿੱਪਣੀ ਕਰਦੇ ਹਨ ਕਿ ਰੱਬ ਦੀ ਇੱਕਤਾ ਨੂੰ ਪਛਾਨਣ ਦੀ ਬਜਾਏ ਹਰ ਸ਼ਖ਼ਸ ਨੇ ਆਪੋ-ਆਪਣੇ ਰੱਬ ਦੇ ਰੂਪ ਬਣਾਏ ਹੋਏ ਹਨ। ਉਹ ਰੱਬ ਕਿਹੋ ਜਿਹਾ ਹੈ? ਕਿਸੇ ਨੇ ਡਿੱਠਾ ਨਹੀਂ। ਰੱਬ ਤਾਂ ਬਸ ਰੱਬ ਹੈ, ਉਸ ਦੀਆਂ ਬਣਾਈਆਂ ਮੂਰਤਾਂ ਮਨੁੱਖੀ ਖ਼ਿਆਲਾਂ ਦੀ ਉਪਜ ਹਨ:

*ਅਸੀਂ ਆਪਣੀ ਹੱਥੀਂ, ਆਪਣੇ ਦਿਮਾਗੋਂ,*
*ਆਪਣੀ ਸੋਚੋਂ ਆਪਣੇ ਰੱਬ ਰਚੇ,*
*ਜੈਸਾ ਜਿਸ ਨੂੰ ਭਾਇਆ,*
*ਵੈਸਾ ਉਸ ਨੇ ਰੱਬ ਬਣਾਇਆ।*
*ਅਸਾਂ ਪੱਥਰ ਦੇ ਰੱਬ ਘੜੇ,*
*ਸੋਨੇ ਚਾਂਦੀ ਦੇ ਪਿੱਤਲ ਦੇ,*
*ਕਾਗਜ਼ਾਂ ਦੇ ਰੰਗ ਬਰੰਗੀ,*
*ਇਕੇ ਖ਼ਿਆਲਾਂ ਦੇ ਖ਼ਿਆਲੀ।...*
*ਰੱਬਾਂ ਦਾ ਇਕ ਬਾਗ਼ ਖਿੜਾਇਆ ਅਸਾਂ,*
*ਸੋਹਣਾ, ਸੁੰਦਰ, ਮਨ ਮੋਹਣਾ,*
*ਇਨਸਾਨੀ ਹੁਨਰ ਦਾ ਇਕ ਕਮਾਲ।*

ਧਰਮ ਦੇ ਨਾਂ 'ਤੇ ਕੀਤੇ ਜਾ ਰਹੇ ਵਹਿਮ, ਭਰਮ ਅਤੇ ਪਖੰਡ 'ਚੋਂ ਬਾਹਰ ਨਿਕਲਣ ਲਈ ਡਾ. ਸਾਹਿਬ ਹਮੇਸ਼ਾਂ ਪ੍ਰੇਰਨਾਮਈ ਯਤਨ ਕਰਦੇ ਸਨ। ਇਨ੍ਹਾਂ ਦੀਆਂ ਰਚਨਾਵਾਂ ਵਿੱਚੋਂ ਧਾਰਮਿਕ ਪਖੰਡ ਤੋਂ ਦੂਰ ਰਹਿਣ ਦੀ ਪ੍ਰੇਰਨਾ ਮਿਲਦੀ ਹੈ। ਇਨ੍ਹਾਂ ਨੇ ਧਾਰਮਿਕ ਗ੍ਰੰਥਾਂ ਦੇ ਰਟਨ ਨਾਲੋਂ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਬੌਧਿਕ ਅਧਿਐਨ ਦਾ ਹਿੱਸਾ ਬਣਾਉਣ 'ਤੇ ਜ਼ੋਰ ਦਿੱਤਾ ਹੈ। ਕਰਮ-ਕਾਂਡ ਰੂਪੀ ਰਸਮਾਂ 'ਤੇ ਇਨ੍ਹਾਂ ਨੇ ਗਹਿਰੀ ਚੋਟ ਮਾਰੀ ਹੈ। ਬਗ਼ੈਰ ਕਿਸੇ ਪੁਣ-ਛਾਣ ਤੋਂ ਲਾਈ ਲੱਗ ਹੋ ਕੇ ਅਜਿਹੇ ਕਰਮ-ਕਾਂਡ ਕਰੀ ਜਾਣਾ ਜਿਨ੍ਹਾਂ ਦਾ ਨਾ ਤਾਂ ਅਧਿਆਤਮਕ ਜੀਵਨ ਨਾਲ ਕੋਈ ਸਰੋਕਾਰ ਹੈ ਅਤੇ ਨਾ ਹੀ

ਉਨ੍ਹਾਂ ਦਾ ਸਮਾਜ ਨੂੰ ਕੋਈ ਫ਼ਾਇਦਾ ਹੁੰਦਾ ਹੈ।

ਧਾਰਮਿਕ ਅਤੇ ਸਮਾਜਿਕ ਜੀਵਨ ਦੀਆਂ ਜਿਹੜੀਆਂ ਰਸਮਾਂ ਕੇਵਲ ਕਰਮ-ਕਾਂਡ ਦਾ ਰੂਪ ਧਾਰਨ ਕਰ ਜਾਂਦੀਆਂ ਹਨ ਉਹ ਮਨੁੱਖ ਨੂੰ ਕਦੇ ਵੀ ਅੱਗੇ ਨਹੀਂ ਵੱਧਣ ਦਿੰਦੀਆਂ। ਸਮਾਜ ਵਿਚ ਪ੍ਰਵੇਸ਼ ਕਰ ਚੁੱਕਾ ਬਣਾਉਟੀਪਣ ਸਮਾਜ ਦੇ ਹਰ ਇਕ ਅੰਗ ਨੂੰ ਪ੍ਰਭਾਵਿਤ ਕਰਦਾ ਹੈ। ਮਨ ਵਿਚ ਸ਼ਰਧਾ ਅਤੇ ਵਿਸ਼ਵਾਸ਼ ਧਰਮ ਦੇ ਦੋ ਮੁੱਢਲੇ ਗੁਣ ਹਨ ਜਿਹੜੇ ਸ਼ਰਧਾਲੂ ਨੂੰ ਪਰਮਾਤਮਾ ਦੇ ਨੇੜੇ ਕਰ ਦਿੰਦੇ ਹਨ। ਅੰਧ-ਵਿਸ਼ਵਾਸ ਧਰਮ ਦੇ ਵਿਕਾਸ ਵਿਚ ਖੜੋਤ ਅਤੇ ਸਮਾਜ ਵਿਚ ਬੇਈਮਾਨੀ ਦਾ ਕਾਰਨ ਬਣਦਾ ਹੈ। ਪ੍ਰੇਮ ਇਕ ਅਜਿਹਾ ਸੂਤਰ ਹੈ ਜਿਸ ਰਾਹੀਂ ਬੰਦਾ ਰੱਬ ਨਾਲ ਗੱਲਾਂ ਕਰਦਾ ਹੈ। ਬਿਨਾਂ ਬੋਲਿਆਂ ਰੱਬ ਬੰਦੇ ਦੇ ਦਿਲ ਦੀਆਂ ਗੱਲਾਂ ਬੁੱਝ ਲੈਂਦਾ ਹੈ। ਸ਼ਬਦਾਂ ਦੀ ਸੀਮਾ ਹੁੰਦੀ ਹੈ ਜਿਹੜੀ ਕਿ ਸਿਰਜਣਹਾਰ ਅਤੇ ਸ਼ਰਧਾਲੂ ਵਿਚਕਾਰ ਰੁਕਾਵਟ ਪੈਦਾ ਕਰਦੀ ਹੈ। ਸਿਰਜਣਹਾਰ ਬੋਲ ਨਾ ਸਕਣ ਵਾਲੇ ਸ਼ਰਧਾਲੂ ਦੇ ਦਿਲ ਦੀਆਂ ਗੱਲਾਂ ਵੀ ਜਾਣ ਲੈਂਦਾ ਹੈ। ਸਿਰਜਣਹਾਰ ਨਾਲ ਜੁੜਿਆ ਹੋਇਆ ਸ਼ਰਧਾਲੂ ਹਮੇਸ਼ਾਂ ਖੇੜੇ ਵਿਚ ਰਹਿੰਦਾ ਹੈ। ਮੌਜੂਦਾ ਸਮੇਂ ਦੀ ਬਣਾਉਟੀ ਜੀਵਨ ਰਉਂ ਨੇ ਮਨੁੱਖ ਨੂੰ ਅਜਿਹਾ ਬਣਾਉਟੀ ਬਣਾ ਦਿੱਤਾ ਹੈ ਕਿ ਉਹ ਆਪਣੇ ਸਿਰਜਣਹਾਰ ਨੂੰ ਭਰਮਾਉਣ ਦੇ ਚੱਕਰ ਵਿਚ ਪੈ ਗਿਆ ਹੈ। ਇਸ ਬੰਦਿਸ਼ ਨੇ ਖੜੋਤ ਪੈਦਾ ਕਰਨ ਦਾ ਕੰਮ ਕੀਤਾ ਹੈ, ਮਨ ਸ਼ਰਧਾ ਅਤੇ ਵਿਸ਼ਵਾਸ ਦੀ ਬਜਾਏ ਦਿਮਾਗੀ ਕਸਰਤਾਂ ਅਤੇ ਕਰਮ-ਕਾਂਡਾਂ ਵੱਲ ਰੁਚਿਤ ਹੋ ਗਿਆ ਹੈ। ਇਸ ਦੇ ਨਕਾਰਾਤਮਿਕ ਪੱਖ 'ਤੇ ਟਿੱਪਣੀ ਕਰਦੇ ਹੋਏ ਡਾ. ਦੀਵਾਨ ਸਿੰਘ ਕਾਲੇਪਾਣੀ ਆਪਣੀ ਇਕ ਰਚਨਾ 'ਰੁਬਾਈਆਂ' ਵਿਚ ਲਿਖਦਾ ਹੈ:

*ਮੰਦਰ ਤਾਂ ਹੈ ਕੋਈ ਪੁਜਾਰੀ ਨਹੀਂ ਹੈ।*
*ਬਖ਼ਸ਼ਿਸ਼ ਤਾਂ ਹੈ ਪਰ ਭਿਖਾਰੀ ਨਹੀਂ ਹੈ।*
*ਮੁਹੱਬਤ ਦਾ ਰੌਲਾ ਬਹੁਤ ਹੈ ਅਜੇ ਵੀ।*
*ਪਰ ਅੰਦਰ ਦਿਲਾਂ ਦੇ ਖ਼ੁਮਾਰੀ ਨਹੀਂ ਹੈ।*

ਡਾ. ਦੀਵਾਨ ਸਿੰਘ ਕਾਲੇਪਾਣੀ ਦਾ ਸਾਹਿਤਕ ਸਫ਼ਰ ਇਨ੍ਹਾਂ ਦੀ ਨੌਕਰੀ ਦੇ ਨਾਲ-ਨਾਲ ਚੱਲਦਾ ਹੈ। ਸਮਾਜ ਵਿਚ ਜਿਸ ਤਰ੍ਹਾਂ ਦੀਆਂ ਸਮਾਜਿਕ ਅਤੇ ਧਾਰਮਿਕ ਕਦਰਾਂ-ਕੀਮਤਾਂ ਨੂੰ ਦੇਖਦੇ ਅਤੇ ਮਹਿਸੂਸ ਕਰਦੇ ਹਨ, ਉਸ ਪ੍ਰਤੀ ਟਿੱਪਣੀ ਕਰਨ ਤੋਂ ਸੰਕੋਚ ਨਹੀਂ ਕਰਦੇ। ਇਨ੍ਹਾਂ ਦੀਆਂ ਰਚਨਾਵਾਂ ਵਿੱਚੋਂ ਨਵੀਂ ਜੀਵਨ ਰਉਂ ਨੂੰ ਪ੍ਰਫੁਲਿਤ ਕਰਨ ਦੀ ਪ੍ਰੇਰਨਾ ਹੁੰਦੀ ਸੀ। ਧਰਮ ਅਤੇ ਸਮਾਜ ਦੀਆਂ ਕਦਰਾਂ-ਕੀਮਤਾਂ ਵਿਚ ਨਵੇਂਪਣ ਦਾ ਜੋਸ਼ ਪੈਦਾ ਕਰਨ ਲਈ ਉਹ ਆਪਣੀ ਰਚਨਾ 'ਓ ਭਾਰਤ' ਵਿਚ ਕਹਿੰਦੇ ਹਨ:

*ਸੁਹਣਿਆ, ਜ਼ਿੰਦਗੀ ਗਈ ਤੇਰੀ,*
*ਸ਼ਰਮਿੰਦਗੀ ਰਹੀ ਬਾਕੀ,*
*ਇਹ ਗੰਦ ਬਲਾ ਕੈਦ ਗ਼ੁਲਾਮੀ ਦੀ,*
*ਵਹਿਮਾਂ ਦੀ, ਛੂਤਾਂ ਦੀ, ਭਰਮਾਂ ਦੀ, ਭੂਤਾਂ ਦੀ,*
*ਅਕਲ ਦੇ ਦੁਸ਼ਮਣਾਂ, ਉੱਲੂਆਂ, ਊਤਾਂ ਦੀ,*

*ਕਿਵੇਂ ਚੰਬੜ ਗਈ ਤੈਨੂੰ,*
*ਭੋਲਾ ਭਾਲਾ ਤੂੰ, ਭੋਲੇ ਭਾਲੇ ਤੇਰੇ ਬੰਦੇ,*
*ਕਿਵੇਂ ਪੈ ਗਏ ਵਸ, ਬ੍ਰਾਹਮਣ ਦੇ, ਮੁੱਲਾਂ ਦੇ,*
*ਵੇਹਲੇ ਮੁਫਤ ਖ਼ੋਰਾਂ ਦੇ।*

ਡਾ. ਦੀਵਾਨ ਸਿੰਘ ਕਾਲੇਪਾਣੀ ਨੇ ਜੀਵਨ ਦਾ ਉਹ ਪੜਾਅ ਬਹੁਤ ਨੇੜਿਉਂ ਤੱਕਿਆ ਸੀ ਜਦੋਂ ਮਨ ਵਿਚ ਮੌਤ ਤੋਂ ਇਲਾਵਾ ਹੋਰ ਕੋਈ ਖ਼ਿਆਲ ਚੇਤੇ ਵਿਚ ਨਹੀਂ ਰਹਿੰਦਾ। ਜੇਲ੍ਹ ਦੇ ਕੈਦੀਆਂ ਦੀ ਸੇਵਾ ਕਰਦੇ ਸਮੇਂ ਉਨ੍ਹਾਂ ਦੀ ਸਰੀਰਕ ਅਤੇ ਮਾਨਸਿਕ ਪੀੜ੍ਹਾ ਨੂੰ ਦੇਖਦਿਆਂ ਬਹੁਤ ਸਾਰੇ ਵਿਚਾਰ ਮਨ ਵਿਚ ਆਉਂਦੇ ਸਨ ਪਰ ਆਮ ਲੋਕਾਂ ਦੇ ਦਰਦਾਂ ਨੂੰ ਮਹਿਸੂਸ ਕਰਦਿਆਂ ਹਮੇਸ਼ਾਂ ਅਗਾਂਹਵਧੂ ਸੋਚ ਨੂੰ ਸਾਹਮਣੇ ਰੱਖਿਆ ਸੀ। 'ਪ੍ਰੀਤ ਸੁਨੇਹੜੇ' ਰਚਨਾ ਵਿਚ ਉਹ ਲੋਕਾਂ ਦੀ ਸੇਵਾ ਕਰਨ 'ਤੇ ਜ਼ੋਰ ਦਿੰਦੇ ਹੋਏ ਕਹਿੰਦੇ ਹਨ:

*ਧਿਰਕਾਰ ਤਿਨ੍ਹਾਂ ਦੇ ਜੀਵਨ ਨੂੰ*
*ਦੁਖੀਆਂ ਦੇ ਜਿਹੜੇ ਦਰਦੀ ਨਹੀਂ*
*ਕਿੰਝ ਲੋਕਾਂ ਖ਼ਾਤਰ ਜੂਝੀਦਾ*
*ਇਹ ਜੀਵਨ-ਜਾਚ ਸਿਖਾਂਦਾ ਜਾ।*

ਸਰਕਾਰੀ ਡਾਕਟਰ ਹੋਣ ਕਰਕੇ ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਕਲਮ ਦੀ ਸੀਮਾ ਸੀ। ਉਹ ਅਜਿਹੀ ਰਚਨਾ ਨਹੀਂ ਸੀ ਕਰ ਸਕਦਾ ਜਿਹੜੀ ਸਿੱਧੇ ਤੌਰ 'ਤੇ ਸਰਕਾਰ ਖ਼ਿਲਾਫ਼ ਬਗ਼ਾਵਤ ਪੈਦਾ ਕਰਦੀ ਹੋਵੇ ਜਾਂ ਜਿਸ ਨੂੰ ਪੜ੍ਹ ਕੇ ਲੋਕਾਂ ਦੇ ਮਨ ਵਿਚ ਦੇਸ਼-ਭਗਤੀ ਦੀ ਭਾਵਨਾ ਨੂੰ ਬਲ ਪ੍ਰਦਾਨ ਹੁੰਦਾ ਹੋਵੇ। ਡਾ. ਸਾਹਿਬ ਦੀਆਂ ਰਚਨਾਵਾਂ ਆਮ ਤੌਰ 'ਤੇ ਜੀਵਨ ਦੀਆਂ ਤੰਗ ਵਲਗਣਾਂ ਵਿੱਚੋਂ ਨਿਕਲ ਕੇ ਜੀਵਨ ਦੇ ਨਵੇਂ ਦ੍ਰਿਸ਼ਟੀਕੋਣ ਨੂੰ ਰੂਪਮਾਨ ਕਰਦੀਆਂ ਹਨ। ਜੀਵਨ ਦਾ ਜਿਹੜਾ ਦ੍ਰਿਸ਼ਟੀਕੋਣ ਪਿਛਾਂਹ-ਖਿੱਚੂ ਹੋਵੇ, ਨਫ਼ਰਤ, ਬੇਈਮਾਨੀ, ਭੇਦ-ਭਾਵ ਅਤੇ ਕਰਮ-ਕਾਂਡ ਦੀ ਭਾਵਨਾ ਪੈਦਾ ਕਰਦਾ ਹੋਵੇ; ਇਨ੍ਹਾਂ ਦੀਆਂ ਰਚਨਾਵਾਂ ਵਿਚ ਉਨ੍ਹਾਂ ਨੂੰ ਕੋਈ ਸਥਾਨ ਨਹੀਂ ਸੀ। ਇਨ੍ਹਾਂ ਨੇ ਹੀਰ-ਰਾਂਝੇ, ਸੱਸੀ-ਪੁੰਨੂ ਆਦਿ ਕਿੱਸੇ ਲਿਖਣ ਦੀ ਬਜਾਏ ਜੀਵਨ ਦੇ ਯਥਾਰਥ ਨੂੰ ਨੇੜਿਓਂ ਦੇਖਣ ਦਾ ਜਿਹੜਾ ਰਸ ਪੈਦਾ ਕੀਤਾ ਸੀ, ਉਹ ਮਨੁੱਖ ਨੂੰ ਦੁਨਿਆਵੀ ਸਮੱਸਿਆਵਾਂ ਦਾ ਟਾਕਰਾ ਕਰਦੇ ਹੋਏ ਅੱਗੇ ਵੱਲ ਲੈ ਕੇ ਜਾਣ ਲਈ ਉਤਸ਼ਾਹਿਤ ਕਰਦਾ ਹੈ। ਇਨ੍ਹਾਂ ਦੀਆਂ ਰਚਨਾਵਾਂ ਵਿਚ ਸਦਾਚਾਰ, ਮਾਨਸਿਕ ਸ਼ੁੱਧੀ, ਮਿਠਾਸ ਅਤੇ ਗੈਰਤ-ਭਰਪੂਰ ਜੀਵਨ ਬਸਰ ਕਰਨ ਦੀ ਪ੍ਰੇਰਨਾ ਮਿਲਦੀ ਹੈ। 'ਅਰਦਾਸ' ਸਿਰਲੇਖ ਅਧੀਨ ਆਪਣੀ ਰਚਨਾ ਵਿਚ ਲਿਖਦੇ ਹਨ:

*ਅੱਖਾਂ ਮੇਰੀਆਂ ਦੇ ਵਿਚ ਸ਼ਰਮ ਹੋਵੇ,*
*ਵਿਚ ਜੀਭ ਮੇਰੀ ਦੇ ਮਿਠਾਸ ਹੋਵੇ।*
*ਮਨੂਆ ਸਾਫ ਹੋਵੇ, ਟੋਰ ਹੋਵੇ ਸਿੱਧੀ,*
*ਅੰਦਰ ਗ਼ੈਰਤ ਤੇ ਸੁਥਰਾ ਲਿਬਾਸ ਹੋਵੇ।*

ਡਾ. ਦੀਵਾਨ ਸਿੰਘ ਕਾਲੇਪਾਣੀ ਪੰਜਾਬੀ ਦਾ ਸ੍ਰੇਸ਼ਟ ਕਵੀ ਸੀ। ਭਾਵੇਂ ਕਿ ਪੋਰਟ ਬਲੇਅਰ ਵਿਖੇ ਰਚਨਾਵਾਂ ਛਪਵਾਉਣ ਅਤੇ ਇਨ੍ਹਾਂ ਦੀ ਕਵਿਤਾ ਦੀ ਨੁਹਾਰ ਦੀ ਪਛਾਣ

ਕਰਨ ਵਾਲਾ ਕੋਈ ਨਹੀਂ ਸੀ ਪਰ ਫਿਰ ਵੀ ਇਹ ਪੰਜਾਬੀ ਭਾਸ਼ਾ ਵਿਚ ਲਿਖਣ ਨੂੰ ਹੀ ਤਰਜੀਹ ਦਿੰਦੇ ਰਹੇ। ਅੰਗਰੇਜ਼ਾਂ ਦੀ ਨੌਕਰੀ ਅਤੇ ਮਿਲਗੋਭੇ ਸੱਭਿਆਚਾਰ ਵਿਚ ਰਹਿਣ ਦੇ ਬਾਵਜੂਦ ਵੀ ਇਨ੍ਹਾਂ ਨੇ ਪੰਜਾਬੀ ਨੂੰ ਵਿਸਾਰਿਆ ਨਹੀਂ। ਪੰਜਾਬੀ ਨੂੰ ਪ੍ਰਫੁਲਿਤ ਕਰਨ ਲਈ ਹਮੇਸ਼ਾਂ ਯਤਨਸ਼ੀਲ ਰਹੇ ਅਤੇ ਜਿਸ ਨੇ ਵੀ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਕੋਈ ਕਾਰਜ ਕੀਤਾ ਉਸ ਨੂੰ ਸ਼ਾਬਾਸ਼ੀ ਦੇਣ ਵਿਚ ਭੋਰਾ ਵੀ ਆਲਸ ਨਹੀਂ ਕੀਤਾ। ਜਦੋਂ ਕਲਕੱਤਾ ਯੂਨੀਵਰਸਿਟੀ ਵਿਖੇ ਪੰਜਾਬੀ ਭਾਸ਼ਾ ਨੂੰ ਪ੍ਰਫੁਲਿਤ ਕਰਨ ਦਾ ਯਤਨ ਕੀਤਾ ਗਿਆ ਤਾਂ ਇਨ੍ਹਾਂ ਨੇ ਯੂਨੀਵਰਸਿਟੀ ਦੇ ਰਜਿਸਟਰਾਰ ਨੂੰ ਪੱਤਰ ਲਿਖਿਆ ਜਿਹੜਾ ਕਿ ਡਾ. ਗੁਰਦੇਵ ਸਿੰਘ (ਗਿੱਲ) ਦੀ ਡਾ. ਦੀਵਾਨ ਸਿੰਘ: ਜੀਵਨ ਅਤੇ ਰਚਨਾ ਸਿਰਲੇਖ ਅਧੀਨ ਪੁਸਤਕ ਵਿਚ ਛਪਿਆ ਹੋਇਆ ਹੈ। ਇਸ ਪੱਤਰ ਵਿਚ ਡਾ. ਦੀਵਾਨ ਸਿੰਘ ਕਾਲੇਪਾਣੀ ਨੇ ਯੂਨੀਵਰਸਿਟੀ ਦਾ ਧੰਨਵਾਦ ਕਰਦੇ ਹੋਏ ਲਿਖਿਆ, The Punjabi population of these Islands have been very much pleased with the recognition given by the Calcutta University to the Punjabi Language as vernacular and second language for Matric, F.A. & B.A. Many Punjabis therefore wish to take up Punjabi Language.

੧੯੪੨ ਈ. ਵਿਚ ਜਦੋਂ ਜਪਾਨੀਆਂ ਨੇ ਅੰਡੇਮਾਨ ਅਤੇ ਨਿਕੋਬਾਰ ਦੇ ਟਾਪੂਆਂ 'ਤੇ ਕਬਜ਼ਾ ਕਰ ਲਿਆ ਤਾਂ ਬਹੁਤ ਸਾਰੇ ਸਰਕਾਰੀ ਅਫ਼ਸਰ, ਅਧਿਕਾਰੀ ਅਤੇ ਉਨ੍ਹਾਂ ਦੇ ਸਹਿਯੋਗੀ ਪਲਾਇਣ ਕਰ ਕੇ ਭਾਰਤ ਵਿਖੇ ਸੁਰੱਖਿਅਤ ਥਾਵਾਂ 'ਤੇ ਚਲੇ ਗਏ ਸਨ। ਡਾ. ਸਾਹਿਬ ਵੀ ਉਨ੍ਹਾਂ ਨਾਲ ਜਾਣ ਲਈ ਜਹਾਜ਼ 'ਤੇ ਸਵਾਰ ਹੋ ਗਏ ਸਨ ਪਰ ਅੰਡੇਮਾਨ ਦੀ ਮਿੱਟੀ ਨੇ ਮਨ ਨੂੰ ਹਲੂਣਾ ਦੇ ਦਿੱਤਾ, ਆਪਣੇ ਪਰਵਾਰ ਨੂੰ ਜਹਾਜ਼ ਵਿਚ ਛੱਡ ਕੇ ਇਹ ਵਾਪਸ ਪੋਰਟ ਬਲੇਅਰ ਆ ਗਏ ਸਨ। ਲੋਕਾਂ ਦੀ ਮੁਹੱਬਤ ਇਨ੍ਹਾਂ ਨੂੰ ਵਾਪਸ ਖਿੱਚ ਲਿਆਈ ਸੀ। ਡਾ. ਦੀਵਾਨ ਸਿੰਘ ਕਾਲੇਪਾਣੀ ਉੱਥੋਂ ਦੇ ਲੋਕਾਂ ਵਿਚ ਬਹੁਤ ਸਤਿਕਾਰ ਗ੍ਰਹਿਣ ਕਰ ਚੁੱਕੇ ਸਨ। ਇਨ੍ਹਾਂ ਨੇ ਇੱਥੇ ਕਾਬਜ਼ ਹੋਏ ਜਪਾਨੀਆਂ ਨਾਲ ਵੀ ਬਹੁਤ ਸੁਖਾਵੇਂ ਸੰਬੰਧ ਸਥਾਪਿਤ ਕਰ ਲਏ ਸਨ। ਜਪਾਨੀਆਂ ਨੇ ਇਨ੍ਹਾਂ ਨੂੰ ਚੀਫ਼ ਮੈਡੀਕਲ ਅਫ਼ਸਰ ਨਿਯੁਕਤ ਕਰਨ ਦੇ ਨਾਲ-ਨਾਲ ਸ਼ਾਂਤੀ ਸਥਾਪਿਤ ਕਰਨ ਲਈ ਬਣਾਈ ਗਈ Peace Committee ਦਾ ਮੁਖੀ ਥਾਪ ਦਿੱਤਾ ਸੀ। ਸਥਾਨਕ ਪੱਧਰ 'ਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਉੱਚ ਅਧਿਕਾਰੀਆਂ ਨੂੰ ਯੋਗ ਸਲਾਹ ਵੀ ਦਿੰਦੇ ਰਹਿੰਦੇ ਸਨ। ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ ਵਿਖੇ ਇੰਡੀਅਨ ਇੰਡੀਪੈਂਡੈਂਸ ਲੀਗ ਬਣਾਈ ਗਈ ਸੀ ਜਿਸ ਦਾ ਪ੍ਰਧਾਨ ਵੀ ਡਾ. ਸਾਹਿਬ ਨੂੰ ਬਣਾਇਆ ਗਿਆ ਸੀ। ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ ਵਿਖੇ ਇਸ ਲੀਗ ਦੇ ਸਥਾਪਿਤ ਹੋਏ ਯੂਨਿਟ ਦੀ ਬਣਤਰ ਸੰਬੰਧੀ ਸ੍ਰੀ ਗੌਰੀ ਸ਼ੰਕਰ ਪਾਂਡੇ ਨਿਮਨ ਲਿਖਤ ਅਨੁਸਾਰ ਜਾਣਕਾਰੀ ਦਿੰਦੇ ਹਨ:

| | |
|---|---|
| ੧. ਡਾ. ਦੀਵਾਨ ਸਿੰਘ ਕਾਲੇਪਾਣੀ | ਪ੍ਰਧਾਨ |
| ੨. ਸ੍ਰੀ ਦੁਰਗਾ ਪ੍ਰਸਾਦ | ਮੀਤ ਪ੍ਰਧਾਨ |
| ੩. ਸ੍ਰੀ ਲਛਮਨ ਦਾਸ ਸੰਕਵਾ | ਸਕੱਤਰ |

| | |
|---|---|
| ੪. ਸ੍ਰੀ ਰਾਮਕ੍ਰਿਸ਼ਨ | ਜੁਆਇੰਟ ਸਕੱਤਰ (ਬਾਅਦ ਵਿਚ ਇਹ ਪ੍ਰਧਾਨ ਬਣੇ) |
| ੫. ਸ੍ਰੀ ਰਤਨਮ | ਖ਼ਜ਼ਾਨਚੀ |
| ੬. ਸ੍ਰੀ ਪ੍ਰੇਮ ਸ਼ੰਕਰ ਪਾਂਡੇ | ਜੁਆਇੰਟ ਸਕੱਤਰ ਜਥੇਬੰਦੀ |
| ੭. ਸ੍ਰੀ ਐਚ.ਐਚ. ਰਹਲਕਰ | ਜੁਆਇੰਟ ਸਕੱਤਰ ਪ੍ਰਚਾਰ (ਪ੍ਰਾਪੇਗੰਡਾ) |
| ੮. ਡਾ. ਸ਼ੇਰ ਸਿੰਘ ਲਿਧੜ | ਅਗਜ਼ੈਕਟਿਵ ਮੈਂਬਰ |
| ੯. ਸ. ਸਾਹਿਬ ਸਿੰਘ | ____ ਉਹੀ _____ |
| ੧੦. ਸ੍ਰੀ ਖ਼ਾਨ ਸਾਹਿਬ ਨਵਾਬ ਅਲੀ | ____ ਉਹੀ _____ |
| ੧੧. ਸ੍ਰੀ ਪਰਤਾਬ ਨਾਥ ਨਾਗ | ____ ਉਹੀ _____ |
| ੧੨. ਸ੍ਰੀ ਮੋਤੀ ਰਾਮ | ____ ਉਹੀ _____ |
| ੧੩. ਸ. ਪੋਖਰ ਸਿੰਘ ਚਾਵਲਾ | ____ ਉਹੀ _____ |
| ੧੪. ਸ੍ਰੀ ਫ਼ਰਜੰਦ ਅਲੀ | ____ ਉਹੀ _____ |
| ੧੫. ਸ. ਭਗਵਾਨ ਸਿੰਘ | ____ ਉਹੀ _____ |
| ੧੬. ਸ੍ਰੀ ਰਾਜ ਰਤਨ ਦਾਸ | ____ ਉਹੀ _____ |
| ੧੭. ਸ. ਕੌਰ ਸਿੰਘ ਚਾਵਲਾ | ____ ਉਹੀ _____ |
| ੧੮. ਸ੍ਰੀ ਗੁਰੂਮੂਰਤੀ | ____ ਉਹੀ _____ |
| ੧੯. ਸ੍ਰੀ ਕੇਸਰ ਦਾਸ | ____ ਉਹੀ _____ |
| ੨੦. ਸ੍ਰੀ ਰਾਮ ਚੰਦਰ ਮੌਰਿਆ | ____ ਉਹੀ _____ |

ਇਸ ਲੀਗ ਨੇ ਲੋਕਾਂ ਨਾਲ ਨੇੜਤਾ ਸਥਾਪਿਤ ਕਰ ਕੇ ਉਨ੍ਹਾਂ ਨੂੰ ਭਾਰਤ ਦੀ ਅਜ਼ਾਦੀ ਲਈ ਇਕਮੁੱਠ ਕਰਨਾ ਅਰੰਭ ਕਰ ਦਿੱਤਾ ਸੀ। ਮਾਇਕ ਪੱਖੋਂ ਭਾਵੇਂ ਕਿ ਇਹ ਸੰਸਥਾ ਬਹੁਤੀ ਧਨਵਾਨ ਨਹੀਂ ਸੀ ਪਰ ਦੇਸ਼-ਭਗਤੀ ਦਾ ਜੋਸ਼ ਅਤੇ ਜ਼ਜ਼ਬਾ ਇਨ੍ਹਾਂ ਦੇ ਕਾਰਜ ਲਈ ਸਹਾਈ ਸਿੱਧ ਹੋ ਰਿਹਾ ਸੀ। ਆਸ-ਪਾਸ ਦੇ ਟਾਪੂਆਂ ’ਤੇ ਵੱਸੇ ਹੋਏ ਭਾਰਤੀ ਵੀ ਇਸ ਲੀਗ ਨਾਲ ਜੁੜਨ ਲੱਗੇ ਸਨ। ਇਸ ਸੰਸਥਾ ਨੂੰ ਖੜੇ ਕਰਨ ਵਿਚ ਡਾ. ਦੀਵਾਨ ਸਿੰਘ ਕਾਲੇਪਾਣੀ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਇਸ ਲੀਗ ਨੂੰ ਜਨਰਲ ਮੋਹਨ ਸਿੰਘ ਨੇ ਸਥਾਪਿਤ ਕੀਤਾ ਸੀ। ਜੂਨ ੧੯੪੨ ਈ. ਵਿਚ ਲੀਗ ਨੇ ਬੈਂਕਾਕ ਵਿਖੇ ਇਕ ਕਾਨਫ਼ਰੰਸ ਦਾ ਇਕ ਮਹੱਤਵਪੂਰਨ ਆਯੋਜਨ ਕੀਤਾ। ਅੰਡੇਮਾਨ ਯੂਨਿਟ ਦੇ ਪ੍ਰਧਾਨ ਵਜੋਂ ਡਾ. ਸਾਹਿਬ ਨੇ ਇਸ ਕਾਨਫ਼ਰੰਸ ਵਿਚ ਭਾਗ ਲਿਆ ਸੀ। ਇਨ੍ਹਾਂ ਨੇ ਉੱਥੇ ਹੀ ਅੰਡੇਮਾਨ ਦੇ ਲੋਕਾਂ ਪ੍ਰਤੀ ਜਪਾਨੀਆਂ ਦੀ ਨੀਅਤ ਬਾਰੇ ਜਨਰਲ ਮੋਹਨ ਸਿੰਘ ਨੂੰ ਜਾਣੂ ਕਰਵਾ ਦਿੱਤਾ ਸੀ। ਇਨ੍ਹਾਂ ਦੇ ਮਨ ਵਿਚ ਇਹ ਗੱਲ ਬੈਠ ਗਈ ਸੀ ਕਿ ‘ਅੰਗਰੇਜ਼ਾਂ ਨੇ ਸਾਨੂੰ ਅਜ਼ਾਦੀ ਦਿੱਤੀ ਨਹੀਂ ਅਤੇ ਜਪਾਨੀ ਵੀ ਨਹੀਂ ਦੇਣਗੇ।’ ਡਾ. ਸਾਹਿਬ ਆਮ ਲੋਕਾਂ ਵਿਚ ਬਹੁਤ ਹੀ ਸਤਿਕਾਰ ਦੇ ਪਾਤਰ ਸਨ। ਕੁਝ ਦਿਨ ਪਹਿਲਾਂ ਅੰਡੇਮਾਨ ਜਾਣ ਦਾ ਮੌਕਾ ਬਣਿਆ ਤਾਂ ਉੱਥੋਂ ਦੇ ਲੋਕਾਂ ਨਾਲ ਇਸ ਵਿਸ਼ੇ ’ਤੇ ਗੱਲ ਕੀਤੀ। ਹਾਲੇ ਵੀ ਆਮ ਲੋਕਾਂ

ਵਿਚ ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਸ਼ਖ਼ਸੀਅਤ ਇਕ ਦੇਵਤੇ ਵਜੋਂ ਕਾਇਮ ਹੈ।

ਜਪਾਨੀ ਫ਼ੌਜ ਦੇ ਕਾਬਜ਼ ਹੋਣ ਤੋਂ ਪਿੱਛੋਂ ਪਹਿਲਾਂ ਤਾਂ ਸਭ ਕੁਝ ਠੀਕ ਚੱਲਦਾ ਰਿਹਾ ਪਰ ਹੌਲੀ-ਹੌਲੀ ਉਨ੍ਹਾਂ ਵਿਚ ਉਹ ਸਮੂਹ ਬੁਰਾਈਆਂ ਸਾਹਮਣੇ ਆਉਣ ਲੱਗੀਆਂ ਜਿਹੜੀਆਂ ਜਿੱਤ ਦੇ ਹੰਕਾਰ ਵਿਚ ਹਮਲਾਵਰਾਂ ਅੰਦਰ ਪ੍ਰਵੇਸ਼ ਕਰ ਜਾਂਦੀਆਂ ਹਨ। ਜਪਾਨੀ ਅਫ਼ਸਰਾਂ ਨੇ ਆਮ ਲੋਕਾਂ 'ਤੇ ਜ਼ੁਲਮ ਕਰਨੇ ਅਰੰਭ ਕਰ ਦਿੱਤੇ ਅਤੇ ਕੁਝ ਸਥਾਨਕ ਅਫ਼ਸਰ ਵੀ ਉਨ੍ਹਾਂ ਦਾ ਸਾਥ ਦੇਣ ਲੱਗੇ। ਜਦੋਂ ਦੁਖੀ ਹੋ ਕੇ ਲੋਕ ਡਾ. ਦੀਵਾਨ ਸਿੰਘ ਕਾਲੇਪਾਣੀ ਕੋਲ ਆਉਂਦੇ ਤਾਂ ਉਹ ਲੱਗਦੀ ਵਾਹ ਐਡਮੀਰਲ ਨੂੰ ਬੇਨਤੀ ਕਰ ਕੇ ਉਨ੍ਹਾਂ ਨੂੰ ਜਪਾਨੀ ਅਫ਼ਸਰਾਂ ਦੁਆਰਾ ਕੀਤੇ ਜਾਂਦੇ ਜ਼ੁਲਮਾਂ ਤੋਂ ਰਾਹਤ ਦਿਵਾ ਦਿੰਦੇ ਸਨ। ਕੁਝ ਜਪਾਨੀ ਫ਼ੌਜੀ ਅਫ਼ਸਰ ਸਥਾਨਕ ਪੁਲਿਸ ਵਾਲਿਆਂ ਨਾਲ ਮਿਲ ਕੇ ਲੋਕਾਂ 'ਤੇ ਜ਼ੁਲਮ ਕਰਨ ਦਾ ਕੋਈ ਨਾ ਕੋਈ ਮੌਕਾ ਲੱਭ ਲੈਂਦੇ। ਡਾ. ਦੀਵਾਨ ਸਿੰਘ ਕਾਲੇਪਾਣੀ ਲੋਕਾਂ ਨੂੰ ਉਨ੍ਹਾਂ ਦੀਆਂ ਵਧੀਕੀਆਂ ਤੋਂ ਬਚਾਉਣ ਲਈ ਨਿਰੰਤਰ ਯਤਨਸ਼ੀਲ ਰਹਿੰਦੇ ਸਨ। ਇਹ ਗੱਲ ਜ਼ਾਲਮ ਅਫ਼ਸਰਾਂ ਨੂੰ ਬਹੁਤ ਰੜਕ ਰਹੀ ਸੀ। ਇਕ ਵਾਰੀ ਉਨ੍ਹਾਂ ਨੇ ਗੁਰਦੁਆਰਾ ਸਾਹਿਬ ਨੂੰ ਕੁਕਰਮ ਕਰਨ ਲਈ ਹੱਥ ਪਾਉਣ ਦਾ ਕੋਝਾ ਯਤਨ ਕੀਤਾ। ਜਪਾਨੀ ਫ਼ੌਜਾਂ ਲਈ ਕੋਰੀਆ ਤੋਂ ਕੁਝ ਲੜਕੀਆਂ ਆਉਣ ਵਾਲੀਆਂ ਸਨ, ਜਿਨ੍ਹਾਂ ਨੂੰ Comfort Girls ਕਿਹਾ ਜਾਂਦਾ ਸੀ, ਉਨ੍ਹਾਂ ਨੂੰ ਰੱਖਣ ਅਤੇ ਅੱਯਾਸ਼ੀ ਕਰਨ ਵਾਸਤੇ ਗੁਰਦੁਆਰਾ ਸਾਹਿਬ 'ਤੇ ਕਬਜ਼ਾ ਕਰਨ ਦਾ ਯਤਨ ਕੀਤਾ ਗਿਆ। ਡਾ. ਦੀਵਾਨ ਸਿੰਘ ਨੇ ਇਸ ਦਾ ਸਖ਼ਤ ਵਿਰੋਧ ਕੀਤਾ ਅਤੇ ਗੈਰ-ਇਖ਼ਲਾਕੀ ਕੰਮਾਂ ਵਾਸਤੇ ਗੁਰੂ-ਘਰ ਦੀ ਜਗ੍ਹਾ ਦੇਣ ਲਈ ਸਖ਼ਤ ਸ਼ਬਦਾਂ ਵਿਚ ਇਨਕਾਰ ਕਰ ਦਿੱਤਾ। ਜਪਾਨ ਦੇ ਫ਼ੌਜੀ ਅਫ਼ਸਰਾਂ ਅਤੇ ਉਨ੍ਹਾਂ ਦੇ ਭਾਰਤੀ ਸਾਥੀਆਂ ਨੇ ਇਸ ਗੱਲ ਤੋਂ ਡਾ. ਦੀਵਾਨ ਸਿੰਘ ਕਾਲੇਪਾਣੀ ਨੂੰ ਸਬਕ ਸਿਖਾਉਣ ਦਾ ਮਨ ਬਣਾ ਲਿਆ।

ਡਾ. ਦੀਵਾਨ ਸਿੰਘ 'ਤੇ ਅੰਗਰੇਜ਼ਾਂ ਦੀ ਮੁਖ਼ਬਰੀ ਕਰਨ ਦਾ ਦੋਸ਼ ਲਾ ਕੇ ਜੇਲ੍ਹ ਵਿਚ ਸੁੱਟ ਦਿੱਤਾ ਗਿਆ। ਇੱਥੇ ਆਉਣ ਵਾਲਿਆਂ 'ਤੇ ਅਜਿਹੇ ਅੱਤਿਆਚਾਰ ਕੀਤੇ ਜਾਂਦੇ ਸਨ ਕਿ ਕੈਦੀ ਮੌਤ ਮੰਗਣ ਲੱਗ ਪੈਂਦੇ ਸਨ। ਜੇਲ੍ਹ ਦੇ ਅੱਤਿਆਚਾਰਾਂ ਵਿਚ ਟਿਕਟਿਕੀ ਵਿਚ ਹੱਥ-ਪੈਰ ਜਕੜ ਕੇ ਬੇਤਹਾਸ਼ਾ ਕੁੱਟਮਾਰ ਕਰਨੀ, ਕੁੱਟ-ਕੁੱਟ ਕੇ ਹੱਡੀਆਂ ਤੋੜ ਦੇਣੀਆਂ, ਕਰੰਟ ਲਾਉਣੇ, ਮੋਮਬੱਤੀਆਂ ਨਾਲ ਸਰੀਰ ਦੇ ਅੰਗਾਂ ਨੂੰ ਸਾੜਨਾ, ਵਾਲ ਪੁੱਟਣੇ, ਜਮੂਰਾਂ ਨਾਲ ਮਾਸ ਖਿੱਚਣਾ, ਬਿਨਾਂ ਸੀਟ ਵਾਲੀ ਕੁਰਸੀ 'ਤੇ ਬਿਠਾ ਕੇ ਹੇਠਾਂ ਅੱਗ ਬਾਲ ਦੇਣੀ, ਗਰਮ ਪਾਣੀ ਪਾਉਣਾ, ਮੂੰਹ ਵਿਚ ਜਬਰੀ ਪਾਣੀ ਪਾ ਕੇ ਪਹਿਲਾਂ ਢਿੱਡ ਫੁਲਾ ਦੇਣਾ ਅਤੇ ਫਿਰ ਸਰੀਰ 'ਤੇ ਚੜ੍ਹ ਕੇ ਪਾਣੀ ਬਾਹਰ ਕੱਢਣਾ, ਉਂਗਲੀਆਂ ਦੇ ਪੋਟਿਆਂ ਵਿਚ ਗਰਮ-ਗਰਮ ਕਿੱਲਾਂ ਖੁਭੋ ਦੇਣੀਆਂ, ਡੌਲੇ ਜਾਂ ਪੱਟਾਂ ਨੂੰ ਚੀਰ ਕੇ ਵਿਚ ਲੂਣ ਪਾ ਦੇਣਾ, ਕਈ-ਕਈ ਦਿਨ ਛੋਟੇ ਜਿਹੇ ਪਿੰਜਰੇ ਵਿਚ ਬੰਦ ਕਰ ਦੇਣਾ ਆਦਿ ਸ਼ਾਮਲ ਸਨ। ਅਜਿਹੇ ਜ਼ੁਲਮਾਂ ਦੌਰਾਨ ਕੈਦੀਆਂ ਦੀਆਂ ਚੀਕ਼ਾਂ ਸੁਣਨ ਵਾਲਾ ਕੋਈ ਨਹੀਂ ਸੀ ਹੁੰਦਾ ਅਤੇ ਇੰਨੀ ਕੁੱਟ-ਮਾਰ ਤੋਂ ਬਾਅਦ ਉਹ ਅਕਸਰ ਬੇਹੋਸ਼ ਹੋ ਜਾਇਆ ਕਰਦੇ ਸਨ। ਜ਼ੁਲਮ ਅਤੇ ਜ਼ਖ਼ਮਾਂ ਤੋਂ ਤੰਗ ਆ ਕੇ ਕਈ ਕੈਦੀ ਖੁਦਕੁਸ਼ੀ ਕਰ ਲੈਂਦੇ ਅਤੇ ਕਈ ਪਾਗਲ ਹੋ ਜਾਂਦੇ ਸਨ। ਇਸ ਤੋਂ ਇਲਾਵਾ ਬਹੁਤ ਜ਼ਿਆਦਾ ਸਰੀਰਕ ਕੰਮ ਕਰਾਉਣਾ, ਖਾਣ ਲਈ ਬਹੁਤ

ਹੀ ਘਟੀਆ ਭੋਜਨ ਦੇਣਾ, ਬਿਮਾਰ ਹੋਣ 'ਤੇ ਕਈ-ਕਈ ਦਿਨ ਦਵਾਈ ਨਾ ਲੈਣ ਦੇਣੀ ਆਦਿ ਅਜਿਹੇ ਤਰੀਕੇ ਸਨ ਜਿਹੜੇ ਕੈਦੀਆਂ ਨੂੰ ਘੋਰ ਸਰੀਰਕ ਅਤੇ ਮਾਨਸਿਕ ਪੀੜਾ ਦਿੰਦੇ ਸਨ। ਕੈਦੀਆਂ ਲਈ ਸੈਲੂਲਰ ਜੇਲ੍ਹ ਕਿਸੇ ਨਰਕ ਤੋਂ ਘੱਟ ਨਹੀਂ ਸੀ।

ਡਾ. ਦੀਵਾਨ ਸਿੰਘ ਨੂੰ ਜੇਲ੍ਹ ਵਿਚ ਲਿਆ ਕੇ ਤਰ੍ਹਾਂ-ਤਰ੍ਹਾਂ ਦੇ ਜ਼ੁਲਮ ਕੀਤੇ ਗਏ। ਲਗਾਤਾਰ ਇਹ ਯਤਨ ਕੀਤਾ ਗਿਆ ਕਿ ਇਨ੍ਹਾਂ ਨੂੰ ਇੰਨੇ ਤਸੀਹੇ ਦਿੱਤੇ ਜਾਣ ਕਿ ਇਹ ਆਪ ਹੀ ਅੰਗਰੇਜ਼ਾਂ ਦਾ ਮੁਖ਼ਬਰ ਹੋਣਾ ਪ੍ਰਵਾਨ ਕਰ ਲੈਣ। ਅਨੇਕਾਂ ਤਰ੍ਹਾਂ ਦੇ ਤਸੀਹੇ ਝੱਲ ਕੇ ਵੀ ਜਦੋਂ ਇਨ੍ਹਾਂ ਨੇ ਜਪਾਨੀਆਂ ਦੀ ਗੱਲ ਮੰਨਣ ਤੋਂ ਇਨਕਾਰ ਕਰ ਦਿੱਤਾ ਤਾਂ ਇਨ੍ਹਾਂ ਦੇ ਸਾਥੀਆਂ ਨੂੰ ਫੜ ਲਿਆ ਗਿਆ ਤਾਂ ਕਿ ਉਨ੍ਹਾਂ ਦੀ ਗਵਾਹੀ ਨਾਲ ਡਾ. ਦੀਵਾਨ ਸਿੰਘ ਕਾਲੇਪਾਣੀ ਨੂੰ ਦੋਸ਼ੀ ਸਾਬਤ ਕੀਤਾ ਜਾ ਸਕੇ। ਸੂਬਾ ਸਿੰਘ ਦੱਸਦੇ ਹਨ ਕਿ ਡਾ. ਦੀਵਾਨ ਸਿੰਘ ਨਾਲ ਜਾਸੂਸੀ ਦੇ ਇਲਜ਼ਾਮ ਵਿਚ ਕੋਈ ਸੱਤਰ ਆਦਮੀ ਫੜੇ ਗਏ ਸਨ। ਜਪਾਨੀਆਂ ਨੇ ਪੰਜਾਬੀ ਸਟੱਡੀ ਸਰਕਲ ਦਾ ਰਜਿਸਟਰ ਚੁੱਕਿਆ ਅਤੇ ਜਿਸ-ਜਿਸ ਦਾ ਨਾਂ ਉਸ ਵਿਚ ਦਰਜ ਸੀ ਉਸ ਨੂੰ ਜੇਲ੍ਹ ਵਿਚ ਜਕੜ ਲਿਆਂਦਾ। ਇਉਂ ਉਨ੍ਹਾਂ ਵਿਚਾਰਿਆਂ ਦਾ ਪੰਜਾਬੀ ਭਾਸ਼ਾ ਨਾਲ ਪਿਆਰ ਹੀ ਜਾਨ ਦਾ ਵੈਰੀ ਹੋ ਗਿਆ। ਉਨ੍ਹਾਂ ਉੱਪਰ ਬੇਪਨਾਹ ਤਸ਼ੱਦਦ ਕੀਤਾ ਗਿਆ।

ਡਾ. ਦੀਵਾਨ ਸਿੰਘ ਕਾਲੇਪਾਣੀ ਦੇ ਜਿਹੜੇ ਸਾਥੀਆਂ ਨੂੰ ਫੜਿਆ ਗਿਆ ਸੀ ਉਨ੍ਹਾਂ ਵਿਚ ਕਰਨਾਲ ਦੀ ਇਕ ਬੀਬੀ ਕੇਸਰੋ ਕੌਰ ਵੀ ਸ਼ਾਮਲ ਸੀ ਜਿਹੜੀ ਕਿ ਡਾ. ਸਾਹਿਬ ਨੂੰ ਪਿਤਾ ਸਮਾਨ ਮੰਨਦੀ ਸੀ। ੨੫-੩੦ ਸਾਲ ਦੀ ਇਸ ਬੀਬੀ 'ਤੇ ਅਣਮਨੁੱਖੀ ਤਸ਼ੱਦਦ ਕੀਤਾ ਗਿਆ ਪਰ ਉਸ ਨੇ ਡਾ. ਦੀਵਾਨ ਸਿੰਘ ਖ਼ਿਲਾਫ਼ ਝੂਠੀ ਗਵਾਹੀ ਦੇਣੀ ਪ੍ਰਵਾਨ ਨਾ ਕੀਤੀ। ਇਨ੍ਹਾਂ ਦੇ ਸਮੂਹ ਸਾਥੀ ਜ਼ੁਲਮ ਸਹਿੰਦੇ ਰਹੇ ਪਰ ਡਾ. ਸਾਹਿਬ ਵਿਰੁੱਧ ਕੋਈ ਅਜਿਹਾ ਬਿਆਨ ਨਾ ਦਿੱਤਾ ਜਿਸ ਨਾਲ ਉਨ੍ਹਾਂ 'ਤੇ ਦੇਸ਼-ਧਰੋਹ ਦਾ ਮੁਕੱਦਮਾ ਸਾਬਿਤ ਕੀਤਾ ਜਾ ਸਕਦਾ। ਡਾ. ਦੀਵਾਨ ਸਿੰਘ ਕਾਲੇਪਾਣੀ 'ਤੇ ਲਗਾਤਾਰ ੮੨ ਦਿਨ ਤਸ਼ੱਦਦ ਕੀਤਾ ਗਿਆ ਪਰ ਇਨ੍ਹਾਂ ਨੇ ਜਪਾਨੀਆਂ ਦੁਆਰਾ ਲਗਾਏ ਝੂਠੇ ਦੋਸ਼ਾਂ ਨੂੰ ਪ੍ਰਵਾਨ ਨਾ ਕੀਤਾ। ੧੩ ਜਨਵਰੀ ਦੀ ਰਾਤ ਨੂੰ ਕੀਤੇ ਗਏ ਤਸ਼ੱਦਦ ਕਾਰਨ ਇਨ੍ਹਾਂ ਦੀ ਆਤਮਾ ਸਰੀਰ ਨੂੰ ਅਲਵਿਦਾ ਕਹਿ ਗਈ। ੧੪ ਜਨਵਰੀ ਨੂੰ ਜੇਲ੍ਹ ਵਿੱਚੋਂ ਬਾਹਰ ਦੂਰ ਲਿਜਾ ਕੇ ਗੈਰ-ਰਸਮੀ ਤਰੀਕੇ ਨਾਲ ਇਨ੍ਹਾਂ ਦਾ ਸਸਕਾਰ ਕਰ ਦਿੱਤਾ ਗਿਆ।

ਡਾ. ਦੀਵਾਨ ਸਿੰਘ ਕਾਲੇਪਾਣੀ ਇਕ ਅਜਿਹੀ ਸ਼ਖ਼ਸੀਅਤ ਸਨ ਜਿਹੜੇ ਆਪਣੀ ਬੋਲੀ, ਧਰਮ ਅਤੇ ਸੱਭਿਆਚਾਰ ਨੂੰ ਪਿਆਰ ਕਰਨ ਦੇ ਨਾਲ-ਨਾਲ ਲੋਕਾਂ ਦੇ ਹਮਦਰਦ ਵੀ ਸਨ। ਸਥਾਨਕ ਲੋਕਾਂ 'ਤੇ ਇਨ੍ਹਾਂ ਦੇ ਪਰਉਪਕਾਰਾਂ ਦਾ ਵਿਸ਼ੇਸ਼ ਪ੍ਰਭਾਵ ਸੀ। ਜਿਹੜਾ ਗੁਰਦੁਆਰਾ ਡਾ. ਦੀਵਾਨ ਸਿੰਘ ਕਾਲੇਪਾਣੀ ਨੇ ਬਣਾਇਆ ਸੀ ਉਹ ਵੀ ਇਨ੍ਹਾਂ ਨੂੰ ਸਮਰਪਿਤ ਕਰ ਦਿੱਤਾ ਗਿਆ। ਹੁਣ ਉਸ ਗੁਰਦੁਆਰੇ ਦਾ ਨਾਂ 'ਗੁਰਦੁਆਰਾ ਡਾ. ਦੀਵਾਨ ਸਿੰਘ' ਹੈ। ਇਸ ਗੁਰਦੁਆਰੇ ਦੇ ਸਾਹਮਣੇ ਹੀ ਉਨ੍ਹਾਂ ਦਾ ਇਕ ਬੁੱਤ ਲਗਾਇਆ ਗਿਆ ਹੈ ਜਿਹੜਾ ਕਿ ੨ ਅਗਸਤ ੨੦੧੨ ਈ. ਨੂੰ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਨੇ ਸੰਗਤ ਨੂੰ ਸਮਰਪਿਤ ਕੀਤਾ ਸੀ।

■

# ਬੀਬੀ ਸੁੱਖਾਂ

*-ਡਾ. ਅਮਰਜੀਤ ਕੌਰ**

ਬਾਬਾ ਬੁੱਢਾ ਸਾਹਿਬ ਜੀ ਦੇ ਪਰਵਾਰ ਦੀ ਅੰਸ-ਬੰਸ ਬ੍ਰਹਮਗਿਆਨੀ ਭਾਈ ਗੁਰਬਖਸ਼ ਸਿੰਘ ਉਰਫ਼ ਭਾਈ ਰਾਮ ਕੁੰਵਰ ਜੀ ਦੀ ਸਪੁੱਤਰੀ ਬੀਬੀ ਸੁੱਖਾਂ ਜੀ ਸਨ ਜਿਨ੍ਹਾਂ ਦਾ ਵਿਆਹ ਨੌਸ਼ਹਿਰਾ ਢਾਲਾ ਦੇ ਚੌਧਰੀ ਮਤਾਬ ਰਾਏ ਦੇ ਸਪੁੱਤਰ ਨਾਲ ਹੋਇਆ ਸੀ।

ਬਾਬਾ ਬੁੱਢਾ ਜੀ ਦੇ ਚਾਰ ਸਪੁੱਤਰ ਭਾਈ ਸੁਧਾਰੀ ਜੀ, ਭਾਈ ਭਿਖਾਰੀ ਜੀ, ਭਾਈ ਮਹਿਮੂ ਅਤੇ ਭਾਈ ਭਾਨਾ ਜੀ ਸਨ। ਭਾਈ ਭਾਨਾ ਜੀ ਦੀ ਬਾਂਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਬਾਬਾ ਬੁੱਢਾ ਜੀ ਨੇ ਆਪਣੇ ਜਿਉਂਦੇ ਜੀਅ ਫੜਾ ਦਿੱਤੀ ਸੀ ਤੇ ਭਾਈ ਭਾਨਾ ਜੀ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿਚ ਸਮਰਪਿਤ ਹੋ ਗਏ ਸਨ। ਭਾਈ ਭਾਨਾ ਜੀ ਦੇ ਦੋ ਸਪੁੱਤਰ ਭਾਈ ਜਲਾਲ ਜੀ ਅਤੇ ਭਾਈ ਸਰਵਣ ਜੀ ਸਨ। ਭਾਈ ਸਰਵਣ ਜੀ ਦੇ ਸਪੁੱਤਰ ਭਾਈ ਝੰਡਾ ਜੀ ਸਨ ਅਤੇ ਭਾਈ ਝੰਡਾ ਜੀ ਦੇ ਦੋ ਸਪੁੱਤਰ ਭਾਈ ਹਰਦਿੱਤਾ ਜੀ ਅਤੇ ਭਾਈ ਗੁਰਦਿੱਤਾ ਜੀ ਸਨ। ਭਾਈ ਗੁਰਦਿੱਤਾ ਜੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਅੰਤਿਮ ਸਮੇਂ ਦਿੱਲੀ ਦੇ ਚਾਂਦਨੀ ਚੌਂਕ ਵਿਚ ਸਨ। ਉਹ ਗੁਰੂ ਜੀ ਦੀ ਸ਼ਹੀਦੀ ਦੇ ਸਮੇਂ ਆਈ ਕਾਲੀ-ਬੋਲੀ ਹਨ੍ਹੇਰੀ ਵਿਚ ਵੈਰਾਗਵਾਨ ਹੋਏ ਮਜਨੂੰ ਟਿੱਲੇ ਪੁੱਜ ਕੇ ਅਕਾਲ ਚਲਾਣਾ ਕਰ ਗਏ ਸਨ, ਜਿਨ੍ਹਾਂ ਦਾ ਅੰਤਮ ਸਸਕਾਰ ਦਿੱਲੀ ਦੇ ਸਿੱਖਾਂ ਨੇ ਜਮਨਾ ਪਾਰ ਬਾਬਾ ਬੁੱਢਾ ਜੀ ਦੇ ਸਥਾਨ 'ਤੇ ਕਰ ਦਿੱਤਾ ਸੀ। ਭਾਈ ਗੁਰਦਿੱਤਾ ਜੀ ਦੇ ਸਪੁੱਤਰ ਭਾਈ ਗੁਰਬਖਸ਼ ਸਿੰਘ ਉਰਫ਼ ਭਾਈ ਰਾਮ ਕੁੰਵਰ ਜੀ ਸਨ।

ਭਾਈ ਰਾਮ ਕੁੰਵਰ ਜੀ ਦੇ ਤਿੰਨ ਸਪੁੱਤਰ ਭਾਈ ਮੋਹਨ ਸਿੰਘ, ਭਾਈ ਅਨੂਪ ਸਿੰਘ ਅਤੇ ਭਾਈ ਕ੍ਰਿਸ਼ਨ ਕੁੰਵਰ ਜੀ ਸਨ ਅਤੇ ਦੋ ਬੇਟੀਆਂ ਬੀਬੀ ਸੁੱਖਾਂ ਜੀ ਅਤੇ ਬੀਬੀ ਧਰਮੋ ਜੀ ਸਨ। ਭਾਈ ਰਾਮ ਕੁੰਵਰ ਜੀ ਬ੍ਰਹਮ ਗਿਆਨੀ ਸਨ ਜੋ ਕਰੀਬ ਸਮਾਧੀ ਵਿਚ ਹੀ ਰਹਿੰਦੇ ਸਨ। ਘਰ ਦੇ ਸਾਰੇ ਕੰਮ ਬਾਬਾ ਹਰਦਿੱਤਾ ਜੀ ਕਰਦੇ ਹਨ। ਇਸ ਸਮੇਂ ਤਕ ਝੰਡੇ ਰਾਮਦਾਸ ਪੁਰੇ ਦੀ ਰਿਆਸਤ ਵੀ ਬਹੁਤ ਵੱਡੀ ਹੋ ਚੁੱਕੀ ਸੀ। ਭਾਈ ਮੋਹਰ ਸਿੰਘ ਦੇ ਸਮੇਂ ਪੰਜ ਸੌ ਤੋਂ ਵੱਧ ਪਿੰਡ ਇਸ ਰਿਆਸਤ ਵਿਚ ਸਨ। ਕਹਿਣ ਤੋਂ ਭਾਵ ਇਹ ਇਕ ਸ਼ਾਹੀ ਰਿਆਸਤ ਦੇ ਮਾਲਕ ਸਨ।

ਬੀਬੀ ਸੁੱਖਾਂ ਜੀ ਦਾ ਰਿਸ਼ਤਾ ਭਾਈ ਹਰਦਿੱਤਾ ਜੀ ਨੇ ਨੌਸ਼ਹਿਰੇ ਢਾਲਾ ਦੇ ਚੌਧਰੀਆਂ ਦੇ ਘਰ ਕੀਤਾ। ਉਸ ਸਮੇਂ ਪੱਟੀ ਇਕ ਮੁਗ਼ਲ ਸਰਕਾਰ ਸੀ, ਜਿੱਥੇ ਨੌ ਲੱਖ ਦਾ ਲਗਾਨ ਤਰਦਾ ਸੀ। ਇਸ ਵਿਚ ਤਿੰਨ ਲੱਖ ਨੌਸ਼ਹਿਰੇ ਪੰਨੂਆਂ ਦੇ ਚੌਧਰੀ, ਤਿੰਨ ਲੱਖ ਝਬਾਲ ਦੇ ਚੌਧਰੀ ਅਤੇ ਤਿੰਨ ਲੱਖ ਦਾ ਮਾਮਲਾ ਨੌਸ਼ਹਿਰੇ ਢਾਲਾ ਦੇ ਸਰਦਾਰ ਭਰਦੇ ਸਨ। ਇਸੇ ਕਰਕੇ ਪੱਟੀ ਨੂੰ ਹੁਣ ਤਕ 'ਨੌ ਲੱਖੀ ਪੱਟੀ' ਕਿਹਾ ਜਾਂਦਾ ਹੈ। ਇਹ ਤਿੰਨੇ ਚੌਧਰੀ

*ਪਿੰਡ ਤੇ ਡਾਕ: ਇੱਬਣ ਕਲਾਂ, ਝਬਾਲ ਰੋਡ, ਸ੍ਰੀ ਅੰਮ੍ਰਿਤਸਰ। ਮੋ: +੯੧੯੮੮੦੬-੩੫੧੯੭

ਸੌ-ਸੌ ਪਿੰਡਾਂ ਦੇ ਮਾਲਕ ਸਨ।

ਨੌਸ਼ਹਿਰੇ ਢਾਲੇ ਦਾ ਚੌਧਰੀ ਸਾਹਿਬ ਰਾਏ ਸੀ ਜੋ ਮੁਗ਼ਲਾਂ ਦਾ ਖੈਰ-ਖਾਹ ਸੀ। ਇਹੀ ਚੌਧਰੀ ਭਾਈ ਤਾਰਾ ਸਿੰਘ 'ਵਾਂ' ਅਤੇ ੨੨ ਸਿੰਘਾਂ ਦੀ ਸ਼ਹੀਦੀ ਦਾ ਕਾਰਨ ਬਣਿਆ ਸੀ। ਇਹ ਦੋ ਭਰਾ ਸਨ। ਇਸ ਦਾ ਦੂਜਾ ਭਰਾ ਮਤਾਬ ਰਾਏ ਸੀ। ਸਾਹਿਬ ਰਾਏ ਜਿੰਨਾ ਦੁਸ਼ਟ ਸੀ, ਮਤਾਬ ਰਾਏ ਉਨਾ ਹੀ ਗੁਰਸਿੱਖ ਸੀ। ਉਹ ਗੁਰੂ-ਘਰ ਨੂੰ ਮੰਨਣ ਵਾਲਾ ਸੀ ਅਤੇ ਇਸ ਦੇ ਨਾਲ ਹੀ ਮਿਲਵਰਤਨੀਆ ਸੀ।

ਭਾਈ ਮੰਗਲ ਸਿੰਘ ਮਾਮੂਪੁਰੀਆ ਦੁਆਰਾ ਲਿਖੇ ਗ੍ਰੰਥ 'ਜੀਵਨ ਚਰਿੱਤ੍ਰ ਬਾਬਾ ਬੁੱਢਾ ਸਾਹਿਬ' ਜੀ ਅਨੁਸਾਰ ਜਦੋਂ ਨੌਸ਼ਹਿਰੇ ਢਾਲਾ ਤੋਂ ਬੀਬੀ ਸੁੱਖਾਂ ਨੂੰ ਵਿਆਹੁਣ ਲਈ ਬਰਾਤ ਝੰਡੇ ਰਾਮਦਾਸਪੁਰ ਪੁੱਜੀ ਤਾਂ ਤਿੰਨ ਦਿਨ ਬਰਾਤ ਉੱਥੇ ਰਹੀ। ਬਰਾਤੀ ਰੋਜ਼ ਭਾਈ ਰਾਮ ਕੁੰਵਰ ਜੀ ਦੇ ਦਰਸ਼ਨ ਕਰਨ ਜਾਂਦੇ, ਚਰਨ ਸਪਰਸ਼ ਕਰਦੇ ਤੇ ਵਾਪਸ ਚਲੇ ਜਾਂਦੇ ਤਾਂ ਭਾਈ ਕੁੰਵਰ ਜੀ ਆਪਣੇ ਸੇਵਕ ਭਾਈ ਰਾਮਾ ਜੀ ਨੂੰ ਪੁੱਛਣ ਲੱਗੇ, "ਭਾਈ ਰਾਮਿਆ! ਇਹ ਕੌਣ ਭਲੇ ਲੋਕ ਹਨ, ਜੋ ਰੋਜ਼ ਆਉਂਦੇ ਹਨ?" ਅੱਗੋਂ ਭਾਈ ਰਾਮਾ ਨੇ ਦੱਸਿਆ ਕਿ ਬਰਾਤੀ ਹਨ, ਜੋ ਬੀਬੀ ਸੁੱਖਾਂ ਨੂੰ ਵਿਆਹੁਣ ਆਏ ਹਨ। ਇਹ ਸੁਣ ਕੇ ਭਾਈ ਰਾਮ ਕੁੰਵਰ ਜੀ ਨੇ ਬਚਨ ਕੀਤਾ, ਭਾਈ ਰਾਮਿਆ! "ਜਿਹੋ ਜਿਹੇ ਸੁਣਦੇ ਸੀ, ਉਹੋ ਜਿਹੇ ਹੀ ਹਨ। ਉਨ੍ਹਾਂ ਨੇ ਫਿਰ ਬੀਬੀ ਦੇ ਪਤੀ ਨੂੰ ਆਪਣੇ ਕੋਲ ਸੱਦ ਕੇ ਪਿਆਰ ਦਿੱਤਾ ਤੇ ਕਿਹਾ ਬੀਬੀ ਸੁੱਖਾਂ ਦਾ ਪਰਵਾਰ ਬਹੁਤ ਵਧੇ ਫੁਲੇਗਾ। ਧਨ- ਦੌਲਤ ਦੀ ਕਦੀ ਕਮੀ ਨਹੀਂ ਆਏਗੀ।" ਚੌਧਰੀ ਮਤਾਬ ਰਾਏ ਤੇ ਸਾਹਿਬ ਰਾਏ ਦੋਹਾਂ ਦੀਆਂ ਹਵੇਲੀਆਂ ਸਨ। ਸਾਹਿਬ ਰਾਏ ਦੀ ਹਵੇਲੀ ਤਾਂ ਸਿੰਘਾਂ ਨੇ ਹੀ ਨਸ਼ਟ ਕਰ ਦਿੱਤੀ ਸੀ। ਉਸ ਨੂੰ ਉਸ ਦੇ ਪਾਪਾਂ ਦੀ ਸਜ਼ਾ ਦੇ ਦਿੱਤੀ ਸੀ। ਲੇਕਿਨ ਮਤਾਬ ਰਾਏ ਦੀ ਹਵੇਲੀ ਕਾਇਮ ਰਹੀ। ਫਿਰ ਪਰਵਾਰ ਦੇ ਵਧਣ ਨਾਲ ਕੁਝ ਪਰਵਾਰ ਰਾਜਾਤਾਲ ਅਤੇ ਕੁਝ ਬੁਰਜ ਜਾ ਵੱਸੇ। ਬੀਬੀ ਸੁੱਖਾਂ ਦਾ ਕਮਰਾ ਅੱਖੀਂ ਵੇਖਣ ਦੀ ਗਵਾਹੀ ਇਸੇ ਹੀ ਪਰਵਾਰ ਦੇ ਭਾਈ ਗੁਲਜ਼ਾਰ ਸਿੰਘ ਭਰਦੇ ਹਨ।

੧੭੦੫ ਵਿਚ ਝਬਾਲ ਦੇ ਚੌਧਰੀ ਬਾਬਾ ਲੰਗਾਹ ਦੇ ਭਰਾ ਪੀਰੋ ਸ਼ਾਹ ਦੇ ਪਰਵਾਰ ਦੇ ਭਾਈ ਭਾਗ ਸਿੰਘ, ਭਾਈ ਦਿਲਬਾਗ ਸਿੰਘ ਸ੍ਰੀ ਮੁਕਤਸਰ ਦੀ ਜੰਗ ਵਿਚ ਸ਼ਹੀਦ ਹੋ ਗਏ। ਇਨ੍ਹਾਂ ਦੇ ਨਾਲ ਇਨ੍ਹਾਂ ਦੀ ਭੈਣ ਮਾਤਾ ਭਾਗੋ ਜੀ ਦਾ ਪਤੀ ਭਾਈ ਨਿਧਾਨ ਅਤੇ ਉਸ ਦਾ ਵੱਡਾ ਭਰਾ ਸੁਲਤਾਨ ਸਿੰਘ ਵੀ ਸ਼ਹੀਦ ਹੋ ਗਏ। ਮਾਤਾ ਭਾਗੋ ਜੀ ਦੇ ਦੋਵੇਂ ਭਰਾ, ਪਤੀ ਤੇ ਜੇਠ ਦੇ ਖਤਮ ਹੋ ਜਾਣ ਉਪਰੰਤ ਮਾਤਾ ਭਾਗੋ ਜੀ ਵਾਪਸ ਨਾ ਝਬਾਲ ਅਤੇ ਨਾ ਹੀ ਪੱਟੀ ਮੁੜੇ ਸਗੋਂ ਦਸਮੇਸ਼ ਪਿਤਾ ਜੀ ਦੇ ਨਾਲ ਹੀ ਨਾਂਦੇੜ ਪੁੱਜ ਗਏ। ਮਾਤਾ ਭਾਗੋ ਜੀ ਦਾ ਅੰਤਿਮ ਸਮਾਂ ਉੱਥੇ ਹੀ ਆਇਆ।

ਭਾਈ ਭਾਗ ਸਿੰਘ ਜੀ ਦੀ ਪਤਨੀ ਜੋ ਕਿ ਸ਼ਯਾਮ ਸਿੰਘ ਨਾਰਲੇ ਵਾਲਿਆਂ ਦੀ ਪੁੱਤਰੀ ਸੀ। ਉਸ ਦਾ ਛੋਟਾ ਬੱਚਾ ਬਘੇਲ ਸਿੰਘ ਸੀ। ਝਬਾਲ ਵਾਲੇ ਚੌਧਰੀਆਂ ਦੇ ਮਹੱਲ ਲਾਹੌਰ ਸਰਕਾਰ ਨੇ ਇਨ੍ਹਾਂ ਨੂੰ ਬਾਗੀ ਕਰਾਰ ਦੇਂਦਿਆਂ ਢਹਿ-ਢੇਰੀ ਕਰ ਦਿੱਤੇ। ਬੀਬੀ

ਧਰਮੀ ਬੱਚੇ ਨੂੰ ਲੈ ਕੇ ਪਹਿਲਾਂ ਨਾਰਲੇ ਚਲੀ ਗਈ, ਫਿਰ ਸੁਰੱਖਿਆ ਨੂੰ ਮੁੱਖ ਰੱਖਦਿਆਂ ਬੀਬੀ ਧਰਮੀ ਤੇ ਬੱਚਾ ਬਘੇਲ ਸਿੰਘ ਬੀਬੀ ਸੁੱਖਾਂ ਦੀ ਹਿਫ਼ਾਜ਼ਤ ਵਿਚ ਪੁੱਜ ਗਏ। ਬਘੇਲ ਸਿੰਘ ਦੀ ਪਰਵਰਿਸ਼ ਬੀਬੀ ਸੁੱਖਾਂ ਨੇ ਆਪਣਾ ਪੁੱਤਰ ਬਣਾ ਕੇ ਕੀਤੀ। ਬੱਚੇ ਨੂੰ ਕਦੀ ਵੀ ਇਕੱਲਾ ਨਾ ਛੱਡਿਆ। ਰਾਮਦਾਸਪੁਰੇ ਜਾਣ ਸਮੇਂ ਵੀ ਬਘੇਲ ਸਿੰਘ ਨੂੰ ਨਾਲ ਰੱਖਿਆ। ਬ੍ਰਹਮ ਗਿਆਨੀ ਰਾਮ ਕੁੰਵਰ ਜੀ ਦੀਆਂ ਅਸੀਸਾਂ ਬੱਚੇ ਨੂੰ ਹਾਸਲ ਹੋਈਆਂ। ਜਦੋਂ ਬਘੇਲ ਸਿੰਘ ਜੁਆਨ ਹੋਇਆ ਤਾਂ ਬੀਬੀ ਸੁੱਖਾਂ ਨੇ ਕਸੇਲ ਦੇ ਸਰਦਾਰਾਂ ਦੀ ਧੀ ਰਤਨ ਕੌਰ ਨਾਲ ਵਿਆਹ ਕਰ ਦਿੱਤਾ।

ਇਹ ਸਿੱਖ ਮਿਸਲਾਂ ਦਾ ਸਮਾਂ ਸੀ। ਬਾਬਾ ਸ਼ਾਮ ਸਿੰਘ ਦਾ ਪੁੱਤਰ ਕਰੋੜਾ ਸਿੰਘ ਕਰੋੜੀਆ ਮਿਸਲ ਦਾ ਮੁਖੀ ਬਣਿਆ। ਫਿਰ ਕਰੋੜੀਆ ਮਿਸਲ ਦਾ ਮੁਖੀ ਸਰਦਾਰ ਬਘੇਲ ਸਿੰਘ ਝਬਾਲੀਆ ਬਣਿਆ, ਜਿਸ ਨੇ ਦਿੱਲੀ ਦੇ ਲਾਲ ਕਿਲ੍ਹੇ ਤਕ ਮੱਲਾਂ ਮਾਰੀਆਂ।

ਬੀਬੀ ਸੁੱਖਾਂ ਬਹੁਤ ਹੀ ਭਗਤੀ-ਭਾਵ ਵਾਲੀ ਨਾਮ ਸਿਮਰਨ ਵਿਚ ਲੀਨ ਰਹਿਣ ਵਾਲੀ ਇਸਤਰੀ ਸੀ। ਮੈਂ ਬੀਬੀ ਜੀ ਦੇ ਪਰਵਾਰ ਵਾਲਿਆਂ ਨੂੰ ਸੁਆਲ ਕੀਤਾ ਕਿ ਬੀਬੀ ਜੀ ਨੂੰ 'ਮਾਤਾ' ਕਹਿਣਾ ਬਣਦਾ ਹੈ। 'ਮਾਤਾ' ਕਿਉਂ ਨਹੀਂ ਕਿਹਾ ਜਾਂਦਾ? ਉੱਤਰ ਮਿਲਿਆ ਕਿ ਉਨ੍ਹਾਂ ਦਾ ਹੁਕਮ ਸੀ ਕਿ ਉਨ੍ਹਾਂ ਨੂੰ 'ਬੀਬੀ' ਹੀ ਕਿਹਾ ਜਾਵੇ।

ਬੀਬੀ ਸੁੱਖਾਂ ਦੇ ਮਹੱਲ ਜੋ ਸਮੇਂ ਨਾਲ ਢਹਿ-ਢੇਰੀ ਹੋ ਗਏ। ਹੁਣ ਉੱਥੇ ਬੀਬੀ ਸੁੱਖਾਂ ਜੀ ਦਾ ਗੁਰਦੁਆਰਾ ਸਾਹਿਬ ਬਣ ਰਿਹਾ ਹੈ। ਇਨ੍ਹਾਂ ਮਹੱਲਾਂ ਦੇ ਹੇਠਾਂ ਭੋਰੇ ਹਨ, ਨਾਲ ਖੂਹੀ ਹੈ ਭੋਰੇ ਵਿਚ ਪਾਣੀ ਲੈਣ ਦੀ ਵਿਵਸਥਾ ਹੈ। ਛੱਤਾਂ ਦੀਆਂ ਗੋਲ ਡਾਟਾਂ ਹਨ। ਹੁਣ ਇਹ ਪਰਵਾਰ ਦੀ ਮਾਲਕੀਅਤ ਨਹੀਂ ਹੈ ਬਲਕਿ ਸਾਰੇ ਪਿੰਡ ਦੀ ਹੈ। ਬੀਬੀ ਜੀ ਦਾ ਪਰਵਾਰ ਬਹੁਤ ਵਧਿਆ ਫੁਲਿਆ ਹੈ। ਸਾਰੇ ਦੇਸ਼-ਵਿਦੇਸ਼ਾਂ ਵੱਸ ਰਹੇ ਹਨ। ਸਭ ਰਈਸ ਹਨ।

ਬੀਬੀ ਨਵਨੀਤ ਕੌਰ ਪਤਨੀ ਸ. ਦਵਿੰਦਰਪਾਲ ਸਿੰਘ ਭੁੱਲਰ ਇਸ ਪਰਵਾਰ ਦੀ ਬੇਟੀ ਹੈ। ਜਿਸਦਾ ਪਤੀ ਵਿਆਹ ਤੋਂ ਕੇਵਲ ਚਾਰ ਮਹੀਨੇ ਬਾਅਦ ਤੋਂ ਹੁਣ ਤਕ ੨੩-੨੪ ਸਾਲਾਂ ਤੋਂ ਜੇਲ੍ਹ ਵਿਚ ਹੈ। ਜਿਸ ਨੂੰ ਛੁਡਾਉਣ ਲਈ ਬੀਬੀ ਨਵਨੀਤ ਕੌਰ ਯਤਨਸ਼ੀਲ ਹੈ।

ਨੌਸ਼ਹਿਰਾ ਢਾਲਾ ਬਿਲਕੁਲ ਸਰਹੱਦ ਦਾ ਪਿੰਡ ਹੈ, ਜਿਸ ਦੇ ਘਰਾਂ ਲਾਗੋਂ ਕੰਡਿਆਲੀ ਤਾਰ ਲੰਘਦੀ ਹੈ। ਬੀਬੀ ਸੁੱਖਾਂ ਦਾ ਅੰਤਿਮ ਸਮਾਂ ੨੪ ਅੱਸੂ ੧੮੩੪ ਬਿ. ਮੁਤਾਬਿਕ ੬ ਅਕਤੂਬਰ, ੧੭੭੭ ਈ. ਨੂੰ ਨੌਸ਼ਹਿਰੇ ਢਾਲੇ ਵਿਖੇ ਹੀ ਆਇਆ ਸੀ।

ਬੀਬੀ ਸੁੱਖਾਂ ਸਿੱਖ ਇਤਿਹਾਸ ਵਿਚ ਮਹੱਤਵਪੂਰਨ ਸਥਾਨ ਰੱਖਦੀ ਹੈ, ਜਿਸ ਨੇ ਕਰੋੜੀਆ ਮਿਸਲ ਦੇ ਸਰਦਾਰ ਬਘੇਲ ਸਿੰਘ ਦੀ ਪਰਵਰਿਸ਼ ਕੀਤੀ। ਜਿਸ ਦਾ ਅਠਾਰ੍ਹਵੀਂ ਸਦੀ ਦੇ ਮਿਸਲ ਕਾਲ ਵਿਚ ਅਹਿਮ ਸਥਾਨ ਹੈ।

■

*ਜੂਨ ੨੦੧੭ ਦਾ ਬਾਕੀ :*

# ਬਾਬਾ ਬੰਦਾ ਸਿੰਘ ਬਹਾਦਰ: ਪ੍ਰਮੁੱਖ ਯਾਦਗਾਰਾਂ

*-ਸ. ਸਿਮਰਜੀਤ ਸਿੰਘ**

ਏਨੀ ਭਿਆਨਕ ਜੰਗ ਦੇ ਬਾਵਜੂਦ ਬਾਬਾ ਜੀ ਨੇ ਕਿਸੇ ਮਸਜਿਦ ਨੂੰ ਨੁਕਸਾਨ ਨਹੀਂ ਪਹੁੰਚਾਇਆ, ਕਿਉਂਕਿ ਉਹ ਧਰਮ-ਵਿਰੋਧੀ ਨਹੀਂ ਸੀ, ਉਹ ਤਾਂ ਸਿਰਫ਼ ਜ਼ੁਲਮ ਅਤੇ ਜ਼ਾਲਮਾਂ ਦੇ ਵਿਰੋਧੀ ਸਨ।

ਸਰਹਿੰਦ ਫਤਿਹ ਕਰਨ ਤੋਂ ਬਾਅਦ ਬਾਬਾ ਜੀ ਨੇ ਆਪਣੇ ਬਹਾਦਰ ਸਿੰਘਾਂ ਨਾਲ ਇਕ ਦਰਬਾਰ ਲਗਾਇਆ ਜਿਸ ਵਿਚ ਇਲਾਕੇ ਦੇ ਮੰਨੇ-ਪ੍ਰਮੰਨੇ ਚੌਧਰੀ ਹਾਜ਼ਰ ਹੋਏ ਅਤੇ ਇਲਾਕੇ ਦੇ ਲੋਕਾਂ ਨੇ ਆਪਣੇ 'ਤੇ ਹੋਏ ਜ਼ੁਲਮ ਦੀ ਦਾਸਤਾਨ ਭਰੇ ਦਰਬਾਰ ਵਿਚ ਸੁਣਾਈ। ਇਸ ਮੌਕੇ ਤੇ ਚਰਨਾਰਥਲ ਦਾ ਚੌਧਰੀ ਪ੍ਰਤਾਪ ਰਾਏ, ਜਰਗ ਦਾ ਚੌਧਰੀ ਲਖਮੀਰ ਆਦਿ ਹਾਜ਼ਰ ਹੋਇਆ ਅਤੇ ਉਨ੍ਹਾਂ ਨੇ ਬਾਬਾ ਜੀ ਅੱਗੇ ਖਿਲਤ ਵੱਜੋਂ ਚਾਂਦੀ ਦੇ ਗੁਰਜ ਅਤੇ ਮੋਹਰਾਂ ਦੇ ਥਾਲ ਪੇਸ਼ ਕੀਤੇ। ਬਾਬਾ ਜੀ ਨੇ ਗੁਰਜ ਰੱਖ ਲਏ ਅਤੇ ਮੋਹਰਾਂ ਦੇ ਥਾਲਾਂ ਵਿੱਚੋਂ ਇਕ-ਇਕ ਮੋਹਰ ਰੱਖ ਕੇ ਬਾਕੀ ਦੀਆਂ ਮੋਹਰਾਂ ਚੌਧਰੀਆਂ ਨੂੰ ਹੀ ਇਲਾਕੇ ਅਤੇ ਗਰੀਬ ਲੋਕਾਂ ਦੀ ਭਲਾਈ ਹਿੱਤ ਵਾਪਸ ਕਰ ਦਿੱਤੀਆਂ। ਇੱਥੇ ਬਾਬਾ ਜੀ ਦੀ ਬਹਾਦਰੀ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਲੋਕ ਜਿਨ੍ਹਾਂ ਵਿਚ ਹਿੰਦੂ ਤੇ ਮੁਸਲਮਾਨ ਵੀ ਸਨ ਅੰਮ੍ਰਿਤ ਛਕ ਕੇ ਗੁਰੂ ਦੇ ਸਿੰਘ ਸਜ ਗਏ। ਇਨ੍ਹਾਂ ਵਿੱਚੋਂ ਦੀਨਦਾਰ ਖਾਂ ਅੰਮ੍ਰਿਤ ਛਕ ਕੇ ਦੀਨਦਾਰ ਸਿੰਘ ਬਣ ਗਿਆ। ਮੀਰ ਨਸੀਰ-ਉ-ਦੀਨ ਭਾਈ ਨਸੀਰ ਸਿੰਘ ਬਣ ਗਿਆ।

ਬਾਬਾ ਜੀ ਨੇ ਇਕ ਚੰਗੇ ਪ੍ਰਸ਼ਾਸਕ ਵਾਂਗ ਆਪਣੇ ਵੱਲੋਂ ਫਤਿਹ ਕੀਤੇ ਇਲਾਕੇ ਨੂੰ ਤਿੰਨ ਭਾਗਾਂ ਵਿਚ ਵੰਡ ਕੇ ਤਿੰਨ ਫ਼ੌਜਦਾਰ ਨਿਯੁਕਤ ਕਰ ਦਿਤੇ। ਬਾਬਾ ਬਾਜ ਸਿੰਘ ਨੂੰ ਸਰਹਿੰਦ ਦਾ, ਬਾਬਾ ਫਤਿਹ ਸਿੰਘ ਨੂੰ ਸਮਾਣੇ ਦਾ ਅਤੇ ਬਾਬਾ ਰਾਮ ਸਿੰਘ ਨੂੰ ਥਾਨੇਸਰ ਦਾ ਫ਼ੌਜਦਾਰ ਥਾਪ ਦਿੱਤਾ। ਬਾਬਾ ਆਲੀ ਸਿੰਘ ਨੂੰ ਬਾਬਾ ਬਾਜ ਸਿੰਘ ਦੀ ਸਹਾਇਤਾ ਵਾਸਤੇ ਅਤੇ ਬਾਬਾ ਬਿਨੋਦ ਸਿੰਘ ਨੂੰ ਬਾਬਾ ਰਾਮ ਦੀ ਸਹਾਇਤਾ ਲਈ ਨਾਇਬ ਫ਼ੌਜਦਾਰ ਥਾਪਿਆ। ਇਸੇ ਤਰ੍ਹਾਂ ਹੋਰ ਅਹੁਦਿਆਂ 'ਤੇ ਵੀ ਯੋਗ ਇਮਾਨਦਾਰ ਅਫਸਰ ਨਿਯੁਕਤ ਕੀਤੇ ਗਏ।

ਸਰਹਿੰਦ ਕੇਂਦਰੀ ਸਥਾਨ ਸੀ ਅਤੇ ਇਸਦੇ ੨੮ ਪਰਗਣਿਆਂ ਤੋਂ ੫੨ ਲੱਖ ਰੁਪਿਆਂ ਦੀ ਸਾਲਾਨਾ ਆਮਦਨੀ ਸੀ। ਇਸ ਜਿੱਤ ਨਾਲ ਕਰਨਾਲ ਤੋਂ ਲੁਧਿਆਣੇ ਤਕ ਦੇ ਇਲਾਕੇ ਦਾ ਲਗਾਨ ਖਾਲਸੇ ਨੂੰ ਮਿਲਣ ਲੱਗ ਗਿਆ।

ਇਸ ਪਿੱਛੋਂ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਐਲਾਨ ਕਰ ਦਿੱਤਾ ਕਿ ਜੇ ਕੋਈ ਮੁਸਲਮਾਨ ਖਾਲਸਾ ਫ਼ੌਜ ਵਿਚ ਭਰਤੀ ਹੋਣਾ ਚਾਹੁੰਦਾ ਹੈ ਤਾਂ ਉਨ੍ਹਾਂ ਨੂੰ ਨਮਾਜ ਰੋਜ਼ੇ ਦੀ ਪੂਰੀ ਖੁਲ੍ਹ ਹੋਵੇਗੀ। ਇਸ ਐਲਾਨ ਨਾਲ ਪੰਜ ਹਜ਼ਾਰ ਮੁਸਲਮਾਨ ਖਾਲਸਾਈ ਫ਼ੌਜ ਵਿਚ ਭਰਤੀ ਹੋ ਗਏ, ਇਨ੍ਹਾਂ ਵਿੱਚੋਂ ਬਹੁਤੇ ਬਾਅਦ ਵਿਚ ਸਿੱਖ ਹੀ ਬਣ ਗਏ। ਇਸ ਘਟਨਾ

**ਮੀਤ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।*

ਦੀ ਖ਼ਬਰ ੧੮ ਅਪ੍ਰੈਲ ੧੭੧੧ ਈ. ਨੂੰ ਬਾਦਸ਼ਾਹ ਨੂੰ ਭੇਜੀ ਗਈ ਜਿਸ ਦਾ ਜ਼ਿਕਰ ਡਾ. ਗੰਡਾ ਸਿੰਘ ਨੇ ਇਸ ਤਰ੍ਹਾਂ ਕੀਤਾ ਹੈ, "ਉਸ (ਬੰਦਾ ਸਿੰਘ) ਨੇ ਬਚਨ ਦਿੱਤਾ ਅਤੇ ਇਕਰਾਰ ਕੀਤਾ ਹੈ ਕਿ ਮੈਂ ਮੁਸਲਮਾਨਾਂ ਨੂੰ ਕੋਈ ਦੁੱਖ ਨਹੀਂ ਦਿੰਦਾ। ਚੁਨਾਂਚਿ ਜਿਸ ਭੀ ਮੁਸਲਮਾਨ ਦਾ ਉਸ ਵਲ ਰੁਜੂ ਹੁੰਦਾ ਹੈ ਉਹ (ਬੰਦਾ ਸਿੰਘ) ਉਸ ਦੀ ਦਿਹਾੜੀ ਅਤੇ ਤਨਖਾਹ ਨਿਯਤ ਕਰਕੇ ਉਸ ਦਾ ਧਿਆਨ ਰੱਖਦਾ ਹੈ ਅਤੇ ਉਸ ਨੂੰ ਆਗਿਆ ਦਿੱਤੀ ਹੈ ਕਿ ਨਮਾਜ ਅਤੇ ਖੁਤਬਾ ਜਿਵੇਂ (ਮੁਸਲਮਾਨ) ਚਾਹੁਣ ਪੜ੍ਹਨ। ਚੁਨਾਚਿ ਪੰਜ ਹਜ਼ਾਰ ਮੁਸਲਮਾਨ ਉਸ ਦੇ ਸਾਥੀ ਬਣ ਗਏ ਹਨ ਅਤੇ ਸਿੰਘਾਂ ਦੀ ਫ਼ੌਜ ਵਿਚ ਬਾਂਗ ਅਤੇ ਨਮਾਜ ਵੱਲੋਂ ਸੁਖ ਪਾ ਰਹੇ ਹਨ।"

**ਸੋਲਖੀਆਂ:** ਪਿੰਡ ਸੋਲਖੀਆਂ ਚੰਡੀਗੜ੍ਹ-ਰੋਪੜ ਮਾਰਗ 'ਤੇ ਸਥਿਤ ਹੈ। ਇਸ ਪਿੰਡ ਵਿਚ ਬਾਬਾ ਦੀਪ ਸਿੰਘ ਜੀ ਸ਼ਹੀਦ ਦੀ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਪ੍ਰੋ. ਗੰਡਾ ਸਿੰਘ ਅਨੁਸਾਰ ਪੰਥ ਦੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਨੇ ਸੂਬਾ ਸਰਹਿੰਦ ਵਜ਼ੀਰ ਖ਼ਾਂ ਨੂੰ ਉਸ ਦੇ ਕੀਤੇ ਅੱਤਿਆਚਾਰਾਂ ਦੀ ਸਜ਼ਾ ੧੭੧੦ ਈ. ਵਿਚ ਸਰਹਿੰਦ 'ਤੇ ਹਮਲਾ ਕਰ ਕੇ ਉਸ ਨੂੰ ਪਾਰ ਬੁਲਾ ਕੇ ਦਿੱਤੀ। ਸਰਹਿੰਦ ਦੇ ਕਿਲ੍ਹੇ ਤੋਂ ਮੁਗ਼ਲਈ ਝੰਡਾ ਲਾਹ ਕੇ ਖਾਲਸਾਈ ਨਿਸ਼ਾਨ ਝੁਲਾ ਦਿੱਤੇ। ਚੱਪੜ ਚਿੜੀ ਦੇ ਮੈਦਾਨ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀ ਗਹਿਗੱਚ ਲੜਾਈ ਸੂਬਾ ਸਰਹਿੰਦ ਨਾਲ ਹੋਈ ਤਾਂ ਇਸ ਯੁੱਧ ਵਿਚ ਬਾਬਾ ਦੀਪ ਸਿੰਘ ਜੀ ਨੇ ਵੀ ਆਪਣੇ ਜਥੇ ਸਮੇਤ ਸ਼ਮੂਲੀਅਤ ਕਰ ਕੇ ਵੈਰੀਆਂ ਦੇ ਐਸੇ ਦੰਦ ਖੱਟੇ ਕੀਤੇ ਕਿ ਮੁਗ਼ਲ ਫ਼ੌਜਾਂ ਨੂੰ ਭੱਜਦੀਆਂ ਨੂੰ ਰਾਹ ਨਹੀਂ ਸੀ ਲੱਭ ਰਿਹਾ।

ਸਰਹਿੰਦ ਦੀ ਫ਼ਤਿਹ ਤੋਂ ਬਾਅਦ ਬਾਬਾ ਦੀਪ ਸਿੰਘ ਜੀ ਵਾਪਸ ਜਾਂਦੇ ਸਮੇਂ ਆਪਣੇ ਜਥੇ ਨਾਲ ਪਿੰਡ ਸੋਲਖੀਆਂ ਠਹਿਰੇ ਸਨ ਅਤੇ ਇਕ ਦਿਨ ਵਿਸ਼ਰਾਮ ਕੀਤਾ। ਇਸ ਯਾਦ ਨੂੰ ਪਿੰਡ ਵਾਸੀਆਂ ਨੇ ਆਪਣੇ ਦਿਲ ਵਿਚ ਸਾਂਭ ਕੇ ਰੱਖਿਆ ਹੋਇਆ ਹੈ ਅਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸ ਯਾਦ ਨੂੰ ਤਾਜ਼ਾ ਰੱਖਣ ਲਈ ਗੁਰਦੁਆਰਾ ਸਾਹਿਬ ਸੁਸ਼ੋਭਿਤ ਕੀਤਾ ਹੈ।

**ਬੁੜੈਲ:** ਵਜ਼ੀਰ ਖਾਂ ਦੀ ਮੌਤ ਤੋਂ ਬਾਅਦ ਜਦੋਂ ਸਰਹਿੰਦ ਫ਼ਤਿਹ ਕਰ ਕੇ ਬੰਦਾ ਸਿੰਘ ਬਹਾਦਰ ਨੇ ਪੰਜਾਬ ਵਿਚ ਸਿੱਖ ਰਾਜ ਕਾਇਮ ਕੀਤਾ ਉਦੋਂ ਪਿੰਡ ਬੁੜੈਲ ਮੁਸਲਮਾਨ ਮੁਲਾਣਿਆਂ (ਰਈਸਾਂ) ਦਾ ਗੜ੍ਹ ਹੁੰਦਾ ਸੀ। ਅੱਜਕਲ ਇਸ ਪਿੰਡ ਦੀ ਜ਼ਮੀਨ 'ਤੇ ਚੰਡੀਗੜ੍ਹ ਦਾ ਸੈਕਟਰ ੪੪ ਬਣਿਆ ਹੋਇਆ ਹੈ। ਬੁੜੈਲ ਵਿਚ ਮੁਗ਼ਲ ਹਾਕਮ ਜਾਉਲਾ ਖਾਂ, ਰੁਸਤਮ ਖਾਂ ਅਤੇ ਸ਼ਮਸ ਖਾਂ ਰਹਿੰਦੇ ਸਨ। ਇਹ ਲੋਕਾਂ ਦਾ ਮਾਲ ਅਸਬਾਬ ਖੋਹ ਲੈਂਦੇ ਸਨ। ਹਿੰਦੂ ਇਸਤਰੀਆਂ ਦੇ ਡੋਲੇ ਜਦੋਂ ਇਸ ਇਲਾਕੇ ਵਿੱਚੋਂ ਲੰਘਦੇ ਤਾਂ ਇਹ ਹਾਕਮ ਧੱਕੇ ਨਾਲ ਉਨ੍ਹਾਂ ਨੂੰ ਬੁੜੈਲ ਦੇ ਕਿਲ੍ਹੇ ਵਿਚ ਲੈ ਜਾਂਦੇ ਸਨ। ਇਸ ਪਿੰਡ ਦੇ ਗਰੀਬਾਂ ਨੇ ਮੁਲਾਣਿਆਂ ਵੱਲੋਂ ਕੀਤੇ ਕੁਕਰਮਾਂ ਦਾ ਦੁਖੜਾ ਬਾਬਾ ਜੀ ਨੂੰ ਸੁਣਾਇਆ। ਬਾਬਾ ਬਾਜ ਸਿੰਘ ਦੀ ਕਮਾਨ ਹੇਠ ਸਿੰਘਾਂ ਦਾ ਜਥਾ ਬੁੜੈਲ ਪਹੁੰਚ ਗਿਆ। ਇਨ੍ਹਾਂ ਨੇ ਹਾਕਮ ਜਾਉਲਾ ਖਾਂ ਅਤੇ ਉਸ ਦੇ ਸਾਥੀਆਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ 'ਤੇ ਕੋਈ ਅਸਰ

ਨਾ ਹੋਇਆ। ਸਿੰਘਾਂ ਨੇ ਇਨ੍ਹਾਂ ਨਾਲ ਦੋ ਹੱਥ ਕਰਨ ਦੀ ਵਿਉਂਤ ਬਣਾਈ। ਸਿੰਘਾਂ ਨੇ ਇਨ੍ਹਾਂ ਨੂੰ ਇਕ ਬੇ-ਨਾਮ ਪੱਤਰ ਭਿਜਵਾਇਆ ਕਿ ਰੋਪੜ ਵੱਲੋਂ ਰਾਜਪੂਤਾਂ ਦੀਆਂ ਧੀਆਂ ਦੇ ਡੋਲ਼ੇ ਆ ਰਹੇ ਹਨ ਅਤੇ ਉਨ੍ਹਾਂ ਪਾਸ ਬੇ-ਸ਼ੁਮਾਰ ਧਨ ਵੀ ਹੈ। ਜਾਉਲਾ ਖਾਂ ਅਤੇ ਉਸ ਦੇ ਸਾਥੀ ਲਾਲਚ ਵਸ ਇਕ ਬਾਗ ਵਿਚ ਬੈਠ ਕੇ ਡੋਲ਼ਿਆਂ ਦਾ ਇੰਤਜ਼ਾਰ ਕਰਨ ਲੱਗ ਪਏ। ਕੁਝ ਦੇਰ ਬਾਅਦ ਸਿੰਘਾਂ ਦੇ ਭੇਜੇ ਹੋਏ ਖੋਤੇ ਬਾਗ ਨੇੜੇ ਆ ਗਏ। ਮੁਗ਼ਲਾਂ ਨੇ ਇਨ੍ਹਾਂ ਖੋਤਿਆਂ 'ਤੇ ਲੱਦੇ ਸਾਮਾਨ ਨੂੰ ਕੀਮਤੀ ਸਮਝ ਕੇ ਹੱਲਾ ਬੋਲ ਦਿੱਤਾ, ਪਰ ਕਾਬੂ ਕੀਤੇ ਖੋਤਿਆਂ ਤੋਂ ਇੱਟਾਂ ਰੋੜੇ ਹੀ ਮਿਲੇ। ਜਦੋਂ ਤਕ ਹਾਕਮ ਵਾਪਸ ਕਿਲ੍ਹੇ ਵਿਚ ਪਰਤੇ ਉਦੋਂ ਤਕ ਸਿੰਘ ਕਿਲ੍ਹੇ ਉਪਰ ਕਾਬਜ਼ ਹੋ ਚੁਕੇ ਸਨ। ਜੰਗ ਸ਼ੁਰੂ ਹੋ ਗਈ। ਸਿੰਘਾਂ ਵੱਲੋਂ ਭਾਈ ਹਰਕੀਰਤ ਸਿੰਘ ਦੀ ਕਮਾਨ ਹੇਠ ਪਹਿਲਾ ਜਥਾ ਮੁਕਾਬਲੇ ਲਈ ਆਇਆ। ਗਹਿਗੱਚ ਲੜਾਈ ਵਿਚ ਸਿੰਘਾਂ ਨੇ ਮੁਗ਼ਲਾਂ ਦੇ ਆਹੂ ਲਾਹ ਸੁੱਟੇ। ਜਦੋਂ ਭਾਈ ਹਰਕੀਰਤ ਸਿੰਘ ਜੀ ਸ਼ਹੀਦੀ ਪਾ ਗਏ ਤਾਂ ਬਾਬਾ ਸੁੱਖਾ ਸਿੰਘ ਜੀ ਮੈਦਾਨ ਵਿਚ ਆ ਨਿੱਤਰੇ ਅਤੇ ਆਪਣੀ ਬਹਾਦਰੀ ਦੇ ਜੌਹਰ ਦਿਖਾਉਂਦੇ ਹੋਏ ਸ਼ਹੀਦੀ ਪਾ ਗਏ। 'ਪੰਥ ਪ੍ਰਕਾਸ਼' ਦੇ ਕਰਤਾ ਗਿਆਨੀ ਗਿਆਨ ਸਿੰਘ ਜੀ ਇਸ ਘਟਨਾ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ:-

*ਬਾਜ ਸਿੰਘ ਕਾ ਹੁਤੋ ਭਰਾਤਾ।*
*ਸੁਖਾ ਸਿੰਘ ਬੀਰ ਭਖਿਆਤਾ।*
*ਤਿਨ ਲੈ ਬਹੁ ਸਿੰਘਨ ਕੋ ਸੰਗ।*
*ਢਿਗ ਬੁੜੈਲ ਜਾ ਕੀਨੋ ਜੰਗ।*
*ਰੁਸਤਮ ਖਾਂ ਜਾਉਲਾ ਖਾਂ।*
*ਲੈ ਬਹੁ ਸੈਨਾ ਪਹੁੰਚੇ ਆਨ।*
*ਸੁਖਾ ਸਿੰਘ ਲੈ ਅਨੇਕ ਬਹਾਦੁਰ।*
*ਪਏ ਸ਼ਹੀਦ ਤਹਾਂ ਲੜ ਨਾਦਰ।*

**ਫਤਿਹਗੜ੍ਹ ਮਾਦੜੀਆਂ:** ਬੁੜੈਲ ਦੀ ਜਿੱਤ ਮਗਰੋਂ ਸਿੰਘਾਂ ਨੇ ਉਨ੍ਹਾਂ ਪਿੰਡ ਵਾਸੀਆਂ ਵਿੱਚੋਂ ਮਾਦੜੀਆਂ ਗੋਤ ਦੇ ਜ਼ਿਮੀਦਾਰਾਂ ਨੂੰ ਵਾਹੀਕਾਰ ਬਣਾਉਣ ਲਈ ਮੁਲਾਣਿਆਂ ਦੀ ਜ਼ਮੀਨ 'ਤੇ ਕਾਬਜ਼ ਕਰਾਰ ਦੇ ਦਿੱਤਾ। ਉਨ੍ਹਾਂ ਪਿੰਡ ਵਾਸੀਆਂ ਨੇ ਉਸ ਥਾਂ 'ਤੇ ਨਵਾਂ ਪਿੰਡ ਆਬਾਦ ਕਰ ਲਿਆ, ਜਿਸ ਦਾ ਨਾਂ ਫਤਿਹਗੜ੍ਹ ਰੱਖਿਆ। ਬਾਅਦ ਵਿਚ ਇਸ ਪਿੰਡ ਨੂੰ ਫ਼ਤਿਹਗੜ੍ਹ ਮਾਦੜੀਆਂ ਕਿਹਾ ਜਾਣ ਲੱਗਾ। ਅੱਜਕਲ੍ਹ ਇਹ ਪਿੰਡ ਚੰਡੀਗੜ੍ਹ ਸ਼ਹਿਰ ਵਿਚ ਸਮਾ ਚੁੱਕਾ ਹੈ।

**ਘੜਾਨੀ:** ਭਾਈ ਬਲਾਕਾ ਸਿੰਘ ਦੋਤਾਰੇ ਨਾਲ ਕੀਰਤਨ ਕਰਿਆ ਕਰਦਾ ਸੀ। ਕੁਝ ਸਮਾਂ ਉਹ ਬਾਬਾ ਆਲੀ ਸਿੰਘ ਜੀ ਦੇ ਜਥੇ ਵਿਚ ਵੀ ਰਿਹਾ ਸੀ। ਇਕ ਵਾਰ ਉਹ ਘੁੰਮਦਾ ਘੁੰਮਾਉਂਦਾ ਘੜਾਨੀ ਪਿੰਡ ਵਿਚ ਪਹੁੰਚ ਗਿਆ। ਘੜਾਨੀ ਪਿੰਡ ਵਿਚ ਰਾਮਰਾਈਆਂ ਦੀ ਕਾਫੀ ਆਬਾਦੀ ਸੀ। ਇਸ ਪਿੰਡ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ-ਛੋਹ ਵੀ ਪ੍ਰਾਪਤ ਹੈ। ਭਾਈ ਬਲਾਕਾ ਸਿੰਘ ਜੀ ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗੁਰਦੁਆਰਾ ਸਾਹਿਬ ਵਿਚ ਜਾ ਕੇ ਕੀਰਤਨ ਕਰਨ ਲੱਗੇ ਅਤੇ ਰਹਰਾਸਿ ਦੇ ਪਾਠ ਤੋਂ

ਬਾਅਦ ਅਰਦਾਸ ਕੀਤੀ। ਅਰਦਾਸ ਵਿਚ ਜਦੋਂ ਉਸ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਨਾਮ ਲਿਆ ਤਾਂ ਰਾਮਰਾਈਏ ਮਸੰਦ ਭੜਕ ਉੱਠੇ। ਉਨ੍ਹਾਂ ਨੇ ਭਾਈ ਬਲਾਕਾ ਸਿੰਘ ਦਾ ਦੋਤਾਰਾ ਤੋੜ ਦਿੱਤਾ ਅਤੇ ਭਾਈ ਬਲਾਕਾ ਸਿੰਘ ਦੀ ਕਾਫੀ ਕੁੱਟਮਾਰ ਵੀ ਕੀਤੀ। ਇਸ ਗੱਲ ਦਾ ਪਤਾ ਲੱਗਣ 'ਤੇ ਬਾਬਾ ਜੀ ਨੇ ਬਾਬਾ ਆਲੀ ਸਿੰਘ ਨੂੰ ਦੋਸ਼ੀਆਂ ਨੂੰ ਸਜ਼ਾ ਦੇਣ ਲਈ ਭੇਜਿਆ। ਬਾਬਾ ਆਲੀ ਸਿੰਘ ਨੇ ਬਹੁਤ ਬਹਾਦਰੀ ਨਾਲ ਘੁੜਾਨੀ ਅਤੇ ਥਾਣਾ ਪਾਇਲ 'ਤੇ ਹਮਲਾ ਕਰ ਦਿੱਤਾ। ਰਾਮਰਾਈਏ ਮਸੰਦ ਪਿੰਡ ਛੱਡ ਕੇ ਭੱਜ ਗਏ। ਭਾਈ ਬਲਾਕਾ ਸਿੰਘ ਨੂੰ ਪਾਇਲ ਦਾ ਥਾਣੇਦਾਰ ਨਿਯੁਕਤ ਕਰ ਦਿੱਤਾ ਗਿਆ। ਇਲਾਕੇ ਦੇ ਚੌਧਰੀਆਂ ਨੇ ਬਾਬਾ ਆਲੀ ਸਿੰਘ ਦੀ ਈਨ ਮੰਨ ਲਈ ਅਤੇ ਨਜ਼ਰਾਨੇ ਲੈ ਕੇ ਉਸ ਅੱਗੇ ਪੇਸ਼ ਹੋਏ। ਭਾਈ ਰਤਨ ਸਿੰਘ (ਭੰਗੂ) ਨੇ ਇਸ ਘਟਨਾ ਦਾ ਜ਼ਿਕਰ 'ਸ੍ਰੀ ਗੁਰ ਪੰਥ ਪ੍ਰਕਾਸ਼' ਵਿਚ ਇਸ ਤਰ੍ਹਾਂ ਕੀਤਾ ਹੈ:

*ਬੁਲਾਕਾ ਸਿੰਘ ਇਕ ਸਿੰਘ ਹੁਤੋ ਰਹਿ ਆਲੀ ਸਿੰਘ ਪਾਸ।*
*ਹਾਥ ਜੋੜ ਠਾਂਢੋ ਭਯੋ ਕਰ ਬੰਦੈ ਪੈ ਅਰਦਾਸ॥*
*ਪਾਇਲ ਪਾਸ ਘੁਡਾਣੀ ਗ੍ਰਾਮੰ, ਤਹਾਂ ਬਹੁਤ ਹੈ ਖਤ੍ਰੀਅਨ ਧਾਮ।*
*ਰਾਮਰਯਨ ਕੇ ਮਸੰਦ ਕਹਾਵੈਂ, ਕਰੈਂ ਮਸ਼ਕਰੀ ਖਾਲਸੈ ਖਿਝਾਵੈ॥*
*ਮੈਂ ਉਹਾਂ ਸ਼ਬਦ ਚੌਂਕੀ ਠਈ, ਬੋਲੋ ਵਾਹਿਗੁਰੂ ਅਰਦਾਸ ਯੋਂ ਕਹੀ।*
*ਸੁਨਤ ਦੁਤਾਰੋ ਉਨ ਭੰਨ ਦਯੋ, ਮੁਖ ਤੇ ਵਾਕ ਤਿਨ ਖੋਟੇ ਕਰਯੋ॥*
*ਔ ਸਤਿਗੁਰ ਕੀ ਨਿੰਦਯਾ ਕਰੀ, ਹਮ ਕੌਂ ਨਹਿ ਵਹਿ ਬਿਸਰਤ ਘਰੀ।*
*ਥੀ ਹਮ ਕੌ ਬਹੁ ਕੀਨੀ ਮਾਰ, ਸੋ ਤੋ ਹਮਨੈ ਦਈ ਵਿਸਾਰ॥*
*ਪੁਤ੍ਰ ਮੁਏ ਆਪੈ ਮੁਯੋ ਅਬ ਮੁਯੋ ਨ ਵਾਹਿਗੁਰੂ ਬੋਲ।*
*ਯੋ ਕਹਿ ਦੁਤਾਰੋ ਭੰਨਯੋ ਤੌ ਮਾਰਯੋ ਕੇਸ ਮੁਹਿ ਖੋਲ॥...*

**ਮਲੇਰਕੋਟਲਾ:** ਬਾਬਾ ਬੰਦਾ ਸਿੰਘ ਬਹਾਦਰ ਸਰਹਿੰਦ ਫਤਿਹ ਕਰਨ ਤੋਂ ਬਾਅਦ ਜਦੋਂ ਘੜਾਨੀ, ਘਲੋਟੀ, ਧਮੋਟ ਪੁੱਜਾ ਤਾਂ ਕੁਝ ਸਿੰਘਾਂ ਨੇ ਮਲੇਰਕੋਟਲੇ 'ਤੇ ਹੱਲਾ ਬੋਲ ਕੇ ਉਸ ਨੂੰ ਤਬਾਹ ਕਰਨ ਦੀ ਸਲਾਹ ਕੀਤੀ। ਮਲੇਰਕੋਟਲੇ ਦਾ ਨਵਾਬ ਸਿੱਖਾਂ ਵਿਰੁੱਧ ਹੋਈਆਂ ਸਾਰੀਆ ਮੁਹਿੰਮਾਂ ਵਿਚ ਰਿਹਾ ਸੀ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਿਆ ਤੇ ਸਰਸਾ ਨਦੀ ਦੇ ਕੰਢੇ 'ਤੇ ਗੁਰੂ ਜੀ ਦਾ ਪਰਵਾਰ ਆਪਸ ਵਿਚ ਵਿਛੜ ਗਿਆ, ਉਸ ਸਮੇਂ ਗੁਰੂ-ਘਰ ਦੀ ਸ਼ਰਧਾਲੂ ਅਤੇ ਸਾਹਿਬਜ਼ਾਦਿਆਂ ਦੀ ਖਿਡਾਵੀ ਬੀਬੀ ਅਨੂਪ ਕੌਰ ਜੀ ਮਲੇਰਕੋਟਲੇ ਦੇ ਨਵਾਬ ਗੁਲਸ਼ੇਰ ਮੁਹੰਮਦ ਖਾਂ ਦੇ ਹੱਥ ਆ ਗਈ ਸੀ। ਇਸ ਅੰਮ੍ਰਿਤਧਾਰੀ ਬੀਬੀ ਦੀ ਸੁੰਦਰਤਾ ਦੇਖ ਕੇ ਨਵਾਬ ਮੁਗਧ ਹੋ ਗਿਆ। ਬੀਬੀ ਅਨੂਪ ਕੌਰ ਨੇ ਆਪਣੇ ਆਖਰੀ ਸਾਹ ਤਕ ਆਪਣੇ ਸਿੱਖੀ ਸਿਦਕ ਨੂੰ ਬਰਕਰਾਰ ਰੱਖਿਆ। ਜਦੋਂ ਉਸ ਦੀ ਕੋਈ ਵਾਹ ਨਾ ਚੱਲੀ ਤਾਂ ਉਸਨੇ ਆਪਣੇ ਗਾਤਰੇ ਵਾਲੀ ਸਿਰੀ ਸਾਹਿਬ ਨਾਲ ਆਪਣੇ ਪ੍ਰਾਣ ਤਿਆਗ ਦਿੱਤੇ। ਨਵਾਬ ਨੇ ਉਸ ਨੂੰ ਕਬਰ ਵਿਚ ਦਫਨਾ ਦਿੱਤਾ। ਇਹ ਸੁਣ ਕੇ ਬਾਬਾ ਜੀ ਨੇ ਮਲੇਰਕੋਟਲੇ ਵਲ ਕੂਚ ਕਰਨ ਦਾ ਹੁਕਮ ਦਿੱਤਾ। ਮਲੇਰਕੋਟਲੇ ਦਾ ਇਕ ਸ਼ਾਹੂਕਾਰ ਕਿਸ਼ਨ ਚੰਦ ਬਾਬਾ ਜੀ ਦਾ ਪੁਰਾਣਾ ਜਾਣਕਾਰ ਸੀ। ਬਾਬਾ ਜੀ ਪਹਿਲੇ ਸਮਿਆਂ ਵਿਚ ਉਸ ਦੇ ਘਰ ਰਹਿ ਚੁੱਕੇ ਸਨ ਅਤੇ ਉਸ

ਸਮੇਂ ਸ਼ਾਹੂਕਾਰ ਨੇ ਬਾਬਾ ਜੀ ਦੀ ਬਹੁਤ ਸੇਵਾ ਕੀਤੀ ਸੀ। ਬਾਬਾ ਜੀ ਮਲੇਰਕੋਟਲੇ ਵੱਲ ਆਉਣ ਦੀ ਖ਼ਬਰ ਸੁਣ ਕੇ ਉਹ ਸ਼ਹਿਰ ਦੇ ਹੋਰ ਸ਼ਾਹੂਕਾਰਾਂ ਨੂੰ ਨਾਲ ਲੈ ਕੇ ਬਾਬਾ ਜੀ ਨੂੰ ਜਾ ਮਿਲਿਆ। ਬਾਬਾ ਜੀ ਨੇ ਉਨ੍ਹਾਂ ਨੂੰ ਨਾਲ ਲੈ ਕੇ ਬੀਬੀ ਅਨੂਪ ਕੌਰ ਦੀ ਕਬਰ ਨੂੰ ਲੱਭਿਆ ਅਤੇ ਉਸ ਵਿੱਚੋਂ ਬੀਬੀ ਅਨੂਪ ਕੌਰ ਦੀ ਲਾਸ਼ ਕੱਢ ਕੇ ਪੂਰੀ ਮਰਯਾਦਾ ਅਨੁਸਾਰ ਪਹਿਲਾਂ ਸਸਕਾਰ ਕੀਤਾ ਅਤੇ ਫਿਰ ਜਲ-ਪ੍ਰਵਾਹ ਕਰ ਦਿਤਾ। ਮਲੇਰਕੋਟਲੇ ਦੇ ਨਵਾਬ ਨੂੰ ਸਿਰਫ ਇਸ ਲਈ ਮੁਆਫ ਕਰ ਦਿੱਤਾ ਕਿਉਂਕਿ ਉਸ ਨੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਸਮੇਂ ਹਾਅ ਦਾ ਨਾਅਰਾ ਮਾਰਿਆ ਸੀ। ਇਸ ਤੋਂ ਪਤਾ ਚਲਦਾ ਹੈ ਕਿ ਸਿੱਖਾਂ ਨੇ ਆਪਣੇ ਪ੍ਰਤੀ ਥੋੜ੍ਹੀ ਜਿਹੀ ਵੀ ਹਮਦਰਦੀ ਕਰਨ ਵਾਲੇ ਕਿਸੇ ਵਿਅਕਤੀ ਨੂੰ ਕਦੇ ਵੀ ਨਹੀਂ ਭੁਲਾਇਆ, ਉਨ੍ਹਾਂ ਦਾ ਟਾਕਰਾ ਸਿਰਫ ਜ਼ਾਲਮਾਂ ਨਾਲ ਸੀ।

**ਸੁਨਾਮ:** ਬਾਬਾ ਆਲੀ ਸਿੰਘ ਜੀ ਨੇ ਘੁੜਾਨੀ ਤੋਂ ਅੱਗੇ ਚੱਲ ਕੇ ਸੁਨਾਮ ਨੂੰ ਘੇਰਾ ਪਾ ਲਿਆ। ਸੁਨਾਮ ਦੇ ਰੰਘੜਾਂ ਦੇ ਜ਼ੁਲਮ ਤੋਂ ਆਮ ਜਨਤਾ ਬਹੁਤ ਦੁਖੀ ਸੀ। ਉੱਥੋਂ ਦੇ ਰਾਜਪੂਤ ਰੰਘੜ ਆਪਣੇ ਆਪ ਨੂੰ ਬਹੁਤ ਬਹਾਦਰ ਸਮਝਦੇ ਸਨ ਅਤੇ ਉਨ੍ਹਾਂ ਨੇ ਸਿੰਘਾਂ ਦਾ ਮੁਕਾਬਲਾ ਕਰਨ ਲਈ ਪੂਰੀ ਤਿਆਰੀ ਕਰ ਲਈ। ਪਰੰਤੂ ਬਾਬਾ ਆਲੀ ਸਿੰਘ ਦੇ ਬਹਾਦਰ ਸਿੰਘਾਂ ਦੇ ਜਥੇ ਸਾਹਮਣੇ ਇਹ ਬਹੁਤਾ ਸਮਾਂ ਨਾ ਟਿਕ ਸਕੇ ਅਤੇ ਇਲਾਕਾ ਛੱਡ ਕੇ ਭੱਜ ਗਏ।

**ਮਨਸੂਰ:** ਬਾਬਾ ਆਲੀ ਸਿੰਘ ਪਰਗਣਾ ਮਨਸੂਰ ਪਹੁੰਚ ਗਏ। ਬਾਬਾ ਆਲੀ ਸਿੰਘ ਨੇ ਉੱਥੋਂ ਦੇ ਹਾਕਮ ਪਾਸ ਆਪਣਾ ਇਕ ਬੰਦਾ ਭੇਜ ਕੇ ਈਨ ਕਬੂਲ ਕਰਨ ਲਈ ਕਿਹਾ। ਇੱਥੇ ਕਿਸੇ ਨੇ ਵੀ ਸਿੰਘਾਂ ਦਾ ਮੁਕਾਬਲਾ ਕਰਨ ਦੀ ਹਿੰਮਤ ਨਾ ਕੀਤੀ। ਸਿੰਘ ਇੱਥੋਂ ਜਿੱਤ ਪ੍ਰਾਪਤ ਕਰਦੇ ਹੋਏ ਅੱਗੇ ਕੈਥਲ ਸ਼ਹਿਰ ਵੱਲ ਚਲੇ ਗਏ। ਕੈਥਲ ਦੇ ਬਲੋਚ ਬਹੁਤ ਜ਼ਾਲਮ ਸਨ ਅਤੇ ਆਪਣੇ ਆਪ ਨੂੰ ਬਹੁਤ ਬਹਾਦਰ ਮੰਨਦੇ ਸਨ। ਬਾਬਾ ਆਲੀ ਸਿੰਘ ਨੇ ਇਨ੍ਹਾਂ 'ਤੇ ਬੇਖ਼ਬਰ ਹੀ ਹੱਲਾ ਬੋਲ ਦਿੱਤਾ। ਮਾਮੂਲੀ ਜਿਹੇ ਟਾਕਰੇ ਤੋਂ ਬਾਅਦ ਹੀ ਸਿੰਘਾਂ ਨੇ ਸ਼ਹਿਰ 'ਤੇ ਕਬਜ਼ਾ ਕਰ ਲਿਆ। ਬਾਬਾ ਆਲੀ ਸਿੰਘ ਜੀ ਇੱਥੋਂ ਦੇ ਚੌਧਰੀਆਂ ਤੋਂ ਨਜ਼ਰਾਨੇ ਪ੍ਰਾਪਤ ਕਰਦੇ ਹੋਏ ਵਾਪਸ ਸਰਹਿੰਦ ਵੱਲ ਨੂੰ ਰਵਾਨਾ ਹੋ ਗਏ।

**ਲੋਹਗੜ੍ਹ :** ਬਾਬਾ ਬੰਦਾ ਸਿੰਘ ਬਹਾਦਰ ਨੂੰ ਜੰਗੀ ਨੁਕਤਾ ਨਿਗਾਹ ਤੋਂ ਸਰਹਿੰਦ ਦੀ ਜਗ੍ਹਾ ਰਾਜਧਾਨੀ ਬਣਾਉਣ ਲਈ ਠੀਕ ਨਾ ਲੱਗੀ ਕਿਉਂਕਿ ਸਰਹਿੰਦ ਮੈਦਾਨੀ ਇਲਾਕੇ ਵਿਚ ਸ਼ਾਹਰਾਹ ਦੇ ਉੱਪਰ ਸਥਿਤ ਸੀ। ਇੱਥੇ ਸ਼ਾਹੀ ਫ਼ੌਜਾਂ ਕਦੇ ਵੀ ਹਮਲਾ ਕਰ ਸਕਦੀਆਂ ਸਨ। ਬਚਾਅ ਪੱਖ ਲਈ ਇਸ ਇਲਾਕੇ ਦੇ ਨੇੜੇ ਕੋਈ ਵੀ ਕੁਦਰਤੀ ਸਾਧਨ ਮੌਜੂਦ ਨਹੀਂ ਸੀ। ਬਾਬਾ ਜੀ ਨੇ ਬੜੀ ਸੋਚ ਵਿਚਾਰ ਤੋਂ ਬਾਅਦ ਕਪਾਲ ਮੋਚਨ ਨੇੜੇ ਪਹਾੜੀ 'ਤੇ ਸਥਿਤ ਛੋਟੇ ਜਿਹੇ ਕਿਲ੍ਹੇ ਨੂੰ ਆਪਣੀ ਰਾਜਧਾਨੀ ਬਣਾਉਣ ਦਾ ਫੈਸਲਾ ਕੀਤਾ ਅਤੇ ਇਸ ਦਾ ਨਾਂ ਲੋਹਗੜ੍ਹ ਰੱਖਿਆ। ਲੋਹਗੜ੍ਹ ਸਢੌਰਾ ਅਤੇ ਨਾਹਨ ਰਿਆਸਤ ਦੇ ਵਿਚਕਾਰ ਪਹਾੜੀ ਖੇਤਰ ਵਿਚ ਸਥਿਤ ਹੈ, ਸਢੌਰਾ ਨਗਰ ਤੋਂ ਕੁਝ ਦੂਰ ਸ਼ਿਵਾਲਕ ਪਹਾੜੀਆਂ ਦੇ ਪੈਰਾਂ ਵਿਚ ਉੱਚੀ ਥਾਂ 'ਤੇ ਲੋਹਗੜ੍ਹ ਕਿਲ੍ਹੇ ਦੇ ਖੰਡਰ ਅੱਜ ਵੀ ਮੌਜੂਦ ਹਨ। ਕਿਲ੍ਹਾ ਇਕ ਪਹਾੜੀ ਤੇ ਸਥਿਤ ਸੀ ਜਿਸ ਦੇ ਦੋਵੇਂ ਪਾਸੇ ਤੋਂ ਨਦੀ ਦੀਆਂ ਦੋ ਧਰਾਵਾਂ ਵਗਦੀਆਂ ਹਨ। ਇਸ ਥਾਂ 'ਤੇ ਪਹੁੰਚਣ ਲਈ ਚਟਾਨਾਂ ਤੇ ਖੱਡਾਂ ਵਿਚ ਦੀ ਲੰਘਣਾ ਪੈਂਦਾ ਹੈ। ਬਾਬਾ ਜੀ ਨੇ ਇਸ ਪੁਰਾਣੇ ਕਿਲ੍ਹੇ ਦੀ

ਮੁਰੰਮਤ ਕਰਵਾਈ ਤੇ ਸਾਰਾ ਖ਼ਜ਼ਾਨਾ ਅਤੇ ਜੰਗੀ ਸਾਮਾਨ ਇੱਥੇ ਲੈ ਆਂਦਾ। ਇੱਥੇ ਦੇ ਆਸ-ਪਾਸ ਦੇ ਪਿੰਡਾਂ ਦੇ ਚੌਧਰੀਆਂ ਨਾਲ ਉਨ੍ਹਾਂ ਨੇ ਸੰਪਰਕ ਬਣਾਇਆ। ਇੱਥੋਂ ਹੀ ਬਾਬਾ ਜੀ ਨੇ ਸਿੱਖ ਰਾਜ ਦਾ ਸਿੱਕਾ ਅਤੇ ਮੋਹਰ ਜਾਰੀ ਕੀਤੀ। ਬਾਬਾ ਜੀ ਨੇ ਆਮ ਲੋਕਾਂ ਦੀ ਆਰਥਿਕ ਹਾਲਤ ਸੁਧਾਰਨ ਵਾਸਤੇ ਜ਼ਿਮੀਦਾਰ ਪ੍ਰਬੰਧ ਵਿਚ ਕ੍ਰਾਂਤੀਕਾਰੀ ਤਬਦੀਲੀਆਂ ਕੀਤੀਆਂ। ਮੁਗਲ ਸ਼ਾਸਨ ਵਿਚ ਬੇਨਾਮੀ ਵਾਹੀ ਆਮ ਸੀ। ਵਾਹੀ ਕੋਈ ਹੋਰ ਕਰਦਾ ਸੀ ਅਤੇ ਜ਼ਮੀਨ ਦਾ ਮਾਲਕ ਕੋਈ ਹੋਰ ਹੁੰਦਾ ਸੀ। ਬਾਬਾ ਜੀ ਨੇ ਵਾਹੀ ਕਰਨ ਵਾਲਿਆਂ ਨੂੰ ਹੀ ਜ਼ਮੀਨਾਂ ਦਾ ਮਾਲਿਕ ਘੋਸ਼ਿਤ ਕਰ ਦਿੱਤਾ। ਸਿੱਖ ਕਿਉਂਕਿ ਆਪ ਵੀ ਬਹੁਤ ਸਾਰੇ ਖੇਤੀ ਕਰਦੇ ਸਨ, ਇਸ ਫੈਸਲੇ ਨਾਲ ਉਨ੍ਹਾਂ ਦੀ ਆਰਥਿਕ ਦਸ਼ਾ ਪਹਿਲਾਂ ਨਾਲੋਂ ਬਹੁਤ ਚੰਗੀ ਹੋ ਗਈ। ਹੁਣ ਕਿਸਾਨ ਆਪ ਹੀ ਲਗਾਨ ਦਿੰਦੇ ਸਨ ਅਤੇ ਆਪ ਹੀ ਪੈਦਾਵਾਰ ਲੈਂਦੇ ਸਨ। ਇਸ ਫੈਸਲੇ ਨਾਲ ਸਾਰੇ ਕਿਸਾਨ ਬਾਬਾ ਜੀ ਦੇ ਸਮਰਥਕ ਬਣ ਗਏ। ਬਾਬਾ ਜੀ ਨੇ ਆਮ ਲੋਕਾਂ ਵਿੱਚੋਂ ਇਮਾਨਦਾਰ ਲੋਕਾਂ ਨੂੰ ਸਰਦਾਰੀਆਂ ਦਿੱਤੀਆਂ। ਇਰਬਨ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਦੀ ਫ਼ੌਜ ਦਾ ਛੋਟੇ ਤੋਂ ਛੋਟਾ ਕਰਮਚਾਰੀ ਵੀ ਜਦੋਂ ਆਪਣੇ ਪਿੰਡ ਜਾਂਦਾ ਤਾਂ ਅਮੀਰ ਤੋਂ ਅਮੀਰ ਲੋਕ ਉਸ ਦਾ ਸੁਆਗਤ ਕਰਦੇ।

**ਸਹਾਰਨਪੁਰ:** ਜਲਾਲਾਬਾਦ ਨੂੰ ਜਾਂਦਿਆਂ ਰਸਤੇ ਵਿਚ ਉਨ੍ਹਾਂ ਨੇ ਸਹਾਰਨਪੁਰ ਦੇ ਫ਼ੌਜਦਾਰ ਤੇ ਬੇਹਾਤ ਦੇ ਵੀਰਜ਼ਾਦਿਆਂ ਨੂੰ ਹਰਾਇਆ ਤੇ ਉਨ੍ਹਾਂ ਇਲਾਕਿਆਂ ’ਤੇ ਆਪਣਾ ਕਬਜ਼ਾ ਕਰ ਲਿਆ। ਸਹਾਰਨਪੁਰ ਦਾ ਹਾਕਮ ਅਲੀ ਹਮੀਦ ਸਿੰਘਾਂ ਦਾ ਆਉਣਾ ਸੁਣ ਕੇ ਦਿੱਲੀ ਵੱਲ ਨੂੰ ਨੱਸ ਗਿਆ। ਸੋ ਸਿੱਖਾਂ ਨੇ ਸਹਾਰਨਪੁਰ ’ਤੇ ਕਬਜ਼ਾ ਕਰ ਲਿਆ। ਅੱਧੀ ਤੋਂ ਵੱਧ ਸਹਾਰਨਪੁਰ ਦੀ ਸਰਕਾਰ ਸਿੰਘਾਂ ਦੇ ਕਬਜ਼ੇ ਹੇਠ ਆ ਗਈ। ਸਿੰਘਾਂ ਨੇ ਸਹਾਰਨਪੁਰ ਦਾ ਨਾਂ ਬਦਲ ਕੇ ਭਾਗ ਨਗਰ ਰੱਖ ਦਿਤਾ। ਬਾਬਾ ਜੀ ਆਪ ਤਾਂ ਸਹਾਰਨਪੁਰ ਹੀ ਰਹੇ ਪਰ ਸਿੰਘ ਦੇ ਛੋਟੇ-ਛੋਟੇ ਜਥੇ ਇਲਾਕੇ ਵਿਚ ਨਿਕਲ ਤੁਰੇ।

**ਬੇਹਟ:** ਸਹਾਰਨਪੁਰ ਤੋਂ ਇਹ ਪਤਾ ਲੱਗਾ ਕਿ ਬੇਹਟ (ਬੇਟ) ਦੇ ਪੀਰਜ਼ਾਦੇ ਹਿੰਦੂਆਂ ਤੇ ਸਿੱਖਾਂ ਨੂੰ ਬਹੁਤ ਤੰਗ ਕਰਦੇ ਹਨ। ਬੇਹਟ ਵਿਚ ਇਕ ਧਨਾਢ ਪੀਰਜ਼ਾਦਿਆਂ ਦਾ ਪਰਵਾਰ ਰਹਿੰਦਾ ਸੀ ਜੋ ਹਿੰਦੂਆਂ ਨੂੰ ਤੰਗ ਪ੍ਰੇਸ਼ਾਨ ਕਰਦਾ ਸੀ। ਉਹ ਗਲੀਆਂ ਵਿਚ ਗਊਆਂ ਵੱਢ ਕੇ ਸੁੱਟ ਦਿੰਦੇ ਸਨ। ਹਿੰਦੂਆਂ ਦੀ ਪੁਕਾਰ ’ਤੇ ਬਾਬਾ ਜੀ ਨੇ ਸਹਾਰਨਪੁਰ ਤੋਂ ਇਕ ਜੱਥਾ ਬੇਹਟ ਦੇ ਪੀਰਜ਼ਾਦਿਆਂ ਨੂੰ ਸੋਧਣ ਲਈ ਭੇਜਿਆ।

**ਬੂੜੀਆ:** ਜਲਾਲਾਬਾਦ ਵੱਲ ਜਾਂਦਿਆਂ ਰਸਤੇ ਵਿਚ ਬੂੜੀਆ ਨਗਰ ਪੈਂਦਾ ਸੀ। ਸਿੰਘਾਂ ਨੇ ਬੂੜੀਏ ’ਤੇ ਕਬਜ਼ਾ ਕਰ ਲਿਆ ਅਤੇ ਇਸ ਨਗਰ ਦਾ ਨਾਂ ਗੁਲਾਬ ਨਗਰ ਰੱਖ ਦਿੱਤਾ। ਸਿੰਘਾਂ ਨੇ ਭਾਈ ਗੁਰਬਖਸ਼ ਸਿੰਘ ਨੂੰ ਇਸ ਨਗਰ ਦਾ ਫ਼ੌਜਦਾਰ ਥਾਪ ਦਿੱਤਾ।

**ਨਨੌਤਾ:** ਜਲਾਲਾਬਾਦ ਵੱਲ ਜਾਂਦਿਆਂ ਰਸਤੇ ਵਿਚ ਇਕ ਨਨੌਤਾ ਨਾਂ ਦਾ ਕਸਬਾ ਸੀ। ਇਹ ਕਸਬਾ ਆਪਣੀ ਅਮੀਰੀ ਕਰਕੇ ਬਹੁਤ ਪ੍ਰਸਿੱਧ ਸੀ। ਸਿੰਘਾਂ ਨੇ ਇਸ ’ਤੇ ਹਮਲਾ ਕੀਤਾ। ਇੱਥੋਂ ਦੇ ੩੦੦ ਦੇ ਲੱਗਭਗ ਸ਼ੇਖਜ਼ਾਦੇ ਮੁਹੰਮਦ ਅਫ਼ਜਲ ਦੇ ਵਿਹੜੇ ਵਿਚ ਮਾਰੇ ਗਏ। ਨਨੌਤਾ ਥੋੜ੍ਹੇ ਦਿਨਾਂ ਵਿਚ ਹੀ ਧੁਖਦੇ ਕੋਲਿਆਂ ਦੇ ਥੇਹ ਬਣ ਗਿਆ। ਇਸ ਨਗਰ ਦਾ ਇੰਨਾ ਬੁਰਾ ਹਾਲ ਹੋਇਆ ਕਿ ਇਸ ਨੂੰ ‘ਫੂਟਾ ਸ਼ਹਿਰ’ ਕਿਹਾ ਜਾਣ ਲੱਗ ਪਿਆ।

ਇੱਥੋਂ ਦੇ ਬਹੁਤ ਸਾਰੇ ਸਿੰਘ ਸਜ ਗਏ।

**ਜਲਾਲਾਬਾਦ ਤੇ ਉਨਾਰਸਾ:** ਬਾਬਾ ਜੀ ਦੀ ਵਧਦੀ ਸ਼ਕਤੀ ਤੇ ਰਸੂਖ ਤੋਂ ਲੋਕ ਇਤਨੇ ਪ੍ਰਭਾਵਿਤ ਸਨ ਕਿ ਪਿੰਡ ਉਨਾਰਸਾ ਦੇ ਲੋਕ ਸਿੱਖ ਬਣ ਗਏ। ਇਸ ਇਲਾਕੇ ਦੇ ਫ਼ੌਜਦਾਰ ਜਲਾਲ ਖਾਂ ਨੇ ਉਨ੍ਹਾਂ ਸਾਰਿਆਂ ਨੂੰ ਕੈਦ ਕਰ ਲਿਆ। ਇਕ ਸਿੱਖ ਕਪੂਰ ਸਿੰਘ ਨੇ ਬਾਬਾ ਜੀ ਨੂੰ ਜਾ ਦੱਸਿਆ। ਬਾਬਾ ਜੀ ਉਸੇ ਸਮੇਂ ਜਲਾਲਾਬਾਦ ਵੱਲ ਨੂੰ ਚਲ ਪਏ। ਰਸਤੇ ਵਿਚ ਉਨ੍ਹਾਂ ਨੇ ਸਹਾਰਨਪੁਰ ਦੇ ਫ਼ੌਜਦਾਰ ਤੇ ਬੇਹਾਤ ਦੇ ਵੀਰਜ਼ਾਦਿਆਂ ਨੂੰ ਹਾਰ ਦਿੱਤੀ ਤੇ ਉਨ੍ਹਾਂ ਇਲਾਕਿਆਂ 'ਤੇ ਆਪਣਾ ਅਧਿਕਾਰ ਜਮਾ ਲਿਆ। ਜਰਨੈਲ ਜਮਾਲ ਖਾਂ ਤੇ ਪੀਰ ਖਾਂ ਮਾਰੇ ਗਏ। ਤਿੰਨ ਦਿਨ ਗਹਿਗੱਚ ਲੜਾਈ ਹੁੰਦੀ ਰਹੀ। ਚੌਥੇ ਦਿਨ ਜਲਾਲ ਖਾਂ ਨੇ ਆਪਣੇ ਪੁੱਤਰ ਦੀਨਦਾਨ ਖਾਂ ਨੂੰ ੭੦੦ ਜਵਾਨ ਦੇ ਕੇ ਭੇਜ ਦਿੱਤਾ। ਸਿੱਖਾਂ ਨੇ ਜਲਾਲਾਬਾਦ ਨੂੰ ਪੂਰੀ ਤਰ੍ਹਾਂ ਘੇਰ ਲਿਆ। ਮੀਂਹ ਪੈ ਰਿਹਾ ਸੀ ਜਿਸ ਕਾਰਨ ਫ਼ੌਜ ਕਰਨਾਲ ਵੱਲ ਨੂੰ ਮੁੜ ਪਈ ਤੇ ਜਲਾਲ ਖਾਂ ਨੇ ਕੈਦ ਕੀਤੇ ਸਾਰੇ ਸਿੱਖ ਕਤਲ ਕਰਵਾ ਦਿੱਤੇ।

**ਰਾਹੋਂ:** ਬਾਬਾ ਜੀ ਦੀਆਂ ਜਿੱਤਾਂ ਤੋਂ ਪ੍ਰਭਾਵਿਤ ਹੋ ਕੇ ਦੁਆਬੇ ਦੇ ਸਿੱਖਾਂ ਨੇ ਫ਼ੌਜਦਾਰ ਸ਼ਮਸ ਖਾਂ ਨੂੰ ਸੁਨੇਹਾ ਭੇਜਿਆ ਕਿ ਉਹ ਆਪਣੇ ਪ੍ਰਬੰਧ ਵਿਚ ਸੁਧਾਰ ਕਰੇ। ਬਾਬਾ ਜੀ ਦੇ ਅਸੂਲ ਅਨੁਸਾਰ ਸਿੰਘਾਂ ਨੇ ਸ਼ਮਸ ਖਾਂ ਨੂੰ ਪਹਿਲਾਂ ਈਨ ਮੰਨਣ ਲਈ ਚਿੱਠੀ ਲਿਖੀ, ਪਰ ਫ਼ੌਜਦਾਰ ਨੇ ਜਹਾਦ ਦਾ ਨਾਅਰਾ ਮਾਰਿਆ ਅਤੇ ਇਕ ਲੱਖ ਦੇ ਕਰੀਬ ਜਹਾਦੀਆਂ ਨੂੰ ਨਾਲ ਲੈ ਕੇ ਸੁਲਤਾਨਪੁਰ ਵੱਲ ਨੂੰ ਚੱਲ ਪਿਆ। ਸਿੱਖਾਂ ਦੇ ਜਥੇ ਖਿੰਡੇ ਹੋਏ ਸਨ। ਸਿੱਖ ਰਾਹੋਂ ਵੱਲ ਨੂੰ ਚਲੇ ਗਏ ਅਤੇ ਉਨ੍ਹਾਂ ਨੇ ਵਿਉਂਤ ਬਣਾ ਕੇ ਸ਼ਹਿਰ ਤੋਂ ਬਾਹਰ ਪੁਰਾਣੇ ਭੱਠਿਆਂ ਅਤੇ ਟਿੱਬਿਆਂ ਨੂੰ ਮੱਲ ਕੇ ਮੋਰਚੇ ਬਣਾ ਲਏ। ਅੱਜਕਲ੍ਹ ਇਨ੍ਹਾਂ ਭੱਠਿਆਂ ਵਾਲੇ ਥਾਂ ਤੋਂ ਮਿੱਟੀ ਚੱਕ ਕੇ ਪੱਧਰ ਕਰ ਦਿੱਤਾ ਗਿਆ ਹੈ ਅਤੇ ਮਿੱਟੀ ਨੀਵੇਂ ਥਾਂ 'ਤੇ ਪਾ ਕੇ ਅਨਾਜ ਮੰਡੀ ਦਾ ਨਿਰਮਾਣ ਕੀਤਾ ਗਿਆ ਹੈ। ਸਿੱਖਾਂ ਨੇ ਰਾਹੋਂ ਦੀ ਗੜੀ 'ਤੇ ਹੱਲਾ ਬੋਲ ਦਿੱਤਾ। ਸਿੱਖਾਂ ਨੇ ਜਹਾਦੀਆਂ ਦੇ ਆਉਣ ਤੋਂ ਪਹਿਲਾਂ ਹੀ ਕਿਲ੍ਹੇ 'ਤੇ ਕਬਜ਼ਾ ਕਰ ਲਿਆ। ਸਿੰਘ ਛੋਟੀਆਂ-ਛੋਟੀਆਂ ਟੋਲੀਆਂ ਬਣਾ ਕੇ ਬਾਹਰ ਨਿਕਲਦੇ ਅਤੇ ਸ਼ਾਹੀ ਫ਼ੌਜ ਦਾ ਨੁਕਸਾਨ ਕਰਕੇ ਫੇਰ ਕਿਲ੍ਹੇ ਵਿਚ ਆ ਜਾਂਦੇ। ਜਹਾਦੀਆਂ ਦੀ ਗਿਣਤੀ ਜ਼ਿਆਦਾ ਹੋਣ ਕਾਰਨ ਇਹ ਪੈਂਤਰਾ ਜ਼ਿਆਦਾ ਦੇਰ ਤਕ ਚੱਲਣ ਵਾਲਾ ਨਹੀਂ ਸੀ। ਸਿੰਘਾਂ ਨੇ ਜੰਗੀ ਪੈਂਤਰੇ ਅਨੁਸਾਰ ਢਾਈ ਪੱਟ ਦੇ ਪੈਂਤਰੇ ਦੀ ਲੜਾਈ ਲੜਨ ਦੀ ਸਕੀਮ ਬਣਾਈ। ਅਗਲੀ ਰਾਤ ਨੂੰ ਸਿੰਘ ਕਿਲ੍ਹੇ 'ਚੋਂ ਨਿਕਲ ਕੇ ਤੁਰ ਪਏ। ਸ਼ਮਸ ਖਾਂ ਨੇ ਉਨ੍ਹਾਂ ਨੂੰ ਜਾਂਦਿਆਂ ਦੇਖ ਕੇ ਆਪਣੀ ਫ਼ੌਜ ਲੈ ਕੇ ਉਨ੍ਹਾਂ ਦਾ ਪਿੱਛਾ ਕੀਤਾ। ਸ਼ਮਸ ਖਾਂ ਕੁਝ ਹੀ ਪਿੱਛੇ ਗਿਆ ਸੀ ਕਿ ਰਸਤੇ ਵਿਚ ਉਸ ਨੂੰ ਕੁਝ ਸਮਾਨ ਦੇ ਲੱਦੇ ਊਠ, ਬਲਦ ਅਤੇ ਇਕ ਤੋਪ ਮਿਲੀ, ਜਿਸ ਤੋਂ ਉਸ ਨੂੰ ਵਿਸ਼ਵਾਸ ਹੋ ਗਿਆ ਕਿ ਸਿੰਘ ਚਲੇ ਗਏ ਹਨ ਅਤੇ ਉਹ ਉੱਥੋਂ ਹੀ ਵਾਪਸ ਸੁਲਤਾਨਪੁਰ ਨੂੰ ਚਲਾ ਗਿਆ। ਪਰ ਸਿੰਘ ਸਵੇਰ ਹੁੰਦੇ ਸਾਰ ਹੀ ਵਾਪਸ ਆ ਗਏ ਅਤੇ ਕਿਲ੍ਹੇ ਵਿਚ ਮੌਜੂਦ ਸ਼ਾਹੀ ਫ਼ੌਜ ਨਾਲ ਘਮਾਸਾਨ ਦੀ ਲੜਾਈ ਹੋਈ। ਜਿਸ ਵਿਚ ਸ਼ਮਸ ਖਾਂ ਦੀ ਫ਼ੌਜ ਨੂੰ ਭਾਰੀ ਹਾਰ ਹੋਈ। ਸਿੱਖਾਂ ਨੇ ਦੁਬਾਰਾ ਕਿਲ੍ਹੇ 'ਤੇ ਕਬਜ਼ਾ ਕਰ ਲਿਆ।

**ਔੜ, ਉੜਾਪੁੜ ਅਤੇ ਬਜਵੜਾ:** ਸਿੱਖ ਰਾਹੋਂ ਤੋਂ ਜਲੰਧਰ ਵੱਲ ਨੂੰ ਚੱਲ ਪਏ। ਰਸਤੇ

ਵਿਚ ਇਕ ਔੜ ਨਾਂ ਦਾ ਪਿੰਡ ਸੀ ਇਸ ਪਿੰਡ ਬਾਰੇ ਕਿਹਾ ਜਾਂਦਾ ਹੈ ਕਿ ਇਹ ਪਿੰਡ ਸਰਹਿੰਦ ਵਾਲੇ ਸੁੱਚਾ ਨੰਦ ਦਾ ਜੱਦੀ ਪਿੰਡ ਸੀ। ਸੁੱਚਾ ਨੰਦ ਦੀ ਇਕ ਕਿਲ੍ਹਾ ਨੁਮਾ ਹਵੇਲੀ ਇਸ ਪਿੰਡ ਵਿਚ ਸੀ। ਪਿੰਡ ਦੇ ਕੁਝ ਬਜ਼ੁਰਗਾਂ ਅਨੁਸਾਰ ਇੱਥੇ ਸ਼ਾਹੀ ਫ਼ੌਜਾਂ ਨਾਲ ਸਿੰਘਾਂ ਦੀ ਝੜਪ ਹੋਈ। ਉਸ ਝੜਪ ਵਿਚ ਜੋ ਸਿੰਘ ਸ਼ਹੀਦ ਹੋਏ ਉਨ੍ਹਾਂ ਦੀ ਯਾਦ ਵਿਚ ਨਾਲ ਹੀ ਪਿੰਡ ਉੜਾਪੜ ਵਿਚ ਗੁਰਦੁਆਰਾ ਸਾਹਿਬ ਸੁਸ਼ੋਭਿਤ ਕੀਤਾ ਗਿਆ ਹੈ, ਜਿਸ ਪ੍ਰਤੀ ਇਲਾਕੇ ਦੇ ਲੋਕਾਂ ਵਿਚ ਬਹੁਤ ਸ਼ਰਧਾ ਭਾਵਨਾ ਹੈ। ਇੱਥੋਂ ਸਿੰਘ ਜਲੰਧਰ ਵੱਲ ਨੂੰ ਚਲੇ ਗਏ। ਜਲੰਧਰ ਦੇ ਪਠਾਣ ਸਿੰਘਾਂ ਦਾ ਆਉਣਾ ਸੁਣ ਕੇ ਪਹਿਲਾਂ ਹੀ ਭੱਜ ਗਏ ਜਿਸ ਕਾਰਨ ਜਲੰਧਰ 'ਤੇ ਸਿੰਘਾਂ ਦਾ ਕਬਜ਼ਾ ਸੌਖਾ ਹੀ ਹੋ ਗਿਆ। ਜਲੰਧਰ ਤੋਂ ਸਿੰਘਾਂ ਦਾ ਜਥਾ ਹੁਸ਼ਿਆਰਪੁਰ ਵੱਲ ਨੂੰ ਚੱਲ ਪਿਆ। ਉਸ ਸਮੇਂ ਬਜਵਾੜਾ ਵੱਡਾ ਕੇਂਦਰ ਸੀ ਅਤੇ ਹੁਸ਼ਿਆਰਪੁਰ ਛੋਟਾ ਨਗਰ ਸੀ। ਬਜਵਾੜੇ ਦੇ ਹਾਕਮਾਂ ਨੇ ਸਿੰਘਾਂ ਦਾ ਕੋਈ ਮੁਕਾਬਲਾ ਨਹੀਂ ਕੀਤਾ, ਨਤੀਜਾ ਇਹ ਹੋਇਆ ਕਿ ਜਲੰਧਰ-ਹੁਸ਼ਿਆਰਪੁਰ ਦੇ ਇਲਾਕੇ 'ਤੇ ਸਿੱਖਾਂ ਦਾ ਕਬਜ਼ਾ ਹੋ ਗਿਆ ਅਤੇ ਸ਼ਮਸ ਖਾਂ ਬਰਾ-ਏ-ਨਾਮ ਹਾਕਮ ਰਹਿ ਗਿਆ। ਸਤਲੁਜ ਦੇ ਦੱਖਣ ਨੂੰ ਮਾਛੀਵਾੜਾ ਤੋਂ ਕਰਨਾਲ ਤਕ ਦਾ ਸਰਹਿੰਦ ਦਾ ਸਾਰਾ ਇਲਾਕਾ ਸਿੰਘਾਂ ਦੇ ਕਬਜ਼ੇ ਵਿਚ ਸੀ ਜਿਸ ਦਾ ਸਾਰਾ ਪ੍ਰਬੰਧ ਸਰਦਾਰ ਬਾਜ ਸਿੰਘ ਗਵਰਨਰ ਅਤੇ ਸਰਦਾਰ ਆਲੀ ਸਿੰਘ ਸਲੌਦੀ ਉਪ-ਗਵਰਨਰ ਦੇ ਪਾਸ ਸੀ, ਜਿਨ੍ਹਾਂ ਅਧੀਨ ਥਾਂ-ਥਾਂ ਸਿੱਖ ਫ਼ੌਜਦਾਰ ਤੇ ਥਾਣੇਦਾਰ ਨਿਯੁਕਤ ਸਨ।

**ਬਹਾਦਰ ਸ਼ਾਹ ਪੰਜਾਬ ਵੱਲ:** ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਨੂੰ ਜਦੋਂ ਬਾਬਾ ਜੀ ਦੀਆਂ ਜਿੱਤਾਂ ਦਾ ਪਤਾ ਲੱਗਾ ਤਾਂ ਉਹ ਬਹੁਤ ਸਾਰੀ ਸੈਨਾ ਲੈ ਕੇ ਪੰਜਾਬ ਵੱਲ ਨੂੰ ਤੁਰ ਪਿਆ। ਉਸ ਨੇ ਉਤਰੀ ਭਾਰਤ ਵਿਚ ਆਉਣ ਤੋਂ ਪਹਿਲਾਂ ਅਵਧ ਅਤੇ ਦਿੱਲੀ ਦੇ ਗਵਰਨਰਾਂ ਅਤੇ ਅਲਾਹਾਬਾਦ ਦੇ ਨਾਜ਼ਮ ਤੇ ਫ਼ੌਜਦਾਰਾਂ ਨੂੰ ਬਾਬਾ ਜੀ ਵਿਰੁੱਧ ਕਾਰਵਾਈ ਕਰਨ ਲਈ ਇੱਕਠੇ ਹੋ ਕੇ ਉਸ ਨਾਲ ਰਲਣ ਦਾ ਹੁਕਮ ਦਿੱਤਾ। ਬਰਹਾ ਦੇ ਸੱਯਦਾਂ ਨੂੰ ਵੀ ਆਪਣਿਆਂ ਸਿਪਾਹੀਆਂ ਸਮੇਤ ਸ਼ਾਮਲ ਹੋਣ ਲਈ ਸੱਦਾ-ਪੱਤਰ ਭੇਜਿਆ ਗਿਆ। ਬਹਾਦਰ ਸ਼ਾਹ ਨੇ ਇਕ ਹੁਕਮ ਵੀ ਜਾਰੀ ਕੀਤਾ ਕਿ ਸਰਕਾਰੀ ਦਫਤਰਾਂ ਵਿਚ ਜਿਹੜੇ ਹਿੰਦੂ ਜਾਂ ਮੁਸਲਮਾਨਾਂ ਨੇ ਦਾਹੜੀਆਂ ਰੱਖੀਆਂ ਹੋਈਆਂ ਹਨ, ਉਹ ਕਟਵਾ ਦੇਣ, ਕਿਉਂਕਿ ਉਸ ਨੂੰ ਡਰ ਸੀ ਕਿ ਸ਼ਾਹੀ ਸੈਨਾ ਵਿਚ ਕਿੱਧਰੇ ਸਿੱਖ ਭਰਤੀ ਹੋ ਕੇ ਘੁਸਪੈਠ ਨਾ ਕਰ ਦੇਣ। ਬਾਦਸ਼ਾਹ ਦੇ ਪੰਜਾਬ ਪੁੱਜਣ ਤੋਂ ਪਹਿਲਾਂ ਹੀ ਫ਼ੀਰੋਜ ਖਾਂ ਮੇਵਾਤੀ, ਸੁਲਤਾਨ ਕੁਲੀ ਖਾਂ, ਸ਼ਕਰ ਖਾਂ ਤੇ ਹੋਰ ਅਫਸਰਾਂ ਦੀ ਕਮਾਨ ਹੇਠ ਇਕ ਵੱਡੀ ਫ਼ੌਜ ਬਾਦਸ਼ਾਹ ਦੇ ਅੱਗੇ-ਅੱਗੇ ਹਰਾਵਲ ਦਸਤੇ ਦੇ ਰੂਪ ਵਿਚ ਸਿੱਖਾਂ ਦੀ ਖੋਜ ਲਈ ਚੱਲ ਪਈ। ਉਸ ਸਮੇਂ ਸਿੱਖ ਬਾਬਾ ਜੀ ਦੀ ਅਗਵਾਈ ਵਿਚ ਰਿਆੜਕੀ ਦੇ ਇਲਾਕੇ ਵਿਚ ਸਨ। ਸੋਨੀਪਤ, ਥਨੇਸਰ, ਸਮਾਣਾ, ਸਢੌਰਾ, ਸਰਹਿੰਦ ਆਦਿ ਥਾਵਾਂ 'ਤੇ ਸਿੱਖ ਫ਼ੌਜਾਂ ਦੀ ਗਿਣਤੀ ਨਾਮ ਮਾਤਰ ਹੀ ਸੀ। ਸ਼ਾਹੀ ਫ਼ੌਜਾਂ ਨੇ ਇਨ੍ਹਾਂ ਇਲਾਕਿਆਂ 'ਤੇ ਸਹਿਜੇ ਹੀ ਕਬਜ਼ਾ ਕਰ ਲਿਆ।

**ਅਮੀਨਗੜ੍ਹ:** ਬਾਬਾ ਬਿਨੋਦ ਸਿੰਘ ਤੇ ਸ. ਰਾਮ ਸਿੰਘ ਦੀ ਅਗਵਾਈ ਹੇਠ ਸਿੱਖਾਂ ਦਾ ਟਾਕਰਾ ਸ਼ਾਹੀ ਫ਼ੌਜਾਂ ਨਾਲ ਤਿਰਵਾਰੀ ਦੇ ਨੇੜੇ ਪਿੰਡ ਅਮੀਨਗੜ੍ਹ ਵਿਚ ਹੋਇਆ। ਸਿੱਖ

ਇੰਨੇ ਜੋਸ਼ ਨਾਲ ਲੜੇ ਕਿ ਮਹਾਬਤ ਖਾਂ ਦੇ ਪੈਰ ਉੱਖੜ ਗਏ ਪਰ ਫੀਰੋਜ ਖਾਂ ਅਤੇ ਬਰਹਾ ਦੇ ਸੱਯਦਾਂ ਦੀ ਬੀਰਤਾ ਨੇ ਸ਼ਾਹੀ ਫ਼ੌਜਾਂ ਨੂੰ ਉਤਸ਼ਾਹਿਤ ਕਰ ਦਿੱਤਾ। ਡਾ. ਗੰਡਾ ਸਿੰਘ ਲਿਖਦੇ ਹਨ ਕਿ ਦੋਹਾਂ ਪਾਸੇ ਬੜੀ ਤਬਾਹੀ ਹੋਈ ਅਤੇ ਫੀਰੋਜ ਖਾਂ ਨੂੰ ਸਫਲਤਾ ਦੀ ਕੋਈ ਆਸ ਨਾ ਰਹੀ। ਪਰ ਸਿੱਖ ਫ਼ੌਜਾਂ ਦੀ ਨਫਰੀ ਘੱਟ ਹੋਣ ਕਾਰਨ ਫੀਰੋਜ ਖਾਂ ਨੂੰ ਲਾਭ ਹੋਇਆ ਅਤੇ ਉਸਦੀ ਜਿੱਤ ਹੋਈ। ਜਿਸ ਪਿੱਛੋਂ ਸ਼ਾਹੀ ਫ਼ੌਜਾਂ ਨੇ ਸ਼ਹੀਦ ਹੋਏ ਸਿੱਖ ਸੈਨਿਕਾਂ ਦੀ ਬੜੀ ਬੇਪਤੀ ਕੀਤੀ। ਤਿੰਨ ਸੌ ਸਿੱਖਾਂ ਦੇ ਸਿਰਾਂ ਨੂੰ ਗੱਡਿਆ 'ਤੇ ਲੱਦ ਕੇ ਬਾਦਸ਼ਾਹ ਦੇ ਪੇਸ਼ ਕੀਤਾ ਗਿਆ ਤੇ ਬਾਕੀ ਬਚੇ ਬਹੁਤ ਸਾਰੇ ਸਿੱਖਾਂ ਦੀਆਂ ਲਾਸ਼ਾਂ ਨੂੰ ਜਰਨੈਲੀ ਸੜਕ ਦੇ ਦੋਹੀਂ ਪਾਸੇ ਦਰੱਖ਼ਤਾਂ ਨਾਲ ਲਟਕਾਇਆ ਗਿਆ।

**ਸਰਹਿੰਦ:** ਜਿੱਤ ਦੀ ਖ਼ਬਰ ਸੁਣ ਕੇ ਬਾਦਸ਼ਾਹ ਬਹੁਤ ਖੁਸ਼ ਹੋਇਆ ਤੇ ਉਸ ਨੇ ਫੀਰੋਜ ਖਾਂ ਮੇਵਾਤੀ ਨੂੰ ਸਰਹਿੰਦ ਦਾ ਸੂਬੇਦਾਰ ਥਾਪ ਦਿੱਤਾ। ਸਰਹਿੰਦ ਦਾ ਸਿੱਖ ਗਵਰਨਰ ਸ. ਬਾਜ ਸਿੰਘ ਸਰਹਿੰਦ ਵਿਖੇ ਮੌਜੂਦ ਨਹੀਂ ਸੀ, ਇਸ ਲਈ ਉਸ ਦੇ ਭਰਾ ਸ. ਸ਼ਾਮ ਸਿੰਘ ਨੇ ਸ਼ਾਹੀ ਫ਼ੌਜ ਦਾ ਡਟ ਕੇ ਮੁਕਾਬਲਾ ਕੀਤਾ। ਸ਼ਾਮ ਸਿੰਘ ਲੜਦਾ ਹੋਇਆ ਸ਼ਹੀਦੀ ਪ੍ਰਾਪਤ ਕਰ ਗਿਆ ਅਤੇ ਬਚੇ ਸਿੱਖਾਂ ਨੂੰ ਸਰਹਿੰਦ ਜ਼ੇਲ੍ਹ ਵਿਚ ਕੈਦ ਕਰ ਦਿੱਤਾ ਗਿਆ। ਸ਼ਮਸ ਖਾਂ ਨੇ ਕਿਲ੍ਹਾ ਫਤਿਹ ਕਰ ਲਿਆ, ਇਸ ਲੜਾਈ ਵਿਚ ਤਿੰਨ ਸੌ ਸਿੰਘ ਸ਼ਹੀਦੀ ਪ੍ਰਾਪਤ ਕਰ ਗਏ।

**ਸਢੌਰਾ:** ਬਾਬਾ ਜੀ ਨਾਲ ਸ਼ਾਹੀ ਫ਼ੌਜ ਦਾ ਟਾਕਰਾ ਸਢੌਰੇ ਵਿਖੇ ਹੋਇਆ। ਜਦੋਂ ਸ਼ਾਹੀ ਫ਼ੌਜ ਦਾ ਹਰਾਵਲ ਦਸਤਾ ਸਢੌਰੇ ਪੁੱਜਾ ਤਾਂ ਸਿੱਖ ਉਨ੍ਹਾਂ 'ਤੇ ਟੁੱਟ ਪਏ। ਇਸ ਸੰਬੰਧੀ ਖਾਫੀ ਖਾਂ ਲਿਖਦਾ ਹੈ ਕਿ ਲੜਾਈ ਇਤਨੀ ਭਿਆਨਕ ਸੀ ਕਿ ਬਿਆਨ ਨਹੀਂ ਕੀਤਾ ਜਾ ਸਕਦਾ। ਸਿੱਖ-ਸਿਪਾਹੀ ਜੋ ਫਕੀਰਾਂ ਵਾਲੇ ਲਿਬਾਸ ਵਿਚ ਸਨ ਨੇ ਸ਼ਾਹੀ ਫ਼ੌਜ ਦੀ ਨਾਨੀ ਯਾਦ ਕਰਵਾ ਦਿੱਤੀ। ਸ਼ਾਹੀ ਫ਼ੌਜ ਦਾ ਇਤਨਾ ਨੁਕਸਾਨ ਹੋਇਆ ਜਾਪਦਾ ਸੀ ਕਿ ਸ਼ਾਹੀ ਫ਼ੌਜ ਹਾਰ ਜਾਏਗੀ। ਆਦਿਲ ਖਾਂ ਦੇ ਸਾਰੇ ਫ਼ੌਜੀ ਤਿੱਤਰ-ਬਿੱਤਰ ਹੋ ਚੁੱਕੇ ਸਨ। ਪਰ ਛੇਤੀ ਹੀ ਹੋਰ ਸ਼ਾਹੀ ਫ਼ੌਜ ਆ ਗਈ ਤੇ ਪਾਸਾ ਪਲਟ ਗਿਆ। ਸਿੱਖ ਇੱਥੋਂ ਲੋਹਗੜ੍ਹ ਦੇ ਕਿਲ੍ਹੇ ਵਿਚ ਚਲੇ ਗਏ।

ਬਾਦਸ਼ਾਹ ਵੀ ਆਪਣੇ ਲਾ-ਓ-ਲਸ਼ਕਰ ਸਮੇਤ ਲੋਹਗੜ੍ਹ ਦੇ ਕਿਲ੍ਹੇ ਦੇ ਨੇੜੇ ਪੁੱਜ ਗਿਆ। ਡਾ. ਗੰਡਾ ਸਿੰਘ ਅਨੁਸਾਰ, "ਜੁਮੇਰਾਤ ੩੦ ਨਵੰਬਰ (੧੯ ਸ਼ੱਵਾਲ) ਨੂੰ ਸ਼ਾਹੀ ਫ਼ੌਜਾਂ ਨੇ ਸ਼ਾਹਜ਼ਾਦਾ ਰਫੀ-ਉ-ਸ਼ਾਨ ਦੀ ਕਮਾਨ ਹੇਠਾਂ ਡਾਬਰ ਦੀ ਪਹਾੜੀ ਦੇ ਹੇਠਲੇ ਕੰਢੇ ਨੂੰ ਕੂਚ ਕੀਤਾ। ਦਲ ਦੀ ਪਰ੍ਹੇ ਬੰਦੀ ਇਸ ਤਰ੍ਹਾਂ ਸੀ- ਖੱਬੇ ਪਾਸੇ ਇਕ ਕੋਹ ਅੱਗੇ ਬਾਦਸ਼ਾਹੀ ਫ਼ੌਜ ਦੀ ਅਗਾਊਂ ਗਾਰਦ ਦੀ ਕਮਾਨ ਸ਼ਾਹਜ਼ਾਦਾ ਕਰ ਰਿਹਾ ਸੀ ਅਤੇ ਰਾਜਾ ਉਦਤ ਸਿੰਘ ਬੁੰਦੇਲੇ ਪਾਸ ਬਖ਼ਸ਼ੀ-ਉਲ-ਮੁਮਾਲਿਕ ਦੀ ਅਗਾਊਂ ਕਮਾਨ ਸੀ।

ਸੱਜੇ ਪਾਸੇ ਜੁਮਦਾਤੁਲ-ਮੁਲਕ ਖ਼ਾਨਿਖ਼ਾਨਾ ਮੁਨਇਮ ਖ਼ਾਨ ਅਤੇ ਉਸ ਦੇ ਪੁੱਤਰ ਮੁਹਾਬਤ ਖ਼ਾਨ ਅਤੇ ਖ਼ਾਨ ਜ਼ਮਾਨ ਸਨ, ਜਿਨ੍ਹਾਂ ਦੇ ਨਾਲ ਇੱਥੇ ਦੇ ਲੋਕ ਰਾਹ ਦੱਸਣ ਵਾਲੇ ਸਨ। ਇਨ੍ਹਾਂ ਦੀ ਅਗਾਊਂ ਫ਼ੌਜ ਚਤਰ ਸਾਲ ਬੁੰਦੇਲੇ ਅਤੇ ਇਸਲਾਮ ਖ਼ਾਨ ਦੇ ਤਹਿਤ ਵਿਚ ਸੀ। ਮੁਨਇਮ ਖ਼ਾਨ ਦੀ ਹੋਰ ਸਹਾਇਤਾ ਲਈ ਹਮੀਦੁ-ਦੀਨ ਖ਼ਾਨ ਅਤੇ ਸ਼ਾਹਜ਼ਾਦਾ

ਅਜ਼ੀਮੁ-ਸ਼ਾਨ ਅਤੇ ਸ਼ਾਹਜ਼ਾਦਾ ਜਹਾਨ ਸ਼ਾਹ ਦੀਆਂ ਪਿਛੇ ਰਹੀਆਂ ਫ਼ੌਜਾਂ ਸਨ।

ਇਸ ਤਰ੍ਹਾਂ ਲੋਹਗੜ੍ਹ ਦੇ ਕਿਲ੍ਹੇ ਨੂੰ ਸੱਠ ਹਜ਼ਾਰ ਬਾਦਸ਼ਾਹੀ ਸਵਾਰਾਂ, ਪਿਆਦਿਆਂ ਅਤੇ ਅਣਗਿਣਤ ਰੁਹੇਲੇ ਪਠਾਣਾਂ ਬਲੋਚਾਂ ਅਤੇ ਹੋਰ ਕੌਮਾਂ ਦੇ ਲੁਟੇਰਿਆਂ ਨੇ ਕੱਸ ਕੇ ਘੇਰਾ ਪਾ ਲਿਆ।"

ਇਹ ਘੇਰਾ ਕਈ ਮਹੀਨੇ ਤਕ ਜਾਰੀ ਰਿਹਾ, ਪਰ ਕਿਲ੍ਹੇ ਦੇ ਨੇੜੇ ਜਾਣ ਦੀ ਕਿਸੇ ਦੀ ਹਿੰਮਤ ਨਾ ਪਈ। ਸਿੰਘ ਰਾਤਾਂ ਨੂੰ ਵੈਰੀ ਦਾ ਕਮਜ਼ੋਰ ਮੋਰਚਾ ਦੇਖ ਕੇ ਹੱਲਾ ਬੋਲ ਕੇ ਹਰਨ ਹੋ ਕੇ ਫੇਰ ਕਿਲ੍ਹੇ ਵਿਚ ਆ ਜਾਂਦੇ। ਇਨ੍ਹਾਂ ਰਾਤ ਦੇ ਹੱਲਿਆਂ ਵਿਚ ਸਿੰਘਾਂ ਨੇ ਸ਼ਾਹੀ ਸੈਨਾ ਦਾ ਬਹੁਤ ਨੁਕਸਾਨ ਕੀਤਾ। ਇਸ ਸਮੇਂ ਮੀਂਹ ਦੀ ਝੜੀ ਲੱਗ ਗਈ। ਪੋਹ ਦੀ ਠੰਡ ਦਾ ਮਹੀਨਾ ਸ਼ਾਹੀ ਸੈਨਾ ਲਈ ਮੁਸੀਬਤ ਬਣ ਗਿਆ। ਸ਼ਾਹੀ ਕੈਂਪ ਨੀਵੀਂ ਥਾਂ 'ਤੇ ਸੀ ਅਤੇ ਆਲੇ-ਦੁਆਲੇ ਪਹਾੜੀ ਖੱਡਾਂ ਵਿਚ ਪਾਣੀ ਭਰਨ ਨਾਲ ਇਹ ਨਦੀਆਂ ਵਾਂਗ ਭਰ ਕੇ ਵਗਣ ਲੱਗ ਪਈਆਂ ਸਨ। ਸੈਨਾ ਅਤੇ ਘੋੜੇ ਠੰਡ ਦੀ ਮਾਰ ਨਾ ਸਹਾਰਦੇ ਹੋਏ ਮਰਨ ਲੱਗ ਪਏ। ਬਾਰਿਸ਼ ਕਈ ਦਿਨਾਂ ਬਾਅਦ ਰੁਕੀ ਤਾਂ ਸਿੰਘ ਹੱਥਾਂ ਵਿਚ ਕਿਰਪਾਨਾਂ ਸੂਤ ਕੇ ਸ਼ਾਹੀ ਸੈਨਾ ਦੇ ਮੁਕਾਬਲੇ ਲਈ ਉੱਤਰ ਆਏ। ਸਿੰਘਾਂ ਨੇ ਸਾਰਾ ਦਿਨ ਡਟ ਕੇ ਲੜਾਈ ਕੀਤੀ ਅਤੇ ਸ਼ਾਮ ਤਕ ਸ਼ਾਹੀ ਸੈਨਾ ਦਾ ਬਹੁਤ ਨੁਕਸਾਨ ਕਰਕੇ ਸ਼ਾਮ ਨੂੰ ਫੇਰ ਕਿਲ੍ਹੇ ਵਿਚ ਚਲੇ ਗਏ।

ਦੂਜੇ ਦਿਨ ਸਿੰਘਾਂ ਨੇ ਸ਼ਾਹੀ ਸੈਨਾ ਨੂੰ ਅੱਗੇ ਵਧਣ ਦਿੱਤਾ ਅਤੇ ਜਦੋਂ ਸੈਨਾ ਪੂਰੀ ਤਰ੍ਹਾਂ ਮਾਰ ਹੇਠ ਆ ਗਈ ਤਾਂ ਸਿੰਘਾਂ ਨੇ ਗੋਲੀਆਂ ਤੀਰਾਂ ਦਾ ਅਜਿਹਾ ਮੀਂਹ ਵਰਸਾਇਆ ਕਿ ਸ਼ਾਹੀ ਸੈਨਾ ਡਿੱਗਦੀ-ਢਹਿੰਦੀ ਪਿੱਛੇ ਹਟ ਗਈ। ਸਿੰਘ ਬਹੁਤ ਬਹਾਦਰੀ ਨਾਲ ਲੜਦੇ ਹੋਏ ੨੦-੨੦ ਨੂੰ ਮਾਰ ਕੇ ਸ਼ਹੀਦੀਆਂ ਪ੍ਰਾਪਤ ਕਰਦੇ ਰਹੇ। ਸ਼ਾਮ ਤਕ ਸ਼ਾਹੀ ਸੈਨਾ ਕਿਲ੍ਹੇ ਦੇ ਬਹੁਤ ਨੇੜੇ ਤਕ ਆ ਗਈ। ਕਿਲ੍ਹੇ ਨੇੜੇ ਦੀ ਅੱਧੀ ਤੋਂ ਜ਼ਿਆਦਾ ਖਾਈ ਲਾਸ਼ਾਂ ਨਾਲ ਭਰੀ ਹੋਈ ਸੀ। ਰਾਤ ਹੋਣ ਕਾਰਨ ਲੜਾਈ ਬੰਦ ਹੋ ਗਈ।

ਰਾਤ ਸਮੇਂ ਬਾਬਾ ਜੀ ਇਕ ਬਹਾਦਰ ਸਿੱਖ ਬਖਸ਼ੀ ਗੁਲਾਬ ਸਿੰਘ ਨੂੰ ਆਪਣੀ ਪੋਸ਼ਾਕ ਪਹਿਨਾ ਕੇ ੧੦-੧੨ ਹੋਰ ਸਿੰਘਾਂ ਨੂੰ ਕਿਲ੍ਹੇ ਵਿਚ ਛੱਡ ਕੇ ਬਾਕੀ ਦੇ ਸਿੰਘਾਂ ਨਾਲ ਇਕ ਜ਼ਬਰਦਸਤ ਹਮਲਾ ਕਰਕੇ ਵੈਰੀ ਦੀ ਕਮਜ਼ੋਰ ਬਾਹੀ ਤੋੜ ਕੇ ਨਾਹਨ ਦੀਆਂ ਪਹਾੜੀਆਂ ਵੱਲ ਨਿਕਲ ਗਏ। ਇੱਥੋਂ ਬਾਬਾ ਜੀ ਨੇ ਸਿੱਖਾਂ ਨੂੰ ਇਕੱਠੇ ਹੋਣ ਲਈ ਹੁਕਮਨਾਮੇ ਘਲੇ। ਡਾ. ਗੰਡਾ ਸਿੰਘ ਲਿਖਦਾ ਹੈ ਕਿ ਉਸਨੇ ਛੇਤੀ ਹੀ ਹੁਕਮਨਾਮੇ ਜਾਰੀ ਕਰਕੇ ਸਿੱਖਾਂ ਨੂੰ ਕੀਰਤਪੁਰ ਪੁੱਜਣ ਲਈ ਕਿਹਾ।

ਮੈਲਕਮ ਲਿਖਦਾ ਹੈ ਕਿ ਜੇਕਰ ਬਹਾਦਰ ਸ਼ਾਹ ਉੱਤਰੀ ਭਾਰਤ ਵਿਚ ਨਾ ਆਉਂਦਾ ਤਾਂ ਸੰਭਵ ਸੀ ਕਿ ਬਾਬਾ ਬੰਦਾ ਸਿੰਘ ਬਹਾਦਰ ਦੀ ਫ਼ੌਜ ਸਾਰੇ ਭਾਰਤ ਉਤੇ ਅਧਿਕਾਰ ਜਮਾ ਲੈਂਦੀ।

**ਬਾਬਾ ਬੰਦਾ ਸਿੰਘ ਬਹਾਦਰ ਦੀਆਂ ਗੁਫਾਵਾਂ:** ਰੋਪੜ ਨੇੜੇ ਬਾਬਾ ਬੰਦਾ ਸਿੰਘ ਬਹਾਦਰ ਨੇ ਸ਼ਿਵਾਲਕ ਦੀਆਂ ਪਹਾੜੀਆਂ ਨੂੰ ਖੋਦ-ਖੋਦ ਕੇ ਗੁਫਾਵਾਂ ਬਣਾਈਆਂ ਜੋ ਬਾਬਾ ਬੰਦਾ ਸਿੰਘ ਜੀ ਨੇ ਆਪਣੀ ਫ਼ੌਜ ਲਈ ਕਿਲ੍ਹੇ ਦੇ ਰੂਪ ਵਿਚ ਵਰਤੀਆਂ। ਉੱਪਰੋਂ ਦੇਖਣ

ਨੂੰ ਭਾਵੇਂ ਇਹ ਗੁਫਾਵਾਂ ਪਹਾੜੀਆਂ ਹੀ ਜਾਪਦੀਆਂ ਹਨ। ਪਰ ਕਲਾ ਦੇ ਇਸ ਅਜੂਬੇ ਨੂੰ ਦੇਖ ਕੇ ਇਨਸਾਨ ਹੈਰਾਨ ਰਹਿ ਜਾਂਦਾ ਹੈ। ਪਿੰਡ ਆਸਰੋ ਅਤੇ ਗੈਲ ਮਾਜਰਾ ਵਿਚ ਅੱਜ ਵੀ ਕੁਝ ਗੁਫਾਵਾਂ ਦੇਖੀਆਂ ਜਾ ਸਕਦੀਆਂ ਹਨ। ਤਕਰੀਬਨ ਫਰਲਾਂਗ ਕੁ ਲੰਬੀ ਇਕ ਗੁਫਾ ਜੋ ਚੜ੍ਹਦੇ ਤੋਂ ਲਹਿੰਦੇ, ਪਹਾੜੀ ਦੇ ਉੱਪਰਲੇ ਹਿੱਸੇ ਵਿਚ ਬਣੀ ਹੋਈ ਹੈ ਇਸ ਗੁਫਾ ਦੇ ਦੋਵੀਂ ਪਾਸੀਂ ਦਰਵਾਜ਼ੇ ਬਣੇ ਹੋਏ ਹਨ। ਇਹ ਦਰਵਾਜ਼ੇ ਦੁਸ਼ਮਣ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣ ਵਿਚ ਸਹਾਈ ਹੁੰਦੇ ਸਨ। ਲੱਗਭਗ ਇਨ੍ਹਾਂ ਸਾਰੀਆਂ ਗੁਫਾਵਾਂ ਦੇ ਪ੍ਰਵੇਸ਼-ਦੁਆਰ ਹਰਿਆਵਲ ਨਾਲ ਢੱਕੇ ਹੋਣ ਕਾਰਨ ਦੁਸ਼ਮਣ ਨੂੰ ਇਨ੍ਹਾਂ ਥਾਵਾਂ ਦਾ ਸੌਖਿਆਂ ਪਤਾ ਨਹੀਂ ਸੀ ਲੱਗਦਾ। ਇਨ੍ਹਾਂ ਗੁਫ਼ਾਵਾਂ ਦੀ ਖ਼ੂਬੀ ਇਹ ਹੈ ਕਿ ਇਹ ਗਰਮੀਆਂ ਵਿਚ ਠੰਡੀਆਂ ਅਤੇ ਸਰਦੀਆਂ ਵਿਚ ਨਿੱਘੀਆਂ ਰਹਿੰਦੀਆਂ ਹਨ।

ਪਹਾੜੀ ਦੇ ਹੇਠਲੇ ਹਿੱਸੇ ਵਿਚ ਬਣੀ ਇਕ ਹੋਰ ਗੁਫਾ ਵਿਚ ਬਣਿਆ ਇਕ ਕਮਰਾ ਮਨੁੱਖੀ ਮਿਹਨਤ ਦੀ ਕਮਾਲ ਦਾ ਨਮੂਨਾ ਹੈ। ਇਨ੍ਹਾਂ ਗੁਫਾਵਾਂ ਦੀ ਹਾਲਤ ਬਹੁਤ ਖਸਤਾ ਹੋ ਚੁੱਕੀ ਹੈ। ਇਕ ਗੁਫਾ ਤਾਂ ਢਹਿ ਜਾਣ ਕਾਰਨ ਬਿਲਕੁਲ ਬੰਦ ਹੋ ਚੁੱਕੀ ਹੈ। ਇਸੇ ਤਰ੍ਹਾਂ ਲੰਬੀ ਅਤੇ ਤੀਜੀ ਗੁਫਾ ਡਿੱਗਣ ਕਿਨਾਰੇ ਖੜ੍ਹੀ ਹੈ। ਜੇਕਰ ਇਨ੍ਹਾਂ ਗੁਫਾਵਾਂ ਦੀ ਮੁਰੰਮਤ ਹੋ ਜਾਵੇ ਤਾਂ ਇਨ੍ਹਾਂ ਨੂੰ ਡਿੱਗਣ ਤੋਂ ਬਚਾਇਆ ਜਾ ਸਕਦਾ ਹੈ। ਸੰਨ ੧੯੭੮ ਈ. ਵਿਚ ਜਦੋਂ ਪਹਿਲੀ ਵਾਰ ਇਨ੍ਹਾਂ ਗੁਫਾਵਾਂ ਨੂੰ ਦੇਖਿਆ ਗਿਆ ਤਾਂ ਉਸ ਸਮੇਂ ਇੰਵ ਪ੍ਰਤੀਤ ਹੁੰਦਾ ਸੀ ਕਿ ਇਹ ਇਤਿਹਾਸਕ ਕਲਾ ਕ੍ਰਿਤਾਂ ਰਹਿੰਦੀ ਦੁਨੀਆ ਤਕ ਬਰਕਰਾਰ ਰਹਿਣਗੀਆਂ ਪਰ ਵਰਖਾ ਅਤੇ ਪੌਦਿਆਂ ਦੀਆਂ ਜੜ੍ਹਾਂ ਗੁਫ਼ਾਵਾਂ ਦੇ ਅੰਦਰ ਆ ਜਾਣ ਕਾਰਨ ਇਹ ਤਬਾਹੀ ਦੇ ਕੰਢੇ ਆ ਗਈਆਂ ਹਨ। ਜਿਮਕਿਹਰ ਨਾਂ ਦੇ ਪਿੰਡ ਦਾ ਹੁਣ ਕੋਈ ਨਾਂ-ਨਿਸ਼ਾਨ ਨਹੀਂ ਰਿਹਾ, ਕਿਉਂਕਿ ਬਾਬਾ ਜੀ ਇਸ ਟਿਕਾਣੇ ਦਾ ਪਤਾ ਲੱਗਣ 'ਤੇ ਬਹਾਦਰ ਸ਼ਾਹ ਨੇ ਇੱਥੇ ਚੜ੍ਹਾਈ ਕਰ ਦਿੱਤੀ ਸੀ। ਭਾਰੀ ਯੁੱਧ ਹੋਣ ਕਾਰਨ ਇਹ ਪਿੰਡ ਪੂਰੀ ਤਰ੍ਹਾਂ ਤਬਾਹ ਹੋ ਗਿਆ ਸੀ ਅਤੇ ਬਾਬਾ ਜੀ ਦੀ ਫ਼ੌਜ ਦੇ ਅਨੇਕਾਂ ਸਿਪਾਹੀ ਆਪਣੀਆਂ ਪਤਨੀਆਂ ਸਮੇਤ ਸ਼ਹੀਦ ਹੋ ਗਏ ਸਨ। ਉਨ੍ਹਾਂ ਦੀਆਂ ਇੱਥੇ ੩੦੦ ਦੇ ਲੱਗਭਗ ਯਾਦਾਂ ਬਣੀਆਂ ਹੋਈਆਂ ਸਨ ਜਿਨ੍ਹਾਂ ਵਿੱਚੋਂ ਸਿਰਫ ੧੦-੧੫ ਹੀ ਬਾਕੀ ਬਚੀਆਂ ਹਨ, ਇਲਾਕੇ ਦੇ ਲੋਕ ਅੱਜ ਵੀ ਇਨ੍ਹਾਂ ਦਾ ਸਤਿਕਾਰ ਕਰਦੇ ਹਨ। ਇਨ੍ਹਾਂ ਮਮਟੀਆਂ ਅਤੇ ਗੁਫਾਵਾਂ ਦੇ ਦੱਖਣ ਵਾਲੇ ਪਾਸੇ ਵੱਸੇ ਪਿੰਡ ਦੇ ਕੁਝ ਸਿਆਣੇ ਵਿਅਕਤੀਆਂ ਤੋਂ ਪਤਾ ਲੱਗਾ ਕਿ ਜਿਮਕਹਿਰ ਨਾਂ ਦੇ ਪਿੰਡ ਬਾਰੇ ਭਾਵੇਂ ਕੋਈ ਜਾਣਕਾਰੀ ਨਹੀਂ ਮਿਲਦੀ ਪਰੰਤੂ ਉਸ ਖੇਤਰ ਦੇ ਪੀਣ ਵਾਲੇ ਪਾਣੀ ਦੇ ਖੂਹ ਅਤੇ ਮਹਿਲ ਜੋ ਪੱਥਰਾਂ ਦੇ ਬਣੇ ਹੋਏ ਸਨ ਤੋਂ ਚੌਰਸ ਕੱਟੇ ਹੋਏ ਪੱਥਰ ਕੱਢ ਕੇ ਉਨ੍ਹਾਂ ਨੇ ਆਪਣੇ ਮਕਾਨਾਂ ਦੀਆਂ ਕੰਧਾਂ ਵਿਚ ਜ਼ਰੂਰ ਲਾਏ ਹਨ। ਜੇ ਪਹਾੜੀ ਖੇਤਰ ਦੇ ਥੋੜ੍ਹੇ ਜਿਹੇ ਥਾਂ ਵਿਚ ਕਈ ਖੂਹ ਹੋਣ ਦੀ ਗੱਲ ਪੱਕੀ ਹੈ ਤਾਂ ਇਹ ਗੱਲ ਵੀ ਪੱਕੀ ਹੈ ਕਿ ਉੱਥੇ ਜਿਮਕਹਿਰ ਨਾਂ ਦਾ ਪਿੰਡ ਜ਼ਰੂਰ ਵੱਸਦਾ ਹੋਵੇਗਾ।

ਪਿੰਡ ਦੇ ਲੋਕਾਂ ਨੂੰ ਬਾਬਾ ਜੀ ਵੱਲੋਂ ਗੁਫਾਵਾਂ ਖੋਦੇ ਜਾਣ ਦੀ ਪੱਕੀ ਜਾਣਕਾਰੀ ਨਹੀਂ ਹੈ ਪਰ ਕੁਝ ਲੋਕਾਂ ਦਾ ਕਹਿਣਾ ਹੈ ਕਿ ਸੰਤ ਸੁੰਦਰ ਦਾਸ ਨੇ ਕੁਝ ਗੁਫਾਵਾਂ ਦੀ ਮੁਰੰਮਤ ਕਰਵਾਈ ਸੀ। ਜਿਸ ਵਿਚ ਪਿੰਡ ਦੇ ਕਈ ਬੰਦਿਆਂ ਨੇ ਯੋਗਦਾਨ ਪਾਇਆ ਸੀ। ਇਨ੍ਹਾਂ

ਗੁਫਾਵਾਂ ਨੂੰ ਕੋਈ ਸਿੱਧਾ ਰਸਤਾ ਨਹੀਂ ਜਾਂਦਾ ਸਗੋਂ ਇਕ ਚੋਅ ਵਿੱਚੋਂ ਦੀ ਲੰਘ ਕੇ ਜਾਣਾ ਪੈਂਦਾ ਹੈ। ਇਨ੍ਹਾਂ ਗੁਫਾਵਾਂ ਵਿਚ ਰਹਿੰਦਿਆਂ ਬਾਬਾ ਜੀ ਨੇ ਪਿੰਡਾਂ ਵਿਚ ਬੈਠੇ ਸਿੰਘਾਂ ਨੂੰ ਸੁਨੇਹੇ ਭੇਜ ਕੇ ਹਥਿਆਰ ਸਜਾ ਕੇ ਇਕੱਠੇ ਹੋਣ ਲਈ ਕਿਹਾ। ਬਹੁਤ ਸਾਰੇ ਸਿੰਘ ਬਾਬਾ ਜੀ ਨੂੰ ਇਥੇ ਆ ਕੇ ਮਿਲਣ ਲੱਗੇ। ਬਾਬਾ ਜੀ ਨੇ ਪਹਾੜੀ ਰਾਜਿਆਂ ਕੋਲੋਂ ਈਨ ਮਨਵਾਉਣੀ ਸ਼ੁਰੂ ਕਰ ਦਿੱਤੀ। ਜਦੋਂ ਕਹਿਲੂਰ ਦੇ ਰਾਜੇ ਭੀਮ ਚੰਦ ਨੇ ਈਨ ਮੰਨਣ ਤੋਂ ਇਨਕਾਰ ਕਰ ਦਿੱਤਾ ਤਾਂ ਕਹਿਲੂਰ 'ਤੇ ਚੜ੍ਹਾਈ ਕਰ ਦਿੱਤੀ ਅਤੇ ਰਾਜਾ ਹਾਰ ਗਿਆ। ਸਿੱਖਾਂ ਨੇ ਬਿਲਾਸਪੁਰ ਸ਼ਹਿਰ 'ਤੇ ਕਬਜ਼ਾ ਕਰ ਲਿਆ। ਡਾ. ਗੰਡਾ ਸਿੰਘ ਲਿਖਦੇ ਹਨ ਕਿ ਇਸ ਤੋਂ ਬਾਅਦ ਬਹੁਤ ਸਾਰੇ ਪਹਾੜੀ ਰਾਜਿਆਂ ਨੇ ਬਾਬਾ ਜੀ ਦੀ ਈਨ ਮੰਨ ਲਈ। ਬਾਬਾ ਜੀ ਨੇ ਇਕ ਹੋਰ ਜੰਗੀ ਨੁਕਤਾ-ਨਿਗਾਹ ਨਾਲ ਚੰਬੇ ਦੇ ਰਾਜੇ ਨਾਲ ਆਪਣੀ ਰਿਸ਼ਤੇਦਾਰੀ ਕਾਇਮ ਕੀਤੀ। ਸਿੰਘਾਂ ਨਾਲ ਵਿਚਾਰ ਕਰਕੇ ਉਸ ਨੇ ਚੰਬੇ ਦੀ ਰਾਜਕੁਮਾਰੀ ਨਾਲ ਵਿਆਹ ਕਰਵਾ ਲਿਆ। ਦਿੱਲੀ ਦੇ ਦਰਬਾਰ ਵਿਚ ਬਾਬਾ ਜੀ ਬਾਰੇ ਚਰਚਾ ਹੋਣ ਲੱਗੀ ਕਿ ਇਹ ਤਾਂ ਇਕੱਲਾ ਹੀ ਮਾਣ ਨਹੀਂ ਸੀ ਹੁਣ ਤਾਂ ਪਹਾੜੀ ਰਾਜਿਆਂ ਨਾਲ ਰਿਸ਼ਤੇਦਾਰੀ ਕਾਰਨ ਉਸ ਦੀ ਤਾਕਤ ਹੋਰ ਵਧ ਗਈ ਹੈ। ਬਾਬਾ ਬੰਦਾ ਸਿੰਘ ਬਹਾਦਰ ਪਠਾਨਕੋਟ ਦੇ ਰਸਤੇ ਅੱਗੇ ਵਧਣ ਲੱਗਾ। ਇੱਥੋਂ ਬਾਬਾ ਜੀ ਨੇ ਰਾਜਪੁਰ ਅਤੇ ਬਰਹਾਮਪੁਰ ਵੱਲ ਚਾਲੇ ਪਾ ਦਿੱਤੇ। ਬਹਾਦਰ ਸ਼ਾਹ ਨੇ ਰੁਸਤਮ ਦਿਲ ਖਾਨ ਨੂੰ ਟਾਕਰੇ ਲਈ ਭੇਜਿਆ। ਸਿੱਖਾਂ ਨੇ ਸ਼ਾਹੀ ਫ਼ੌਜ ਦਾ ਬਹੁਤ ਨੁਕਸਾਨ ਕੀਤਾ। ਸਿੱਖਾਂ ਨੇ ਸਾਰਾ ਇਲਾਕਾ ਆਪਣੇ ਕਬਜ਼ੇ ਵਿਚ ਕਰ ਲਿਆ। ਪਸਰੂਰ ਕੋਲ ਸ਼ਾਹੀ ਫ਼ੌਜਾਂ ਨੇ ਸਿੱਖਾਂ ਦਾ ਬਹੁਤ ਨੁਕਸਾਨ ਕੀਤਾ ਤੇ ਸਿੱਖ ਜੰਮੂ ਵੱਲ ਨੂੰ ਚਲੇ ਗਏ। ਪਿੰਡ ਦੇ ਗਰੀਬ ਲੋਕਾਂ 'ਤੇ ਸ਼ਾਹੀ ਫ਼ੌਜਾਂ ਨੇ ਇਨ੍ਹਾਂ ਕਹਿਰ ਕੀਤਾ ਕਿ ਅਣਗਿਣਤ ਲੋਕਾਂ ਨੂੰ ਗੁਲਾਮ ਬਣਾ ਕੇ ਲਾਹੌਰ ਦੀ ਘੋੜਾ ਮੰਡੀ ਵਿਚ ਪਸ਼ੂਆਂ ਵਾਂਗ ਵੇਚ ਦਿੱਤਾ ਗਿਆ।

੧੮ ਫਰਵਰੀ, ੧੭੧੨ ਈ. ਨੂੰ ਬਹਾਦਰ ਸ਼ਾਹ ਦੀ ਮੌਤ ਹੋ ਗਈ ਅਤੇ ਦਿੱਲੀ ਦੇ ਤਖ਼ਤ ਬਾਰੇ ਝਗੜਾ ਪੈ ਗਿਆ। ਬਾਬਾ ਬੰਦਾ ਸਿੰਘ ਬਹਾਦਰ ਵਾਸਤੇ ਇਹ ਸੁਨਹਿਰੀ ਮੌਕਾ ਸੀ। ਉਹ ਮੁੜ ਪਹਾੜੀਆਂ ਵਿਚੋਂ ਨਿਕਲ ਕੇ ਸਢੌਰੇ ਉੱਤੇ ਕਾਬਜ਼ ਹੋ ਗਿਆ ਅਤੇ ਸਿੱਖ ਫੇਰ ਤੋਂ ਖ਼ਾਲਸਾਈ ਝੰਡੇ ਥੱਲੇ ਇਕਠੇ ਹੋਣੇ ਸ਼ੁਰੂ ਹੋ ਗਏ।

**ਰਿਆਸੀ**: ਸੰਨ ੧੭੧੩ ਈ: ਤੋਂ ਲੈ ਕੇ ਸੰਨ ੧੭੧੫ ਈ: ਤਕ ਦਾ ਸਮਾਂ ਬਾਬਾ ਬੰਦਾ ਸਿੰਘ ਬਹਾਦਰ ਨੇ ਜੰਮੂ ਲਾਗੇ ਚਨਾਬ ਦੇ ਕੰਢੇ ਰਿਆਸੀ ਪਿੰਡ ਵਿਚ ਗੁਜ਼ਾਰਿਆ। ਇੱਥੇ ਰਾਜਕੁਮਾਰੀ ਸੁਸ਼ੀਲ ਕੌਰ ਦੀ ਕੁੱਖੋਂ ਪੁੱਤਰ ਅਜੈ ਸਿੰਘ ਨੇ ਜਨਮ ਲਿਆ। ਇੱਥੇ ਰਹਿੰਦੇ ਹੋਏ ਬਾਬਾ ਜੀ ਨੇ ਭਾਈ ਸ਼ਿਵ ਰਾਮ (ਕਪੂਰ) ਦੀ ਸਪੁੱਤਰੀ ਬੀਬੀ ਸਾਹਿਬ ਕੌਰ ਨਾਲ ਸ਼ਾਦੀ ਕੀਤੀ। ਬੀਬੀ ਸਾਹਿਬ ਕੌਰ ਮਹਾਨ ਸ਼ਹੀਦ ਭਾਈ ਹਕੀਕਤ ਰਾਏ ਦੀ ਭੂਆ ਸੀ। ਮਹਾਨ ਸਿੱਖ ਭਾਈ ਘਨੱਈਆ ਜੀ ਦੇ ਪੁੱਤਰ ਭਾਈ ਲੱਛੀ ਰਾਮ ਸਿੰਘ ਦੇ ਘਰ ਦੋ ਪੁੱਤਰੀਆਂ ਬੀਬੀ ਕੌਰਾਂ ਤੇ ਬੀਬੀ ਗੌਰਾਂ ਪੈਦਾ ਹੋਈਆਂ। ਇਨ੍ਹਾਂ ਦੋਵਾਂ ਭੈਣਾਂ ਦਾ ਵਿਆਹ ਇਕ ਸਿੱਖ ਭਾਈ ਨੰਦ ਰਾਮ ਦੇ ਪੁੱਤਰਾਂ ਭਾਈ ਬਾਘ ਮੱਲ ਤੇ ਭਾਈ ਭਾਗ ਮੱਲ ਨਾਲ ਹੋਇਆ। ਇਨ੍ਹਾਂ ਦੋਵੇਂ ਭਰਾਵਾਂ ਦੀ ਇਕ ਪਿਆਰੀ ਭੈਣ ਸੀ ਭਾਗਵੰਤੀ। ਭਾਗਵੰਤੀ ਦੀ ਸ਼ਾਦੀ ਭਾਈ ਸ਼ਿਵ ਰਾਮ ਕਪੂਰ ਨਾਲ ਹੋਈ। ਇਨ੍ਹਾਂ ਦੇ ਘਰ ਪੁੱਤਰੀ ਸਾਹਿਬ ਕੌਰ ਅਤੇ

ਪੁੱਤਰ ਸਾਹਿਬ ਸਿੰਘ ਦਾ ਜਨਮ ਹੋਇਆ। ਭਾਈ ਬਾਘ ਮੱਲ ਦਾ ਪੁੱਤਰ ਭਾਈ ਹਕੀਕਤ ਸਿੰਘ ਸ਼ਹੀਦ ਸੀ।

**ਬਟਾਲਾ, ਕਲਾਨੌਰ:** ਦਿੱਲੀ ਦੇ ਤਖ਼ਤ ਦਾ ਮੁਗਲ ਬਾਦਸ਼ਾਹ ਫਰੁਖ਼ਸੀਅਰ ਸੀ ਅਤੇ ਪੰਜਾਬ ਵਿਚ ਅਬਦੁਲ ਸਮਦ ਖਾਂ ਸੂਬੇਦਾਰ ਸੀ। ਇਨ੍ਹਾਂ ਦਿਨਾਂ ਵਿਚ ਜ਼ਕਰੀਆ ਖਾਂ ਜੰਮੂ ਅਤੇ ਪਹਾੜੀ ਇਲਾਕਿਆਂ ਵਿਚ ਰਹਿ ਰਿਹਾ ਸੀ ਜਿਸ ਵੱਲੋਂ ਸਿੱਖ ਕੌਮ 'ਤੇ ਭਾਰੀ ਤਸ਼ੱਦਦ ਕੀਤਾ ਜਾ ਰਿਹਾ ਸੀ। ਆਮ ਹਲਕਿਆਂ ਵਿਚ ਫ਼ੌਜਦਾਰਾਂ ਨੂੰ ਖੁਲੇਆਮ ਜ਼ੁਲਮ ਕਰਨ ਦੇ ਅਖਿਤਆਰ ਦਿੱਤੇ ਹੋਏ ਸਨ। ਕਲਾਨੌਰ ਵਿਚ ਫ਼ੌਜਦਾਰ ਸਹਿਰਾਬ ਖਾਂ ਸੀ, ਸੰਤੋਖ ਰਾਏ ਕਾਨੂੰਗੋ ਅਤੇ ਉਸ ਦੇ ਭਰਾ ਅਨੋਖ ਰਾਏ ਨੇ ਕਲਾਨੌਰ ਦੇ ਆਸ ਪਾਸ ਪਿੰਡਾਂ ਵਿਚ ਭਾਰੀ ਤਸ਼ੱਦਦ ਕਰਨਾ ਸ਼ੁਰੂ ਕਰ ਦਿੱਤਾ ਸੀ। ਇਲਾਕੇ ਦੇ ਲੋਕਾਂ ਨੇ ਦੁਖੀ ਹੋ ਕੇ ਬਾਬਾ ਜੀ ਪਾਸ ਫਰਿਆਦ ਕੀਤੀ। ਲੋਕਾਂ ਦੀ ਫਰਿਆਦ ਸੁਣ ਕੇ ਬਾਬਾ ਜੀ ਆਪਣੇ ਸਾਥੀਆਂ ਸਮੇਤ ਅਰਦਾਸਾ ਸੋਧ ਕੇ ਜੰਮੂ ਵੱਲੋਂ ਹੁੰਦੇ ਹੋਏ ਕਲਾਨੌਰ ਪਹੁੰਚੇ। ਬਾਬਾ ਜੀ ਨੇ ਸਹਿਰਾਬ ਖਾਂ ਫ਼ੌਜਦਾਰ ਨੂੰ ਆਪਣਾ ਰਵੱਈਆ ਬਦਲਣ ਲਈ ਸੁਨੇਹਾ ਭੇਜਿਆ ਉਸ ਨੇ ਇਸ ਦੀ ਕੋਈ ਪਰਵਾਹ ਨਾ ਕਰਦਿਆਂ ਹੋਇਆਂ ਅੱਗੋਂ ਜਵਾਬ ਦਿੱਤਾ ਕਿ ਸਰਹਿੰਦ ਦੀਆਂ ਜਿੱਤਾਂ ਦਾ ਮਾਣ ਨਾ ਕਰੋ ਅਸੀਂ ਕਲਾਨੌਰ ਦੇ ਹਾਕਮ ਹਿੰਦੂ ਮੁਸਲਮਾਨ ਇਕ ਮੁੱਠ ਹਾਂ, ਅਸੀਂ ਤੇਰਾ ਖੁਰਾ ਖੋਜ ਮਿਟਾ ਦਿਆਂਗੇ। ਬਾਬਾ ਜੀ ਨੇ ਇਸ ਅਹੰਕਾਰ ਭਰੇ ਉੱਤਰ ਨੂੰ ਸੁਣਦਿਆਂ ਸਾਰ ਸਿੰਘਾਂ ਸਮੇਤ ਉਸ ਨੂੰ ਸੋਧਣ ਲਈ ਚੜਾਈ ਕਰ ਦਿੱਤੀ। ਕਲਾਨੌਰ ਵਿਚ ਬਾਬਾ ਜੀ ਦੀ ਯਾਦ ਵਿਚ ਅੱਜਕਲ ਇਕ ਸੁੰਦਰ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ।

**ਪ੍ਰਤਾਪਗੜ੍ਹ:** ਬਾਬਾ ਬੰਦਾ ਸਿੰਘ ਜੀ ਬਹਾਦਰ ਜਦੋਂ ਚੰਬੇ ਤੋਂ ਹੁੰਦੇ ਹੋਏ ਗੁਰਦਾਸ ਨੰਗਲ ਜਾ ਰਹੇ ਸਨ ਤਾਂ ਧਾਰਕਲਾਂ ਤਹਿਸੀਲ ਦੇ ਇਲਾਕੇ ਵਿਚ ਠਹਿਰੇ ਜਿੱਥੇ ਅੱਜ-ਕਲ ਗੁਰਦੁਆਰਾ ਸਾਹਿਬ ਪ੍ਰਤਾਪਗੜ੍ਹ ਸੁਸ਼ੋਭਿਤ ਹੈ। ਇਸ ਗੁਰਦੁਆਰਾ ਸਾਹਿਬ ਵਿਖੇ ਲਿਖਾਵਟ ਦਰਜ ਹੈ। ਜੋ ਇਸ ਤਰ੍ਹਾਂ ਹੈ, "ਇਹ ਉਹ ਅਸਥਾਨ ਹੈ ਜਿੱਥੇ ਬਾਬਾ ਬੰਦਾ ਸਿੰਘ ਬਹਾਦਰ ਨੇ ਚੰਬੇ ਨੂੰ ਜਾਂਦੇ ਹੋਏ ਵਿਸ਼ਰਾਮ ਅਤੇ ਬੰਦਗੀ ਕੀਤੀ ਸੀ। ਇਸ ਅਸਥਾਨ ਤੇ ਮੈਦਾਨ ਅਤੇ ਪਹਾੜਾਂ ਵਲ ਦੇ ਸਾਰੇ ਰਾਹ ਸਮੇਤ ਨੂਰਪੁਰ ਅਤੇ ਜ਼ਿਲ੍ਹੇ ਦੀਆਂ ਰਾਜਸੀ ਸਰਗਰਮੀਆਂ ਤੇ ਨਿਗ੍ਹਾ ਰੱਖੀ ਜਾ ਸਕਦੀ ਹੈ। ਖਾਲਸਾ ਰਾਜ ਦੇ ਨਾਮਵਰ ਜਰਨੈਲ ਸ. ਜੋਰਾਵਰ ਸਿੰਘ ਨੇ ਤਿੱਬਤ ਅਤੇ ਏਸ਼ੀਆ ਦੇ ਇਲਾਕਿਆਂ ਨੂੰ ਖਾਲਸਾ ਰਾਜ ਵਿਚ ਸਥਾਪਿਤ ਕੀਤਾ। ਸਿਰਫ ਪਹਿਲੀ ਅਤੇ ਆਖਰੀ ਵਾਰ ਹਿੰਦੁਸਤਾਨ ਦੇ ਕਿਸੇ ਜਰਨੈਲ ਨੇ ਭੁਗੋਲਿਕ ਅਤੇ ਰਾਜਸੀ ਹੱਦਾਂ ਵਧਾਈਆਂ। ਪ੍ਰਤਾਪੀ ਜਿੱਤਾਂ ਦੇ ਸਦਕੇ ਇਸ ਅਸਥਾਨ ਦਾ ਨਾਂ ਗੁਰਦੁਆਰਾ ਸਾਹਿਬ ਪ੍ਰਤਾਪਗੜ੍ਹ ਪੈ ਗਿਆ ਹੈ।"

**ਗੁਰਦਾਸ ਨੰਗਲ:** ਗੁਰਦਾਸ ਨੰਗਲ ਦੀ ਕੱਚੀ ਗੜ੍ਹੀ ਵਿਚ ਬਾਬਾ ਬੰਦਾ ਸਿੰਘ ਬਹਾਦਰ ਅਤੇ ਹੋਰ ਸਿੰਘ, ਮੁਗ਼ਲਾਂ ਦੇ ਘੇਰੇ ਵਿਚ ਆ ਗਏ। ੧੭੧੫ ਈ. ਨੂੰ ਜਦੋਂ ਬਾਦਸ਼ਾਹ ਫਰੁਖ਼ਸੀਅਰ ਨੂੰ ਬਾਬਾ ਜੀ ਬਾਰੇ ਖ਼ਬਰ ਪੁੱਜੀ ਤਾਂ ਬਾਦਸ਼ਾਹ ਨੇ ਲਾਹੌਰ ਦੇ ਸੂਬੇਦਾਰ ਅਬਦੁਲ ਸਮਦ ਖਾ ਅਤੇ ਕੁਮਰਦੀਨ ਖਾਨ ਨੂੰ ੨੪੦੦੦ ਫ਼ੌਜ ਦੇ ਕੇ ਸਿੰਘਾਂ 'ਤੇ ਚੜ੍ਹਾਈ ਕਰਨ ਦਾ ਹੁਕਮ ਦਿੱਤਾ। ਇਸ ਵਿਚ ਅੱਧੇ ਘੋੜ-ਸਵਾਰ, ਅੱਧੇ ਪਿਆਦੇ ਅਤੇ ਤੋਪਖਾਨਾ

ਵੀ ਸ਼ਾਮਲ ਸੀ। ਮੁਗ਼ਲ ਫ਼ੌਜ ਨੇ ਗੁਰਦਾਸ ਨੰਗਲ ਦੇ ਇਕ ਟਿੱਬੇ 'ਤੇ ਕੱਚੀ ਗੜ੍ਹੀ ਨੂੰ ਆਣ ਘੇਰਿਆ। ਸਿੰਘਾਂ ਨੇ ਸ਼ਾਹੀ ਫ਼ੌਜ ਦਾ ਆਉਣਾ ਸੁਣ ਕੇ ਗੁਰਦਾਸ ਨੰਗਲ ਦੀ ਇਸ ਗੜ੍ਹੀ ਦੇ ਇਕ ਟਿੱਬੇ ਦੁਆਲੇ ਖਾਈ ਪੁੱਟ ਕੇ ਉਸ ਵਿਚ ਸ਼ਾਹੀ ਨਹਿਰ ਨੂੰ ਟੱਕ ਲਾ ਕੇ ਪਾਣੀ ਭਰ ਦਿੱਤਾ। ਇਸ ਤਰ੍ਹਾਂ ਕਰਨ ਨਾਲ ਬਾਹਰੋਂ ਕਿਸੇ ਵੀ ਆਦਮੀ ਜਾਂ ਘੋੜੇ ਦਾ ਆਉਣਾ ਮੁਸ਼ਕਿਲ ਹੋ ਗਿਆ। ਦਲੇਰ ਖਾਂ ਨੇ ਆ ਕੇ ਕਿਲ੍ਹੇ ਦਾ ਘੇਰਾ ਬਹੁਤ ਜ਼ਿਆਦਾ ਸਖ਼ਤ ਕਰ ਦਿੱਤਾ। ਜਿਹੜੇ ਸਿੰਘ ਪਿੰਡ ਵਿਚ ਦਾਣਾ ਪੱਠਾ ਲੈਣ ਗਏ ਹੋਏ ਸਨ ਉਹ ਸ਼ਾਹੀ ਸੈਨਾ ਦੇ ਕਾਬੂ ਆ ਗਏ ਅਤੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਕਤਲ ਕਰ ਦਿੱਤਾ ਗਿਆ। ਕਿਲ੍ਹੇ ਅੰਦਰ ਘਾਹ ਦਾ ਇਕ ਤਿਣਕਾ ਤੇ ਅੰਨ ਦਾ ਇਕ ਦਾਣਾ ਵੀ ਨਹੀਂ ਸੀ ਜਾਣ ਦਿੱਤਾ ਗਿਆ। ਮੁੱਠੀ ਭਰ ਸਿੰਘਾਂ ਨੇ ਜ਼ਾਲਮਾਂ ਦਾ ਡਟ ਕੇ ਮੁਕਾਬਲਾ ਕੀਤਾ। ਦੁਸ਼ਮਣਾਂ ਅੰਦਰ ਸਿੱਖਾਂ ਦਾ ਇੰਨਾ ਜ਼ਿਆਦਾ ਭੈਅ ਬੈਠ ਚੁੱਕਾ ਸੀ ਕਿ ਉਹ ਅੱਲ੍ਹਾ ਪਾਸ ਇਹ ਦੁਆਵਾਂ ਕਰਦੇ ਸਨ ਕਿ ਕਾਸ਼, ਬੰਦਾ ਸਿੰਘ ਗੜ੍ਹੀ ਛੱਡ ਕੇ ਦੌੜ ਜਾਏ ਕਿਉਂਕਿ ਬਾਬਾ ਜੀ ਦੀ ਜਾਦੂਮਈ ਸ਼ਕਤੀ ਤੋਂ ਮੁਗ਼ਲ ਜ਼ਿਆਦਾ ਭੈਅਭੀਤ ਹੋ ਚੁੱਕੇ ਸਨ। ਸਿੰਘ ੮ ਮਹੀਨੇ ਤਕ ਮੁਗ਼ਲਾਂ ਦਾ ਮੁਕਾਬਲਾ ਕਰਦੇ ਰਹੇ। ਗੁਰਦਾਸ ਨੰਗਲ ਦੀ ਇਸ ੮ ਮਹੀਨੇ ਦੀ ਲੜਾਈ ਨੇ ਸਿੱਖ ਕੌਮ ਦਾ ਇਕ ਨਵਾਂ ਇਤਿਹਾਸ ਸਿਰਜਿਆ। ਅਸਰਾਰਿ ਸਮੱਦੀ ਵਿਚ ਲਿਖਿਆ ਹੈ, "ਉਸ (ਬੰਦਾ ਸਿੰਘ ਬਹਾਦਰ) ਦੀ ਹਾਲਤ ਇਤਨੀ ਪਤਲੀ ਹੋ ਗਈ ਕਿ ਤੂੰ ਕਹੇਂਗਾ ਕਿ ਉਸ ਨੇ ਗਰੀਬੀ ਦੇ ਕੋਨੇ ਵਿਚ ਸੌ ਚਲੀਹੇ ਕੱਟੇ ਹੋਣ।... ਅਨਾਜ ਦਾ ਦਾਣਾ ਮੋਤੀ ਦੇ ਦਾਣੇ ਵਾਂਗ ਮਹਿੰਗਾ ਹੋ ਗਿਆ ਅਤੇ ਪਾਣੀ ਦੀ ਬੂੰਦ ਆਦਮੀਆਂ ਦੇ ਚਿਹਰੇ ਦੀ ਰੌਣਕ ਵਾਂਗ ਅਲੋਪ ਹੋ ਗਈ (ਸਿੱਖ) ਦਰੱਖਤਾਂ ਦੀ ਛਿੱਲ ਨੂੰ ਪੰਛੀ ਦੇ ਮਾਸ ਜਿਹੀ ਅਨਮੋਲ ਅਤੇ ਬ੍ਰਿਛਾਂ ਦੇ ਪੱਤੇ ਅਤੇ ਛਿਲਕੇ ਨੂੰ ਸਵਾਦੀ ਭੋਜਨ ਨਾਲੋਂ ਚੰਗਾ ਜਾਣਦੇ ਸਨ। ਉਨ੍ਹਾਂ ਦੇ ਚਿਹਰਿਆਂ ਉਤੇ ਰੌਣਕ ਨਾ ਰਹੀ ਸਗੋਂ ਰੰਗ ਕਣਕਵੰਨਾ ਵੀ ਨਾ ਰਿਹਾ।

... ਜੇ ਉਹ ਤ੍ਰੇਹ ਨਾਲ ਨਾ ਮਰਦੇ ਤਾਂ ਉਹ ਠੰਡ ਨਾਲ ਮਰ ਜਾਂਦੇ। ਜੇ ਹੌਕੇ ਦੀ ਅੱਗ ਉਨ੍ਹਾਂ ਨਾਲ ਨਿਆਂ ਕਰਨ ਨੂੰ ਬੋਹੜਦੀ ਤਾਂ ਉਹ ਉਨੀਂਦਰੇ ਹੀ ਮਾਰੇ ਜਾਂਦੇ।... ਭੁੱਖ ਨਾਲ ਉਹ ਏਕਮ ਦੇ ਚੰਦ ਵਾਂਗ ਕੁੱਬੇ ਹੋ ਗਏ। ਜੇ ਉਹ ਸੂਰਜ ਦੀ ਟਿਕੀ ਦੇਖਦੇ ਤਾਂ ਉਹ ਆਸ ਨਾਲ ਦੰਦ ਖੋਲ੍ਹਦੇ ਭਾਵ ਉਸ ਨੂੰ ਖਾਣ ਲਈ ਮੂੰਹ ਖੋਲ੍ਹ ਲੈਂਦੇ। ਉਹ ਧਰਤੀ ਦੀ ਮਿੱਟੀ ਖੰਡ ਵਾਂਗ ਚਟਮ ਕਰ ਗਏ।

**ਦਿੱਲੀ, ਮਹਿਰੋਲੀ:** ਦਸੰਬਰ ੧੭੧੫ ਈ. ਨੂੰ ਗੜ੍ਹੀ 'ਤੇ ਸ਼ਾਹੀ ਫ਼ੌਜ ਨੇ ਕਬਜ਼ਾ ਕਰ ਲਿਆ। ੩੦੦ ਦੇ ਕਰੀਬ ਸਿੰਘਾਂ ਨੂੰ ਥਾਂ 'ਤੇ ਹੀ ਸ਼ਹੀਦ ਕਰ ਦਿੱਤਾ ਗਿਆ। ਬਾਬਾ ਜੀ ਦੇ ੨੦੦ ਸਾਥੀ ਗੁਰਦਾਸ ਨੰਗਲ ਤੋਂ ਜਲੂਸ ਦੀ ਸ਼ਕਲ ਵਿਚ ਪਹਿਲਾਂ ਲਾਹੌਰ ਅਤੇ ਫਿਰ ਦਿੱਲੀ ਲਿਜਾਏ ਗਏ। ਰਸਤੇ ਵਿਚ ਹੋਰ ਗ੍ਰਿਫ਼ਤਾਰੀਆਂ ਉਪਰੰਤ ਸਿੰਘਾਂ ਦੀ ਗਿਣਤੀ ੭੪੦ ਤਕ ਪੁੱਜ ਗਈ। ਬਾਬਾ ਜੀ ਨੂੰ ਸੰਗਲਾਂ ਨਾਲ ਜਕੜ ਕੇ ਲੋਹੇ ਦੇ ਪਿੰਜਰੇ ਵਿਚ ਕੈਦ ਕਰ ਕੇ ਹਾਥੀ 'ਤੇ ਬਿਠਾਇਆ ਗਿਆ। ਇਹ ਜਲੂਸ ਫਰਵਰੀ, ੧੭੧੬ ਈ. ਨੂੰ ਦਿੱਲੀ ਦੇ ਲਾਲ ਕਿਲ੍ਹੇ ਵਿਚ ਦਾਖਲ ਹੋਇਆ। ਜ਼ਕਰੀਆ ਖਾਂ ਨੇ ਸ਼ਾਹੀ ਖ਼ਜ਼ਾਨੇ ਦੇ ਇੰਚਾਰਜ ਨੂੰ ਪ੍ਰਾਪਤ ਕੀਤੇ ਕੀਮਤੀ ਮਾਲ ਤੇ ਹਥਿਆਰ ਦਿੱਤੇ। ਇਹ ਹਥਿਆਰ ਇਸ

ਤਰ੍ਹਾਂ ਸਨ- ਤਲਵਾਰਾਂ ੧੦੦੦, ਢਾਲਾਂ ੨੭੮, ਤੀਰ ਕਮਾਨ ੧੭੩, ਤੋੜੇਦਾਰ ਬੰਦੂਕਾਂ ੧੮੦, ਜੰਮਦਾਰ ਖੰਜਰ ੧੧੪, ਜਰਦਾਂ ੨੧੭, ਸੋਨੇ ਦੀਆਂ ਮੋਹਰਾਂ ੨੩, ਰੁਪਏ ੬੦੦ ਅਤੇ ਕੁਝ ਸੋਨੇ ਦੇ ਗਹਿਣੇ।

੫ ਮਾਰਚ ੧੭੧੬ ਈ. ਨੂੰ ਚਾਂਦਨੀ ਚੌਂਕ ਦੇ ਸਾਹਮਣੇ ਸਿੱਖ ਕੈਦੀਆਂ ਦਾ ਕਤਲ-ਏ-ਆਮ ਸ਼ੁਰੂ ਹੋਇਆ। ਹਰ ਰੋਜ਼ ੧੦੦ ਸਿੱਖ ਚਬੂਤਰਾ ਕੋਤਵਾਲੀ ਵਿਖੇ ਲਿਆ ਕੇ ਕਤਲ ਕੀਤੇ ਜਾਂਦੇ ਸਨ ਪਰ ਕੋਈ ਸਿੱਖ ਵੀ ਆਪਣੇ ਧਰਮ ਤੋਂ ਨਾ ਡੋਲਿਆ। ਚਬੂਤਰਾ ਕੋਤਵਾਲੀ ਚਾਂਦਨੀ ਚੌਂਕ ਵਿਚ ਗੁਰਦੁਆਰਾ ਸੀਸ ਗੰਜ ਅਤੇ ਸੁਨਹਿਰੀ ਮਸਜਿਦ ਦੇ ਵਿਚਕਾਰ ਹੁੰਦੀ ਸੀ। ਇਸ ਜਗ੍ਹਾ ਤੇ ਅੱਜਕਲ੍ਹ ਇਕ ਸਕੂਲ ਚਲਾਇਆ ਜਾ ਰਿਹਾ ਹੈ। ੧੧ ਹਾੜ ੧੭੭੩ ਬਿਕ੍ਰਮੀ ਨੂੰ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ੨੬ ਚੋਣਵੇਂ ਸਾਥੀਆਂ ਨੂੰ ਕਿਲ੍ਹੇ ਤੋਂ ਬਾਹਰ ਲਿਆਂਦਾ ਗਿਆ। ਬਾਬਾ ਜੀ ਨੂੰ ਸ਼ਹੀਦ ਕਰਨ ਦੀ ਜ਼ਿੰਮੇਵਾਰੀ ਮੀਰ ਆਤਿਸ਼ ਇਬਰਾਹੀਮ-ਓ-ਦੀਨ ਖਾਂ ਨੂੰ ਸੌਂਪੀ ਗਈ। ਬਾਬਾ ਜੀ ਨੂੰ ਕਤਲ ਕਰਨ ਤੋਂ ਪਹਿਲਾਂ ਮਹਿਰੌਲੀ ਵਿਖੇ ਕੁਤਬ ਮੀਨਾਰ ਦੇ ਪਾਸ ਲਿਜਾਇਆ ਗਿਆ। ਉਨ੍ਹੀਂ ਦਿਨੀਂ ਕੁਤਬਦੀਨ ਬੁਖਤਿਆਰ ਕਾਕੀ ਦੀ ਮਜ਼ਾਰ 'ਤੇ ਉਰਸ ਮਨਾਇਆ ਜਾ ਰਿਹਾ ਸੀ, ਜਿਸ ਕਾਰਨ ਭਾਰੀ ਮਾਤਰਾ ਵਿਚ ਲੋਕ ਉੱਥੇ ਆਏ ਹੋਏ ਸਨ। ਬਾਬਾ ਜੀ ਨੂੰ ਸਭ ਤੋਂ ਪਹਿਲਾਂ ਕੁਤਬਦੀਨ ਬੁਖਤਿਆਰ ਕਾਕੀ ਦੀ ਕਬਰ ਦੇ ਆਲੇ-ਦੁਆਲੇ ਘੁਮਾਇਆ ਗਿਆ ਅਤੇ ਫੇਰ ਕੁਤਬਦੀਨ ਬੁਖਤਿਆਰ ਕਾਕੀ ਦੀ ਮਜਾਰ ਵੱਲ ਆਉਂਦੀ ਸੜਕ 'ਤੇ ਬਣੇ ਦਰਵਾਜ਼ੇ ਵਿਚਕਾਰ ਬੈਠਾ ਕੇ ਬਾਬਾ ਜੀ ਦੇ ਪੁੱਤਰ ਅਜੈ ਸਿੰਘ ਨੂੰ ਕਤਲ ਕਰ ਕੇ ਉਸਦਾ ਧੜਕਦਾ ਦਿਲ ਬਾਬਾ ਜੀ ਦੇ ਮੂੰਹ ਵਿਚ ਤੁੰਨਿਆ ਗਿਆ ਪਰ ਗੁਰੂ ਦਾ ਸਿਦਕੀ ਸਿੱਖ ਡੋਲਿਆ ਨਹੀਂ ਸਗੋਂ ਚੜ੍ਹਦੀ ਕਲਾ ਵਿਚ ਰਹਿੰਦਿਆਂ ਧਰਮ 'ਤੇ ਦ੍ਰਿੜ੍ਹ ਰਿਹਾ।

ਉਸ ਤੋਂ ਬਾਅਦ ਬਾਬਾ ਜੀ ਨੂੰ ਤਸੀਹੇ ਦੇਣ ਦੀ ਅੱਤ ਕਰ ਦਿੱਤੀ ਗਈ। ਥਾਂ-ਥਾਂ ਤੋਂ ਬਾਬਾ ਜੀ ਦੇ ਸਰੀਰ ਦਾ ਮਾਸ ਨੋਚਿਆ ਗਿਆ ਅਤੇ ਟੋਟੇ-ਟੋਟੇ ਕਰ ਕੇ ਸਰੀਰ ਨੂੰ ਕੋਹਿਆ ਗਿਆ ਪਰ ਬਾਬਾ ਜੀ ਭਾਣਾ ਮੰਨਦੇ ਹੋਏ ਮਾਨਸਿਕ-ਆਤਮਿਕ ਤੌਰ 'ਤੇ ਪੂਰੀ ਚੜ੍ਹਦੀ ਕਲਾ ਵਿਚ ਰਹਿ ਕੇ ਆਪਣੇ ਸਰੀਰ 'ਤੇ ਇਹ ਤਸੀਹੇ ਸਹਾਰਦੇ ਹੋਏ ਇਕ ਸੂਰਬੀਰ ਯੋਧੇ ਵਾਂਗ ਸ਼ਹਾਦਤ ਦਾ ਜਾਮ ਪੀ ਗਏ। ਇਬਰਾਹੀਨ ਲਿਖਦਾ ਹੈ ਕਿ ਸਭ ਤੋਂ ਪਹਿਲਾਂ ਜੱਲਾਦਾਂ ਨੇ ਖੰਜਰ ਮਾਰ ਕੇ ਬੰਦੇ (ਬਾਬਾ ਬੰਦਾ ਸਿੰਘ ਬਹਾਦਰ) ਦੀ ਸੱਜੀ ਅੱਖ ਕੱਢ ਦਿੱਤੀ ਅਤੇ ਫੇਰ ਖੱਬਾ ਪੈਰ ਕੱਟ ਦਿੱਤਾ। ਫੇਰ ਉਸ ਦੇ ਦੋਵੇਂ ਹੱਥ ਕੱਟ ਦਿੱਤੇ ਗਏ ਉਸ ਤੋਂ ਬਾਅਦ ਅੱਗ ਦੇ ਸੇਕ ਨਾਲ ਲਾਲ ਕੀਤੇ ਜੰਮੂਰਾਂ ਨਾਲ ਉਸ ਦਾ ਮਾਸ ਨੋਚਿਆ ਗਿਆ। ਜਦੋਂ ਉਸ ਦੇ ਸਰੀਰ ਦੀਆਂ ਹੱਡੀਆਂ ਦਾ ਸਫੇਦ ਢਾਂਚਾ ਨਜ਼ਰ ਆਉਣ ਲੱਗਾ ਤਾਂ ਉਸ ਦੇ ਸਰੀਰ ਦਾ ਅੰਗ-ਅੰਗ ਕੱਟ ਕੇ ਅਲੱਗ-ਅਲੱਗ ਕਰ ਦਿੱਤਾ। ਸੈਰੂਲ ਮੁਤਖਾਰੀਨ ਦਾ ਲੇਖਕ ਲਿਖਦਾ ਹੈ ਕਿ ਬੰਦੇ (ਬਾਬਾ ਬੰਦਾ ਸਿੰਘ ਬਹਾਦਰ) ਨੇ ਇਹ ਅੱਤਿਆਚਾਰ ਬੜੀ ਦਲੇਰੀ ਨਾਲ ਸਹਿਨ ਕੀਤਾ। ਉਸ ਦੇ ਬਾਕੀ ਬਚੇ ਸਾਥੀਆਂ ਨੂੰ ਵੀ ਕਤਲ ਕਰਕੇ ਸ਼ਹੀਦ ਕਰ ਦਿੱਤਾ ਗਿਆ। 'ਹਕੀਕਤ-ਏ-ਬਿਨਾ-ਵ-ਉਰੂਜ਼-ਏ-ਫ਼ਿਰਕਾ-ਏ-ਸਿੱਖਾਂ' ਵਿਚ ਜ਼ਿਕਰ ਹੈ ਕਿ ਜਿਹੜੇ ਸਿੱਖ ਸ਼ਹਿਰ ਵਿਚ ਦੁਕਾਨਦਾਰੀ

ਕਰਦੇ ਸਨ ਤੇ ਪ੍ਰਚੂਨੀਏ ਸਨ, ਉਨ੍ਹਾਂ ਨੇ ਪ੍ਰਵਾਨਗੀ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਦੀ ਲਾਸ਼ ਨੂੰ ਚੁੱਕ ਲਿਆ ਤੇ ਸ਼ਹਿਰੋਂ ਬਾਹਰ ਲਿਜਾ ਕੇ ਬਾਰਾਂ-ਪੁਲਾ ਦੇ ਸਥਾਨ 'ਤੇ ਉਸ ਦਾ ਸਸਕਾਰ ਕਰ ਦਿੱਤਾ।

ਸੋ ਕਿਹਾ ਜਾ ਸਕਦਾ ਹੈ ਕਿ ਜੰਗ ਦੇ ਮੈਦਾਨ ਵਿਚ ਬਾਬਾ ਬੰਦਾ ਸਿੰਘ ਬਹਾਦਰ ਆਪਣੇ ਉਪਨਾਮ ਦੇ ਸਹੀ ਸੱਚੇ ਅਰਥਾਂ ਵਿਚ ਬਹਾਦਰ ਸੂਰਬੀਰ ਅਤੇ ਬੜਾ ਦਲੇਰ ਸੀ ਅਤੇ ਕਈ ਵਾਰ ਦਲੇਰੀ ਵਿਚ ਬੇਪਰਵਾਹੀ ਦੀ ਹੱਦ ਤਕ ਚਲਾ ਜਾਂਦਾ ਸੀ। ਉਸ ਦੀ ਸਭ ਤੋਂ ਵੱਡੀ ਖ਼ਾਸੀਅਤ ਇਹ ਸੀ ਕਿ ਉਸ ਨੇ ਵੈਰੀਆਂ ਦੀ ਤਰ੍ਹਾਂ ਕੋਈ ਵਧੀਕੀਆਂ ਨਹੀਂ ਸਨ ਕੀਤੀਆਂ। ਮੁਸਲਮਾਨ ਲਿਖਾਰੀਆਂ ਨੇ ਉਸ ਨੂੰ ਜਿਸ ਪ੍ਰਕਾਰ ਭੈੜੇ ਰੰਗ ਵਿਚ ਰੰਗਣ ਦਾ ਯਤਨ ਕੀਤਾ ਹੈ, ਉਸ ਬਾਰੇ ਥੌਰਨਟਨ ਲਿਖਦਾ ਹੈ, "ਅਜਿਹੇ ਮਾਮਲੇ ਵਿਚ ਕਿਸੇ ਮੁਸਲਮਾਨ ਲਿਖਾਰੀ ਉੱਤੇ ਪੂਰੀ ਤਰ੍ਹਾਂ ਭਰੋਸਾ ਨਹੀਂ ਕੀਤਾ ਜਾ ਸਕਦਾ।" ਉਹ ਕਦੀ ਪਹਿਲਾਂ ਛੇੜਖਾਨੀ ਨਹੀਂ ਸੀ ਕਰਦਾ ਅਤੇ ਨਾ ਹੀ ਕਿਸੇ ਉੱਤੇ ਸਖ਼ਤੀ ਕਰਦਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਥਨ ਦੇ ਬਿਲਕੁਲ ਅਨੁਰੂਪ ਉਹ ਉਸੇ ਵੇਲੇ ਤੇਗ ਫੜਨਾ ਜਾਇਜ਼ ਸਮਝਦਾ ਸੀ ਜਦੋਂ ਹੋਰ ਕੋਈ ਵਸੀਲਾ ਬਾਕੀ ਨਾ ਰਹਿ ਜਾਏ। ਜਦੋਂ ਅਸੀਂ ਉਨ੍ਹਾਂ ਹਾਲਾਤਾਂ ਵੱਲ ਨਜ਼ਰ ਮਾਰਦੇ ਹਾਂ ਜਿਨ੍ਹਾਂ ਵਿਚ ਬਾਬਾ ਜੀ ਨੂੰ ਤੇਗ ਫੜਨ ਲਈ ਮਜਬੂਰ ਹੋਣਾ ਪਿਆ ਤਾਂ ਸਾਨੂੰ ਪ੍ਰਤੱਖ ਮਾਲੂਮ ਹੁੰਦਾ ਹੈ ਕਿ ਉਹ ਅਕਾਰਨ ਹੀ ਕੋਈ ਸਖ਼ਤੀ ਨਹੀਂ ਸੀ ਕਰਦੇ ਬਲਕਿ ਉਹ ਤਾਂ ਅਕਾਰਨ ਜ਼ੁਲਮ ਕਰਨ ਵਾਲਿਆਂ ਦੇ ਵੈਰੀ ਸਨ ਜਿਨ੍ਹਾਂ ਨੂੰ ਕਿ ਰੱਬ ਵੱਲੋਂ ਦੰਡ ਮਿਲਣ ਵਿਚ ਦੇਰ ਹੋ ਗਈ ਜਾਪਦੀ ਸੀ। ਉਹ ਕੇਵਲ ਦੇਸ਼-ਸੇਵਾ ਦੇ ਭਾਵ ਨਾਲ ਜੰਗ ਵਿਚ ਕੁੱਦਿਆ ਸੀ ਜਿਸ ਦੀ ਭਾਵਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਦੇ ਮਨ ਵਿਚ ਜਗਾਈ ਸੀ ਅਤੇ ਜਦ ਇਕ ਵਾਰੀ ਜੰਗ ਛਿੜ ਪਈ ਤਾਂ ਫੇਰ ਉਹ ਪਿੱਛੇ ਰਹਿਣ ਵਾਲਾ ਨਹੀਂ ਸੀ, ਬਲਕਿ ਵੈਰੀ ਦੇ ਹੱਲੇ ਤੋਂ ਪਹਿਲਾਂ ਸੱਟ ਮਾਰਨ ਵਿਚ ਆਪਣਾ ਬਚਾਉ ਸਮਝਦਾ ਸੀ। ਉਸ ਦਾ ਜੰਗੀ ਨਜ਼ਰੀਆ ਬੇਹੱਦ ਯਥਾਰਥਵਾਦੀ ਸੀ। ਉਸ ਨੇ ਆਪਣੇ ਆਦਮੀਆਂ ਨੂੰ ਕਦੀ ਬੇਲੋੜੇ ਜੰਗ ਵਿਚ ਨਹੀਂ ਝੋਕਿਆ ਅਤੇ ਸਾਰੇ ਉਤਰਾਅ-ਚੜ੍ਹਾਅ ਵੇਖਣ ਤੋਂ ਬਗ਼ੈਰ ਕਦੀ ਲੜਾਈ ਵਿਚ ਨਹੀਂ ਸੀ ਕੁੱਦਦਾ ਅਤੇ ਜਿਵੇਂ ਮੌਕਾ ਹੁੰਦਾ ਸੀ ਉਹ ਜੰਗ ਵਿਚ ਡਟ ਜਾਂਦਾ ਜਾਂ ਪਿੱਛੇ ਹਟ ਜਾਂਦਾ ਸੀ। ਉਹ ਘੱਟ ਤੋਂ ਘੱਟ ਨੁਕਸਾਨ ਨਾਲ ਵੱਧ ਤੋਂ ਵੱਧ ਸਫਲਤਾ ਪ੍ਰਾਪਤ ਕਰਨ ਦਾ ਜਤਨ ਕਰਦਾ ਸੀ। ਭਾਵੇਂ ਸਿੰਘਾਂ ਪਾਸ ਜੰਗ ਦਾ ਸਾਮਾਨ ਬੜਾ ਹੀ ਥੋੜ੍ਹਾ ਸੀ ਅਤੇ ਮੁਗ਼ਲ ਹਕੂਮਤ ਦੇ ਟਾਕਰੇ 'ਤੇ ਆਟੇ ਵਿਚ ਲੂਣ ਬਰਾਬਰ ਭੀ ਨਹੀਂ ਸੀ, ਤਾਂ ਭੀ ਜੋ ਸਫਲਤਾ ਉਸ ਨੂੰ ਪ੍ਰਾਪਤ ਹੋਈ ਉਸ ਦਾ ਕਾਰਨ ਬੰਦਾ ਸਿੰਘ ਦੀ ਅਥਾਹ ਦਲੇਰੀ ਅਤੇ ਫੁਰਤੀ ਸੀ ਜਿਸ ਨੂੰ ਸਿੰਘਾਂ ਦੀ ਅਜਿੱਤ ਸਪਿਰਿਟ ਅਤੇ ਅਡੋਲ ਬਹਾਦੁਰੀ ਤੋਂ ਸਹਾਇਤਾ ਮਿਲਦੀ ਸੀ। ਇਨ੍ਹਾਂ ਦੇ ਪਿੱਛੇ ਉਹ ਤਾਕਤ ਅਤੇ ਦ੍ਰਿੜ੍ਹਤਾ ਕੰਮ ਕਰ ਰਹੀ ਸੀ ਜੋ ਕੇਵਲ ਧਰਮ, ਨੀਅਤ ਦੀ ਪਵਿੱਤਰਤਾ ਅਤੇ ਨਿਸ਼ਕਾਮ ਦੇਸ਼ ਸੇਵਾ ਦੇ ਜਜ਼ਬੇ ਤੋਂ ਹੀ ਪ੍ਰਾਪਤ ਹੁੰਦੀ ਅਤੇ ਟਿਕੀ ਰਹਿ ਸਕਦੀ ਹੈ। ਜਦ ਕਦੀ ਅਤਿ ਦੀ ਬਿਪਤਾ ਅਤੇ ਭੀੜ ਵੀ ਆ ਬਣੀ, ਉਸ ਨੂੰ ਸ਼ੋਕ ਅਤੇ ਨਿਰਾਸ਼ਤਾ ਨੇ ਬਲਹੀਣ ਨਹੀਂ ਕੀਤਾ ਬਲਕਿ ਉਹ ਹਰ ਹਾਲਤ ਵਿਚ ਚੜ੍ਹਦੀਆਂ ਕਲਾ ਵਿਚ ਰਿਹਾ। ■

ਗਾਗਰ 'ਚ ਸਾਗਰ-- ੭੬

# ਏਕ ਗਯਾਨ ਕੇ ਬਿਹੀਨ ਛੀਨ ਕੈਸੇ ਕੈ ਤਰਤ ਹੈਂ

*-ਡਾ. ਇੰਦਰਜੀਤ ਸਿੰਘ ਗੋਗੋਆਣੀ**

*ਖੂਕ ਮਲਹਾਰੀ ਗਜ ਗਦਹਾ ਬਿਭੂਤਧਾਰੀ*
*ਗਿਦੂਆ ਮਸਾਨ ਬਾਸ ਕਰਿਓ ਈ ਕਰਤ ਹੈਂ॥*
*ਘੁਘੂ ਮਟ ਬਾਸੀ ਲਗੇ ਡੋਲਤ ਉਦਾਸੀ*
*ਮ੍ਰਿਗ ਤਰਵਰ ਸਦੀਵ ਮੋਨ ਸਾਧੇ ਈ ਮਰਤ ਹੈਂ॥*
*ਬਿੰਦ ਕੇ ਸਧੱਯਾ ਤਾਹਿ ਹੀਜ ਕੀ ਬਡੱਯਾ*
*ਦੇਤ ਬੰਦਰਾ ਸਦੀਵ ਪਾਇ ਨਾਗੇ ਈ ਫਿਰਤ ਹੈਂ॥*
*ਅੰਗਨਾ ਅਧੀਨ ਕਾਮ ਕ੍ਰੋਧ ਮੈ ਪ੍ਰਬੀਨ*
*ਏਕ ਗਿਆਨ ਕੇ ਬਿਹੀਨ ਛੀਨ ਕੈਸੇ ਕੈ ਤਰਤ ਹੈਂ॥ (ਅਕਾਲ ਉਸਤਤ)*

ਭਾਰਤੀ ਸੱਭਿਆਚਾਰ ਵਿਚ ਧਰਮ ਦੇ ਪੱਖ ਤੋਂ ਕਈ ਵਾਰੀ ਬਾਹਰੀ ਭੇਖ ਨੂੰ ਹੀ ਵੱਡਾ ਧਰਮੀ ਤਸੱਵਰ ਕਰ ਲਿਆ ਜਾਂਦਾ ਰਿਹਾ ਅਤੇ ਇਹ ਵਰਤਾਰਾ ਅਜੇ ਤਕ ਵੀ ਨਹੀਂ ਰੁਕਿਆ। ਇਸੇ ਲਈ ਗਿਆਨ ਤੋਂ ਵਿਹੂਣੇ ਫੋਕਟ ਕਰਮ-ਕਾਂਡੀ ਲੋਕ ਵੀ ਅਨੇਕਾਂ ਧਰਮਾਂ ਵਿਚ ਪ੍ਰਵਾਨ ਕਰ ਲਏ ਗਏ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਜਦ ਦੁਨੀਆ ਦਾ ਭ੍ਰਮਣ ਕੀਤਾ ਤਾਂ ਧਰਮਾਂ ਵਿਚ ਬਹੁਗਿਣਤੀ ਭੇਖਧਾਰੀ ਹੀ ਕਾਬਜ਼ ਸਨ। ਇਸੇ ਸੰਦਰਭ ਵਿਚ ਸਤਿਗੁਰਾਂ ਦੇ ਬਚਨ ਹਨ:

*ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ॥ (ਪੰਨਾ ੧੪੫)*

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਮੂਹ ਬਾਣੀਕਾਰਾਂ ਨੇ ਜਿੱਥੇ ਰੂਹਾਨੀਅਤ ਦਾ ਸਬਕ ਪੜ੍ਹਾਇਆ, ਉੱਥੇ ਪਖੰਡਵਾਦ ਪ੍ਰਤੀ ਵੀ ਸੰਸਾਰ ਨੂੰ ਸੁਚੇਤ ਕੀਤਾ ਹੈ:

*-ਪਾਖੰਡਿ ਪ੍ਰੇਮੁ ਨ ਪਾਈਐ ਖੋਟਾ ਪਾਜੁ ਖੁਆਰੁ॥ (ਪੰਨਾ ੫੪)*
*-ਬਾਹਰਿ ਪਾਖੰਡ ਸਭ ਕਰਮ ਕਰਹਿ ਮਨਿ ਹਿਰਦੈ ਕਪਟੁ ਕਮਾਇ॥ (ਪੰਨਾ ੧੪੧੭)*

ਇਸੇ ਸੰਦਰਭ ਵਿਚ ਭਗਤ ਕਬੀਰ ਜੀ ਦੇ ਬੋਲ ਤਾਂ ਸ਼ੰਕੇ ਦੀ ਗੁੰਜਾਇਸ਼ ਹੀ ਨਹੀਂ ਰਹਿਣ ਦਿੰਦੇ। ਆਪ ਜੀ ਸਮਝਾਉਂਦੇ ਹਨ ਕਿ ਹੇ ਦੁਨੀਆ ਦੇ ਲੋਕੋ! ਜੇਕਰ ਨੰਗੇ ਰਹਿਣ ਨਾਲ ਪ੍ਰਭੂ ਮਿਲਦਾ ਹੋਵੇ ਤਾਂ ਜੰਗਲ ਦਾ ਹਰੇਕ ਜੀਵ ਮੁਕਤੀ ਪ੍ਰਾਪਤ ਕਰ ਲਵੇਗਾ। ਇਸੇ ਤਰ੍ਹਾਂ ਜੇਕਰ ਸਿਰ ਮੁੰਨਾਇਆਂ ਸਿੱਖੀ ਮਿਲ ਸਕਦੀ ਹੋਵੇ ਤਾਂ ਭੇਡਾਂ ਇਸ ਦੀਆਂ ਹੱਕਦਾਰ ਹਨ। ਜੇਕਰ ਜਤੀ ਰਹਿ ਕੇ (ਬਿੰਦੁ ਰਾਖਿ) ਸੰਸਾਰ ਤੋਂ ਤਰ ਸਕਦੇ ਹੋਈਏ ਤਾਂ ਖੁਸਰੇ ਨੇ ਪਰਮਗਤੀ ਕਿਉਂ

**ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਰ। ਮੋ: +੯੧੯੮੧੫੯-੮੫੫੫੯*

ਨਾ ਪਾਈ? ਫੁਰਮਾਨ ਹੈ:

*ਨਗਨ ਫਿਰਤ ਜੌ ਪਾਈਐ ਜੋਗੁ॥ ਬਨ ਕਾ ਮਿਰਗੁ ਮੁਕਤਿ ਸਭੁ ਹੋਗੁ॥ . . .*
*ਮੂਡ ਮੁੰਡਾਏ ਜੌ ਸਿਧਿ ਪਾਈ॥ ਮੁਕਤੀ ਭੇਡ ਨ ਗਈਆ ਕਾਈ॥*
*ਬਿੰਦੁ ਰਾਖਿ ਜੌ ਤਰੀਐ ਭਾਈ॥ ਖੁਸਰੈ ਕਿਉ ਨ ਪਰਮ ਗਤਿ ਪਾਈ॥*

*(ਪੰਨਾ ੩੨੪)*

ਇਸੇ ਪ੍ਰਕਰਣ ਨੂੰ ਹੋਰ ਗਹਿਰਾਈ ਵਿਚ ਸਮਝਣਾ ਜਾਂ ਸਮਝਾਉਣਾ ਹੋਵੇ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸਮਾਜ ਵਿਚ ਅਜਿਹੇ ਫੋਕੇ ਭੇਖਧਾਰੀਆਂ ਦੀ ਪਖੰਡਤਾ ਪ੍ਰਤੀ ਸੰਸਾਰ ਨੂੰ ਜਾਗ੍ਰਿਤ ਕਰਦੇ ਹਨ। ਇਸ ਲੇਖ ਦੇ ਅਰੰਭ ਵਿਚ ਦਿੱਤਾ ਗਿਆ ਸ਼ਬਦ 'ਅਕਾਲ ਉਸਤਤ' ਵਿੱਚੋਂ ਹੈ। ਇਸ ਵਿਚ ਦਸਮੇਸ਼ ਪਿਤਾ ਜੀ ਸਮਝਾਉਂਦੇ ਹਨ ਕਿ ਇਸ ਸੰਸਾਰ ਵਿਚ ਜੇਕਰ ਕੋਈ ਭੇਖੀ ਕਹੇ ਕਿ ਸਵੱਛ ਭੋਜਨ ਤਿਆਗ ਕੇ ਜੂਠ ਜਾਂ ਗੰਦਗੀ ਖਾਧਿਆਂ ਜਾਂ ਸਰੀਰ ਨੂੰ ਮਲੀਨ ਕੀਤਿਆਂ ਅਤੇ ਜਾਂ ਫਿਰ ਮੜ੍ਹੀਆਂ-ਮਸਾਣਾਂ ਵਿਚ ਵਾਸ ਕੀਤਿਆਂ ਪ੍ਰਭੂ ਪ੍ਰਾਪਤੀ ਹੋ ਜਾਏਗੀ ਤਾਂ ਸੂਰ (ਖੂਕ) ਹਰ ਸਮੇਂ ਗੰਦਗੀ ਖਾਣ ਵਾਲਾ (ਮਲਹਾਰੀ) ਹੈ। ਜੇ ਸਰੀਰ ਉੱਪਰ ਸੁਆਹ ਮਲਣ ਦਾ ਭਰਮ ਹੋਵੇ ਤਾਂ ਹਾਥੀ (ਗਜ) ਤੇ ਖੋਤਾ (ਗਦਹਾ) ਸਦਾ ਖੇਤ ਵਿਚ ਹੀ ਲੇਟਦੇ ਹਨ।

ਅੱਗੇ ਕਲਗੀਧਰ ਪਾਤਸ਼ਾਹ ਸਮਝਾਉਂਦੇ ਹਨ ਕਿ ਜੇ ਪ੍ਰਭੂ ਮਿਲਾਪ ਦਾ ਸਾਧਨ ਮੜ੍ਹੀਆਂ-ਮਸਾਣਾਂ 'ਚ ਵਾਸ ਕਰਨ ਨੂੰ ਮੰਨਦੇ ਹੋ ਤਾਂ ਬਿੱਜੂ (ਗਿਦੂਆ) ਸਦਾ ਹੀ ਮਸਾਣਾਂ ਵਿਚ ਵਾਸ ਕਰਦਾ ਹੈ। ਇਸੇ ਤਰ੍ਹਾਂ ਉੱਲੂ (ਘੁਘੂ) ਸਦਾ ਮੱਠਾਂ ਵਿਚ (ਮਟ ਬਾਸੀ) ਰਹਿੰਦੇ ਹਨ ਅਤੇ ਜੇ ਭਰਮ ਹੋਵੇ ਕਿ ਉਦਾਸ ਰਹਿਣ ਨਾਲ ਅਕਾਲ ਮਿਲੇਗਾ ਤਾਂ ਹਿਰਨ (ਮ੍ਰਿਗ) ਸਦਾ ਉਦਾਸੀ ਵਿਚ ਹੀ ਭਟਕਦੇ ਰਹਿੰਦੇ ਹਨ। ਜੇਕਰ ਚੁੱਪ ਧਾਰਨ ਨਾਲ ਪ੍ਰਭੂ ਮਿਲਾਪ ਹੁੰਦਾ ਹੋਵੇ ਤਾਂ ਬ੍ਰਿਛ ਸਦਾ (ਤਰਵਰ ਸਦੀਵ) ਚੁੱਪ ਧਾਰਨ ਕੀਤਿਆਂ ਹੀ (ਮੋਨ ਸਾਧੇ ਹੀ)ਸਮਾਂ ਭੋਗ ਕੇ ਨਾਸ਼ ਹੋ ਜਾਂਦੇ ਹਨ।

ਤੀਸਰੀ ਪੰਕਤੀ ਵਿਚ ਉਪਦੇਸ਼ ਹੈ ਕਿ ਮਨੁੱਖੀ ਕਾਮ ਦੇ ਕੁਦਰਤੀ ਵਰਤਾਰੇ ਨੂੰ ਕੋਈ ਰੋਕ ਨਹੀਂ ਸਕਦਾ ਤੇ ਜੇਕਰ ਵੀਰਜ ਦੇ ਰੋਕਣ ਨਾਲ (ਬਿੰਦ ਕੇ ਸਧੱਯਾ) ਪ੍ਰਭੂ ਮਿਲਾਪ ਹੁੰਦਾ ਹੋਵੇ ਤਾਂ ਇਹ ਵਡਿਆਈ (ਬਡੱਯਾ) ਖੁਸਰੇ (ਹੀਜ) ਨੂੰ ਮਿਲਣੀ ਚਾਹੀਦੀ ਹੈ। ਉੱਧਰ ਜੇਕਰ ਨੰਗੇ ਪੈਰੀਂ ਰਹਿਣ ਨਾਲ ਪ੍ਰਭੂ ਪ੍ਰਾਪਤੀ ਹੁੰਦੀ ਹੋਵੇ ਤਾਂ ਬਾਂਦਰ (ਬੰਦਰਾ) ਸਦਾ ਹੀ (ਸਦੀਵ) ਨੰਗੇ ਪੈਰੀਂ ਵਣਾਂ ਵਿਚ ਫਿਰਦੇ ਹਨ। ਇਸੇ ਪ੍ਰਕਾਰ ਕੁਝ ਫਿਰਕੇ ਕਾਮ-ਕ੍ਰੋਧ ਵਿਚ ਹੀ ਗ੍ਰਸਤ ਸਨ ਤੇ ਇਸੇ ਨੂੰ ਧਰਮ ਪਾਲਣਾ ਮੰਨਦੇ ਸਨ। ਅਜਿਹੇ ਲੋਕਾਂ ਨੂੰ ਸਤਿਗੁਰਾਂ ਸਮਝਾਇਆ ਕਿ ਜੋ ਕਾਮੀ ਪੁਰਸ਼ ਇਸਤਰੀ (ਅੰਗਨਾ) ਦੇ ਹੀ ਅਧੀਨ ਹਨ ਤੇ ਕਾਮੀ-ਕ੍ਰੋਧੀ ਹਨ, ਉਹ ਗਿਆਨ ਤੋਂ ਵਿਹੂਣੇ ਨਿਰਧਨ ਜਾਂ ਕਮਜ਼ੋਰ (ਛੀਨ) ਸੰਸਾਰ ਸਾਗਰ ਤੋਂ ਕਿਵੇਂ ਤਰ ਸਕਦੇ ਹਨ?

ਇਹ ਭਾਰਤੀ ਧਰਮ ਖੇਤਰ ਦੇ ਬਾਹਰਮੁਖੀ ਧਰਮੀਆਂ ਦੇ ਫੋਕਟ ਕਰਮ-ਕਾਂਡ ਦੀ ਵਿਆਖਿਆ ਹੈ। ਕਲਗੀਧਰ ਪਾਤਸ਼ਾਹ ਜੀ ਦਾ ਇਹ ਬਖਸ਼ਿਸ਼ਮਈ ਸ਼ਬਦ ਹਰ ਕਾਲ ਵਿਚ ਸੁਚੇਤਤਾ ਦਾ ਮੰਤਰ ਹੈ। ਕਈ ਵਾਰ ਸਮਾਜ ਅਜਿਹੇ ਪੈਮਾਨੇ ਘੜ ਲੈਂਦਾ ਹੈ ਕਿ ਸ਼ਾਇਦ ਵਣਾਂ ਵਿਚ ਇਕਾਂਤ ਰਹਿਣ ਵਾਲਾ, ਦੁੱਧ ਜਾਂ ਪਉਣ ਦਾ ਅਹਾਰੀ ਹੀ ਪ੍ਰਭੂ ਪ੍ਰਾਪਤੀ ਕਰਦਾ ਹੈ ਜਾਂ ਵਣਾਂ ਵਿਚ ਸਾਗ ਪਾਤ ਖਾਣ ਵਾਲੇ, ਧਨ ਦੇ ਤਿਆਗੀ, ਸਿੱਧ ਲੋਕ ਜੋ ਅਕਾਸ਼ ਵਿਚ ਉੱਡ ਪੈਣ ਜਾਂ ਧਿਆਨੀ ਹੀ ਪ੍ਰਭੂ ਪ੍ਰਾਪਤੀ ਕਰਦੇ ਹਨ।

ਅੱਗੇ ਦਸਮੇਸ਼ ਪਿਤਾ ਸਵਾਲ ਕਰਦੇ ਹਨ ਕਿ ਕੀ ਪ੍ਰਭੂ ਭਗਤੀ ਜਾਂ ਸਿਮਰਨ ਤਿਆਗ ਕੇ ਫੋਕੇ ਅਡੰਬਰਾਂ ਵਿਚ ਜੀਵਨ ਜੀਣ ਵਾਲੇ ਲੋਕ, ਉਸੇ ਇਕ ਅਕਾਲ ਨੂੰ ਪਾ ਸਕਦੇ ਹਨ? ਫੁਰਮਾਨ ਹੈ:

*ਭੂਤ ਬਨਚਾਰੀ ਛਿਤ ਛਉਨਾ ਸਭੈ ਦੂਧਾਧਾਰੀ*
*ਪਉਨ ਕੇ ਅਹਾਰੀ ਸੁ ਭੁਜੰਗ ਜਾਨੀਅਤੁ ਹੈਂ॥*
*ਤ੍ਰਿਣ ਕੇ ਭਛੱਯਾ ਧਨ ਲੋਭ ਕੇ ਤਜੱਯਾ*
*ਤੇ ਤੋ ਗਊਅਨ ਕੇ ਜੱਯਾ ਬ੍ਰਿਖਭੱਯਾ ਮਾਨੀਅਤੁ ਹੈਂ॥*
*ਨਭ ਕੇ ਉਡੱਯਾ ਤਾਹਿ ਪੰਛੀ ਕੀ ਬਡੱਯਾ*
*ਦੇਤ ਬਗੁਲਾ ਬਿੜਾਲ ਬ੍ਰਿਕ ਧਿਆਨੀ ਠਾਨੀਅਤੁ ਹੈਂ॥*
*ਜੇਤੇ ਬਡੇ ਗਿਆਨੀ ਤਿਨੋ ਜਾਨੀ ਪੈ ਬਖਾਨੀ*
*ਨਾਹਿ ਐਸੇ ਨ ਪ੍ਰਪੰਚ ਮਨ ਭੂਲ ਆਨੀਅਤੁ ਹੈਂ॥* *(ਅਕਾਲ ਉਸਤਤ)*

ਭਾਵ, ਐ ਦੁਨੀਆ ਦੇ ਲੋਕੋ! ਜੇ ਤੁਸੀਂ ਬਾਨਪ੍ਰਸਤੀ ਨੂੰ ਮਹਾਨ ਮੰਨਦੇ ਹੋ ਤਾਂ ਵਣਾਂ ਵਿਚ ਵਸੇਬਾ ਕਰਨ ਵਾਲੇ ਨੂੰ ਭੂਤ ਸਮਾਨ ਸਮਝੋ ਕਿਉਂਕਿ ਲੋਕ ਵਿਸ਼ਵਾਸ ਅਨੁਸਾਰ ਬੁਰੀਆਂ ਰੂਹਾਂ ਉਜਾੜਾਂ-ਬੀਆਬਾਨਾਂ ਵਿਚ ਰਹਿੰਦੀਆਂ ਹਨ ਅਤੇ ਕੇਵਲ ਦੁੱਧ ਦੇ ਅਹਾਰੀਆਂ ਨੂੰ ਛੋਟੇ ਬੱਚਿਆਂ (ਛਿਤ ਛਉਨਾ) ਸਮਾਨ ਸਮਝੋ। ਜੇਕਰ ਤੁਸੀਂ ਕਹੋ ਕਿ ਭੋਜਨ ਦੇ ਤਿਆਗੀ ਕੇਵਲ ਪਉਣ ਅਹਾਰੀ ਮਹਾਨ ਹੁੰਦੇ ਹਨ ਤਾਂ ਫਿਰ ਸੱਪਾਂ (ਭੁਜੰਗ) ਨੂੰ ਪ੍ਰਭੂ ਮਿਲੇਗਾ।

ਦੂਸਰੀ ਪੰਕਤੀ ਵਿਚ ਫੁਰਮਾਨ ਹੈ ਕਿ ਜੇ ਜੰਗਲਾਂ ਵਿਚ ਸਾਗ ਪੱਤੇ ਖਾ ਕੇ ਤੇ ਸੰਸਾਰੀ ਧਨ ਦੇ ਤਿਆਗੀਆਂ ਨੂੰ ਪ੍ਰਭੂ ਮਿਲਦਾ ਹੋਵੇ ਤਾਂ ਗਊ ਦੇ ਜਾਏ (ਗਊਅਨ ਕੇ ਜੱਯਾ) ਬਲਦ (ਸ੍ਰੀ ਗੁਰੂ ਗ੍ਰੰਥ ਕੋਸ਼- ਸੰਸਕ੍ਰਿਤ: ਬ੍ਰਿਖ-ਬੈਲ, ਬਲਦ) ਇਹ ਹੱਕ ਰੱਖਦੇ ਹਨ ਕਿਉਂਕਿ ਉਹ ਘਾਹ-ਪੱਤੇ ਖਾ ਕੇ ਸੰਤੋਖ ਨਾਲ ਮਨੁੱਖਾਂ ਦੇ ਕੰਮ ਕਰਦੇ ਹਨ ਤੇ ਧਨ ਦੌਲਤ ਦੀ ਇੱਛਾ ਵੀ ਕੋਈ ਨਹੀਂ ਹੁੰਦੀ।

ਭਾਰਤ ਵਿਚ ਜੋਗੀਆਂ-ਸਿੱਧਾਂ ਬਾਰੇ ਲੋਕ ਵਿਸ਼ਵਾਸ ਸੀ ਕਿ ਉਹ ਉੱਡ ਵੀ ਪੈਂਦੇ ਹਨ ਤਾਂ ਦਸਮੇਸ਼ ਪਿਤਾ ਤੀਸਰੀ ਪੰਕਤੀ ਵਿਚ ਸਮਝਾਉਂਦੇ ਹਨ ਕਿ ਜੋ ਅਕਾਸ਼ (ਨਭ) ਵਿਚ ਉੱਡਦੇ ਹਨ ਤਾਂ ਉਨ੍ਹਾਂ ਨੂੰ ਪੰਛੀਆਂ ਦੇ ਸਮਾਨ (ਬਡੱਯਾ) ਹੀ ਜਾਣੋ,

ਕਿਉਂਕਿ ਸਾਰੇ ਪੰਛੀ ਉਡਾਰੀਆਂ ਲਾਉਂਦੇ ਹਨ ਅਤੇ ਜੇਕਰ ਧਿਆਨੀਆਂ ਨੂੰ ਹੀ ਪ੍ਰਭੂ ਮਿਲਦਾ ਹੋਵੇ ਤਾਂ ਬਗੁਲਾ, ਬਿੱਲਾ (ਬਿੜਾਲ) ਬਘਿਆੜ (ਬ੍ਰਿਕ) ਆਦਿ ਤੋਂ ਧਿਆਨੀ ਉੱਪਰ ਨਹੀਂ ਹਨ ਕਿਉਂਕਿ ਇਹ ਵੀ ਸ਼ਿਕਾਰ ਕਰਨ ਲੱਗੇ ਬਹੁਤ ਧਿਆਨ ਨਾਲ ਘਾਤ ਲਾ ਕੇ ਬੈਠਦੇ ਹਨ। (ਇੱਥੇ ਸਿਮਰਨ ਜਾਂ ਪਾਠ ਕਰਨ ਦਾ ਵਿਰੋਧ ਨਹੀਂ ਹੈ, ਕੇਵਲ ਬਾਹਰੀ ਪਖੰਡ ਦਾ ਵਿਰੋਧ ਹੈ) ਅੰਤ ਸਤਿਗੁਰੂ ਫੁਰਮਾਉਂਦੇ ਹਨ ਕਿ ਜਿੰਨੇ ਵੀ ਵੱਡੇ ਗਿਆਨੀ ਹੋਏ ਹਨ ਉਨ੍ਹਾਂ ਨੇ ਪਖੰਡਮਈ ਕੁਰੀਤੀਆਂ ਨੂੰ ਜਾਣ ਤਾਂ ਲਿਆ ਪਰ ਕਿਧਰੇ ਬਖਿਆਨ ਨਹੀਂ ਕੀਤਾ। ਇਸ ਲਈ ਕੌਮੀ ਵਾਰਸੋ! ਤੁਸੀਂ ਇਹੋ ਜਿਹੇ ਪਖੰਡ (ਪ੍ਰਪੰਚ) ਨੂੰ ਮਨ ਵਿਚ ਭੁੱਲ ਕੇ ਵੀ ਨਹੀਂ ਲਿਆਉਣਾ।

ਇਨ੍ਹਾਂ ਕਬਿੱਤਾਂ ਸਬੰਧੀ ਭਾਈ ਕਾਨ੍ਹ ਸਿੰਘ ਨਾਭਾ 'ਗੁਰਮਤਿ ਮਾਰਤੰਡ' ਭਾਗ ਦੂਜਾ ਪੰਨਾ ੬੭੬ 'ਤੇ ਹਵਾਲਾ ਦਿੰਦੇ ਹਨ ਕਿ, "ਇਨ੍ਹਾਂ ਕਬਿੱਤਾਂ ਵਿਚ ਦਸਮ ਪਾਤਸ਼ਾਹ, ਦੰਭ ਦਾ ਨਿਸ਼ੇਧ ਕਰਦੇ ਹੋਏ, ਪਖੰਡ ਕਰਮੀ, ਘੋਰੀ, ਭਸਮਾਧਾਰੀ, ਵਾਮਮਾਰਗੀ, ਮੌਨੀ ਆਦਿਕਾਂ ਨੂੰ ਸ਼ੁੱਭ ਸਿੱਖਯਾ ਦੇਂਦੇ ਹਨ।"

ਉਪਰੋਕਤ ਸਮੁੱਚੇ ਪ੍ਰਕਰਣ ਨੂੰ ਵਾਚੀਏ ਤਾਂ ਫਿਰ ਸਿੱਖ ਨੂੰ ਕੀ ਉਪਦੇਸ਼ ਹੈ ਤੇ ਦਸਮ ਪਿਤਾ ਦੇ ਨਜ਼ਰੀਏ ਤੋਂ ਪ੍ਰਭੂ ਮਿਲਾਪ ਕਿਵੇਂ ਹੋ ਸਕਦਾ ਹੈ?

ਇਸ ਸਬੰਧੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੀ ਰਾਗ-ਬੱਧ ਬਾਣੀ ਰਾਮਕਲੀ ਪਾਤਸ਼ਾਹੀ ੧੦ ਵਿਚ ਇਉਂ ਬਖ਼ਸ਼ਿਸ਼ ਕਰਦੇ ਹਨ:

*ਪ੍ਰਾਨੀ ਪਰਮ ਪੁਰਖ ਪਗ ਲਾਗੋ॥*
*ਸੋਵਤ ਕਹਾ ਮੋਹ ਨਿੰਦ੍ਰਾ ਮੈ ਕਬਹੂੰ ਸੁਚਿਤ ਹ੍ਵੈ ਜਾਗੋ॥. . .*
*ਕੇਵਲ ਕਰਮ ਭਰਮ ਸੇ ਚੀਨਹੁ ਧਰਮ ਕਰਮ ਅਨੁਰਾਗੋ॥*
*ਸੰਗ੍ਰਹਿ ਕਰੋ ਸਦਾ ਸਿਮਰਨ ਕੋ ਪਰਮ ਪਾਪ ਤਜਿ ਭਾਗੋ॥* *(ਸ੍ਰੀ ਦਸਮ ਗ੍ਰੰਥ)*

ਭਾਵ ਹੇ ਪ੍ਰਾਣੀਓ! ਉਸ ਪਰਮ ਪੁਰਖ ਅਕਾਲ ਦੇ ਚਰਨੀਂ ਲੱਗ ਜਾਓ। ਤੁਸੀਂ ਸੰਸਾਰੀ ਮੋਹ ਰੂਪੀ ਨੀਂਦ ਵਿਚ ਕੀ ਸੁੱਤੇ ਹੋਏ ਹੋ, ਕਦੇ ਤਾਂ ਸੁਚੇਤ (ਸੁਚਿਤ) ਹੋ ਕੇ ਜਾਗੋ, ਕਿਉਂਕਿ ਭਜਨ ਤੋਂ ਬਗੈਰ ਜੋ ਕੇਵਲ ਕਰਮ ਕਰਨਾ ਹੈ, ਇਹਨੂੰ ਭਰਮ ਜਾਣੋ ਤੇ ਧਰਮ ਦੇ ਕਰਮ ਨਾਲ ਪ੍ਰੇਮ (ਅਨੁਰਾਗੋ) ਕਰੋ। ਇਸ ਲਈ ਪ੍ਰਭੂ ਨਾਮ ਸਿਮਰਨ ਨੂੰ ਇਕੱਠਾ (ਸੰਗ੍ਰਹਿ) ਕਰੋ ਅਤੇ ਮਹਾਂਪਾਪਾਂ (ਪਰਮ ਪਾਪ) ਨੂੰ ਤਿਆਗ ਕੇ ਇਨ੍ਹਾਂ ਤੋਂ ਦੂਰ ਹੋ ਜਾਓ।

■

ਜੀਵਨ ਰਿਸ਼ਮਾਂ : ੨

# ਜੀਵਨ ਦੀ ਸਦਵਰਤੋਂ : ਦਸ਼ਾ ਅਤੇ ਦਿਸ਼ਾ

*-ਡਾ. ਚਮਕੌਰ ਸਿੰਘ**

ਜੀਵਨ ਦੀ ਅਨਮੋਲਤਾ ਦਾ ਅਹਿਸਾਸ, ਇਸ ਦੀ ਅਹਿਮੀਅਤ-ਅਸਲੀਅਤ ਦੀ ਸੋਝੀ ਬਖਸ਼ਣ ਵਾਲੇ ਦਰਾਂ ਨੂੰ ਖੋਲ੍ਹਦਾ ਹੈ ਅਤੇ ਜੀਵਨ ਦੀ ਸਦਵਰਤੋਂ ਦੁਆਰਾ ਇਸ ਦੇ ਅਸਲ ਉਦੇਸ਼ ਵੱਲ ਵਧਣ ਵਾਲੇ ਰਾਹਾਂ ਨੂੰ ਰੋਸ਼ਨ ਕਰਦਾ ਹੈ। ਮਨੁੱਖੀ ਜੀਵਨ ਦੀ ਦੁਰਲੱਭਤਾ ਅਤੇ ਅਨਮੋਲਤਾ ਦਾ ਅਹਿਸਾਸ ਹੋਣ ਦਾ ਇਕ ਅਰਥ – ਇਸ ਦੀ ਸਾਰਥਕ ਵਰਤੋਂ ਦੀਆਂ ਸੰਭਾਵਨਾਵਾਂ ਬਾਰੇ ਸੁਚੇਤ ਹੋਣਾ ਹੈ। ਅਸੀਂ ਜਾਣੇ-ਅਣਜਾਣੇ ਅਕਸਰ ਆਪਣੇ ਕੀਮਤੀ ਜੀਵਨ ਦਾ ਸਦਉਪਯੋਗ ਕਰਨ ਦੀ ਥਾਂ ਇਸ ਦੀ ਦੁਰਵਰਤੋਂ ਜ਼ਿਆਦਾ ਕਰਦੇ ਹਾਂ। ਅਚੇਤ ਵਿਚਰਦਿਆਂ ਜੀਵਨ ਨੂੰ ਨਿਘਾਰ ਵੱਲ ਲਿਜਾਣ ਵਾਲੀਆਂ ਫਜ਼ੂਲ ਤੇ ਅਨੈਤਿਕ ਕਿਰਿਆਵਾਂ ਵਿਚ ਸਮੇਂ, ਸ਼ਕਤੀ ਅਤੇ ਸਾਧਨਾਂ ਦੀ ਦੁਰਵਰਤੋਂ ਜਾਂ ਬਰਬਾਦੀ ਦਾ ਸਾਨੂੰ ਭੋਰਾ ਭਰ ਵੀ ਅਹਿਸਾਸ ਹੀ ਨਹੀਂ ਰਹਿੰਦਾ। ਹਰ ਵੇਲੇ ਚਿੰਤਾਗ੍ਰਸਤ ਜਾਂ ਫਿਕਰਮੰਦ ਰਹਿਣਾ; ਦੂਜਿਆਂ ਬਾਰੇ ਮਾੜਾ ਸੋਚਣਾ, ਬੇਲੋੜੀ ਬੁਰਾਈ ਜਾਂ ਨਿੰਦਾ-ਚੁਗਲੀ ਕਰਨ ਵਿਚ ਗਲਤਾਨ ਰਹਿਣਾ; ਨਸ਼ਿਆਂ, ਲੁੱਟਾਂ-ਖੋਹਾਂ, ਕਤਲਾਂ, ਆਤਮ-ਹੱਤਿਆਵਾਂ ਆਦਿ ਬੁਰਾਈਆਂ ਦਾ ਵਰਤਾਰਾ – ਅਨਮੋਲ ਜੀਵਨ ਦੀ ਦੁਰਵਰਤੋਂ ਦੇ ਜ਼ਾਹਰਾ ਪ੍ਰਮਾਣ ਹਨ। ਏਨੇ ਅਨਮੋਲ ਮਨੁੱਖੀ ਜੀਵਨ ਨੂੰ ਸਾਰਥਕ, ਸੁਚੱਜਾ ਅਤੇ ਅਨੰਦ ਭਰਪੂਰ ਬਣਾਉਣ ਲਈ ਬੇਹੱਦ ਜ਼ਰੂਰੀ ਹੈ ਕਿ ਸਾਨੂੰ ਇਸ ਦੀ ਸਦਵਰਤੋਂ ਦੇ ਡੂੰਘੇ ਰਾਜ਼ ਅਤੇ ਸਹੀ ਦਿਸ਼ਾ ਦਾ ਪਤਾ ਹੋਵੇ। ਇਸ ਲਈ ਪਹਿਲਾਂ ਇਹ ਜਾਣਨ ਦੀ ਲੋੜ ਹੈ ਕਿ ਅਸਲ ਵਿਚ ਜੀਵਨ ਦੀ ਸਦਵਰਤੋਂ ਦੇ ਅਰਥ ਕੀ ਹਨ?

ਜੀਵਨ ਦੀ ਸਦਵਰਤੋਂ ਦੇ ਅਨੇਕ ਪਾਸਾਰ ਹਨ, ਇਸ ਲਈ ਇਸ ਦੇ ਅਰਥਾਂ ਨੂੰ ਸਮਝਣ ਦੇ ਤਰੀਕੇ ਅਤੇ ਸੰਭਾਵਨਾਵਾਂ ਵੀ ਅਨੇਕ ਹਨ। ਜੀਵਨ ਦੀ ਸਦਵਰਤੋਂ ਦੇ ਵਿਹਾਰਕ ਅਰਥ ਹਨ – ਆਪਣੇ ਆਪੇ ਨੂੰ ਸੰਵਾਰਨ ਲਈ ਆਪਣੀ ਚੇਤਨਾ ਨੂੰ ਪੂਰੀ ਤਰ੍ਹਾਂ ਜਗਾ ਕੇ ਜੀਵਨ ਦੇ ਸੱਚ ਵੱਲ ਮੂੰਹ ਕਰਕੇ ਤੁਰਨਾ; ਆਪਣੇ ਆਪੇ ਨੂੰ ਜੀਵਨ ਦੇ ਵਿਸਮਾਦੀ ਸੱਚ ਨਾਲ ਇਕਸੁਰ ਕਰ ਕੇ ਪੂਰੀ ਤਰ੍ਹਾਂ ਵਿਗਸਣਾ; ਪੂਰਨ ਖਿੜਾਉ/ਵਿਗਾਸ ਵਾਲੀ ਅਵਸਥਾ ਦੀ ਪ੍ਰਾਪਤੀ ਤਕ ਆਪਣੇ ਆਪੇ ਨੂੰ ਸੰਵਾਰਦੇ ਜਾਣਾ; ਜੀਵਨ ਨੂੰ ਪੂਰੀ ਤਰ੍ਹਾਂ ਪ੍ਰਫੁੱਲਤ ਕਰਨ ਲਈ ਪੂਰੀ ਮਿਹਨਤ-ਮੁਸ਼ੱਕਤ ਭਾਵ ਘਾਲ-ਕਮਾਈ ਕਰਨਾ। ਇਹ ਔਗੁਣਾਂ-ਬੁਰਾਈਆਂ ਤੋਂ ਬਚਦੇ ਹੋਇਆਂ ਸੰਪੂਰਨ ਪ੍ਰਫੁੱਲਤਾ ਵੱਲ ਸਵੈ-ਵਿਕਾਸ ਦੀ ਨਿਰੰਤਰ ਯਾਤਰਾ ਹੈ। ਜੀਵਨ ਦੀ ਸਦਵਰਤੋਂ ਦੇ ਅਰਥਾਂ ਵਿਚ ਇਹ ਵੀ ਸ਼ਾਮਲ ਹੈ ਕਿ ਆਪਣੇ ਆਪ ਨੂੰ ਬਰਬਾਦੀ ਵੱਲ ਲਿਜਾਣ ਵਾਲੀਆਂ ਗਲਤ, ਮਾੜੀਆਂ ਅਤੇ ਫਜ਼ੂਲ ਦੀਆਂ ਕਿਰਿਆਵਾਂ ਵੱਲੋਂ ਹੋੜ ਕੇ, ਹਰ ਸਮੇਂ ਵਿਕਾਸ-ਵਿਗਾਸ ਦੀ ਦਿਸ਼ਾ ਵਿਚ ਸੇਧਿਤ ਚੰਗੀਆਂ, ਸਹੀ ਅਤੇ ਸਾਰਥਕ ਕਿਰਿਆਵਾਂ ਵਿਚ ਲਾਈ ਰੱਖਣਾ ਹੈ। ਆਪਣੇ ਉਚੇਰੇ-ਸੁਚੇਰੇ ਸਵੈ-ਵਿਕਾਸ ਲਈ ਕੁਦਰਤ ਅਨੁਸਾਰੀ ਹੋ ਕੇ

**ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ ਅਡਵਾਂਸਡ ਸਟੱਡੀਜ਼ ਇਨ ਸਿੱਖਇਜ਼ਮ, ਬਹਾਦਰਗੜ੍ਹ (ਪਟਿਆਲਾ) ਮੋ: +੯੧੯੭੨੨੦-੨੨੨੨੫*

ਜੀਵਨ ਦੀਆਂ ਸਰਬੱਤ ਸ਼ਕਤੀਆਂ, ਸੰਭਾਵਨਾਵਾਂ ਅਤੇ ਸਮਰੱਥਾਵਾਂ ਦਾ ਉਸਾਰੂ ਉਪਯੋਗ ਕਰਨਾ ਹੈ। ਜੀਵਨ ਦੀ ਸਦਵਰਤੋਂ ਇਸ ਅਹਿਸਾਸ ਨਾਲ ਭਰ ਕੇ ਜ਼ਿੰਦਗੀ ਨੂੰ ਜੀਣ-ਮਾਣਨ ਦਾ ਅਮਲ ਹੈ ਕਿ ਵਾਹ! ਜਿਊਣ ਦਾ ਆਨੰਦ-ਸੁਆਦ ਆ ਗਿਆ!

ਜੀਵਨ ਕਿਹੋ ਜਿਹਾ ਜਿਊਣਾ ਹੈ? ਇਸ ਦੀ ਚੋਣ ਕੁਦਰਤ ਨੇ ਕਾਫੀ ਹੱਦ ਤਕ ਸਾਡੀ ਸੁਤੰਤਰ ਇੱਛਾ ਜਾਂ ਮਰਜ਼ੀ ਉਪਰ ਛੱਡੀ ਹੋਈ ਹੈ। ਕੁਦਰਤ ਨੇ ਸਾਨੂੰ ਬੇਸ਼ੁਮਾਰ ਸ਼ਕਤੀਆਂ ਅਤੇ ਸਮਰੱਥਾਵਾਂ ਨਾਲ ਲੈਸ ਕਰਕੇ ਆਪਣੇ ਬੇਅੰਤ ਪਸਾਰੇ ਵਿਚ ਸਾਡੇ ਲਈ ਬੇਸ਼ੁਮਾਰ ਸੰਭਾਵਨਾਵਾਂ ਪਰੋਸ ਦਿੱਤੀਆਂ ਹਨ। ਹੁਣ ਤੈਅ ਅਸਾਂ ਖੁਦ ਕਰਨਾ ਹੈ ਕਿ ਇਨ੍ਹਾਂ ਸ਼ਕਤੀਆਂ, ਸਮਰੱਥਾਵਾਂ ਤੇ ਸੰਭਾਵਨਾਵਾਂ ਦੀ ਵਰਤੋਂ, ਵਿਕਾਸ ਦੀ ਦਿਸ਼ਾ ਵੱਲ ਵਧਣ ਵਾਸਤੇ ਕਰਨੀ ਹੈ ਜਾਂ ਫਿਰ ਨਿਘਾਰ ਜਾਂ ਖੜੋਤ ਨਾਲ ਚਿਪਕੇ ਰਹਿਣ ਵਾਸਤੇ। ਸਾਡੀ ਚੋਣ, ਸਾਡੇ ਵਿਚਾਰਾਂ, ਬੋਲਾਂ ਅਤੇ ਕੰਮਾਂ ਵਿੱਚੋਂ ਪ੍ਰਤੱਖ ਨਜ਼ਰ ਆਉਂਦੀ ਹੈ। ਸਾਡੀ ਚੋਣ, ਸਾਡੀ ਸ਼ਖ਼ਸੀਅਤ ਦੀ ਦਿਸ਼ਾ-ਸੂਚਕ ਦਾ ਕੰਮ ਕਰਦੀ ਹੈ; ਇਹ ਹੀ ਸਾਡੀ ਜੀਵਨ-ਸ਼ੈਲੀ ਅਤੇ ਜੀਵਨ-ਦ੍ਰਿਸ਼ਟੀ ਨੂੰ ਤੈਅ ਕਰਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰੂਹਾਨੀ ਦ੍ਰਿਸ਼ਟੀ ਅਨੁਸਾਰ ਸਾਨੂੰ ਜੀਵਨ ਵਿਚ ਉਹੋ ਕੁਝ ਹਾਸਲ ਹੁੰਦਾ ਹੈ ਜਿਸ ਦੇ ਬੀਜ ਅਸੀਂ ਖੁਦ ਬੀਜੇ ਹੁੰਦੇ ਹਨ:

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥* *(ਪੰਨਾ ੧੩੪)*

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਅਸੀਂ ਆਪਣੇ ਇਸ ਦੁਰਲਭ ਜੀਵਨ ਨੂੰ ਵਰਤਣਾ ਕਿਵੇਂ ਹੈ? ਜੀਵਨ ਦੀ ਸਦਵਰਤੋਂ ਕਿਵੇਂ ਕਰੀਏ? ਜੀਵਨ ਦੀ ਸਦਵਰਤੋਂ ਸੰਬੰਧੀ ਚੇਤੰਨ ਪਹੁੰਚ ਕਿਵੇਂ ਬਣਾਈ ਰੱਖੀਏ! ਜੀਵਨ ਦੀ ਸਦਵਰਤੋਂ ਬਾਰੇ ਸਵੈ-ਚੇਤਨ ਰਹਿਣਾ ਕਿਵੇਂ ਸੰਭਵ ਹੋਵੇ? ਜੀਵਨ ਨੂੰ ਸਫਲ ਕਿਵੇਂ ਬਣਾਈਏ? ਜੀਵਨ ਦੀ ਸਫਲਤਾ ਦਾ ਰਾਜ਼ ਵੱਡੇ ਵੱਡੇ ਕਾਰੋਬਾਰ, ਰੁਤਬੇ, ਕੋਠੀਆਂ, ਕਾਰਾਂ, ਪੈਸਾ, ਜ਼ਮੀਨ, ਜਾਇਦਾਦ, ਬੈਂਕ ਬੈਲੇਂਸ, ਅਹੁਦੇ ਅਤੇ ਸ਼ੁਹਰਤਾਂ ਨਹੀਂ; ਬਲਕਿ ਜੀਵਨ ਦਾ ਅਸਲ ਅਨੰਦ, ਜੀਵਨ ਦੇ ਮਨੋਰਥ ਦੀ ਸਮਝ, ਕੁਦਰਤਮੁਖ ਰੂਹਾਨੀ ਜੀਵਨ-ਸ਼ੈਲੀ ਵਿਚ ਛੁਪਿਆ ਹੋਇਆ ਹੈ। ਜੀਵਨ ਦੀ ਸਫਲਤਾ ਦੀ ਕਸਵੱਟੀ ਅਤੇ ਕੁੰਜੀ, ਜੀਵਨ ਦੇ ਅਸਲ ਮਨੋਰਥ ਦੀ ਸਮਝ ਅਤੇ ਜੀਵਨ ਦੀ ਸਦਵਰਤੋਂ ਵਿਚ ਲੁਪਤ ਹੈ।

ਜੀਵਨ ਦੀ ਸਦਵਰਤੋਂ ਲਈ ਬੇਹੱਦ ਜ਼ਰੂਰੀ ਹੈ ਕਿ ਅਸੀਂ ਹਰ ਰੋਜ਼ ਸਵੈ-ਪੜਚੋਲ ਜਾਂ ਸਵੈ ਨਿਰੀਖਣ ਕਰ ਕੇ ਆਪਣੀਆਂ ਖੂਬੀਆਂ ਅਤੇ ਖਾਮੀਆਂ ਨੂੰ ਪਛਾਣਨ ਲਈ ਸਮਾਂ ਕੱਢ ਕੇ ਆਪਣੇ ਆਪ ਨਾਲ ਬੈਠੀਏ। ਆਪਣੀਆਂ ਖਾਮੀਆਂ ਨੂੰ ਦੂਰ ਕਰਨ ਅਤੇ ਖੂਬੀਆਂ ਨੂੰ ਵਿਕਸਿਤ ਕਰਨ ਦੇ ਕਾਰਗਰ ਤਰੀਕੇ ਤਲਾਸ਼ੀਏ ਅਤੇ ਉਨ੍ਹਾਂ ਦਾ ਅਭਿਆਸ ਕਰੀਏ! ਇਸ ਪੱਖ ਤੋਂ ਵਿਸ਼ੇਸ਼ ਤੌਰ ਉੱਤੇ ਚੌਕਸ ਵੀ ਰਹੀਏ ਕਿ ਅਗਿਆਨਤਾਵੱਸ ਆਪਣੀਆਂ ਖੂਬੀਆਂ ਨੂੰ ਖਾਮੀਆਂ ਅਤੇ ਖਾਮੀਆਂ ਨੂੰ ਖੂਬੀਆਂ ਸਮਝਣ ਤੋਂ ਕਿਵੇਂ ਬਚਣਾ ਹੈ? ਆਪੇ ਨੂੰ ਪਿਆਰਨ, ਸੰਵਾਰਨ, ਨਿਖਾਰਨ ਵਾਲੀਆਂ ਬਹੁਪ੍ਰਕਾਰੀ ਜੁਗਤਾਂ ਅਨੁਸਾਰ ਸਿੱਖ ਕੇ ਆਪਣੇ ਜੀਵਨ ਨੂੰ ਕਿਵੇਂ ਬਦਲਣਾ ਹੈ? ਇਹ ਵੀ ਧਿਆਨ ਵਿਚ ਰਹੇ ਕਿ ਸਾਨੂੰ ਆਪਣੀਆਂ ਆਦਤਾਂ ਵਿਚ ਲੋੜੀਂਦੀ ਵਿਹਾਰਕ ਤਬਦੀਲੀ ਲਿਆਉਣ ਲਈ ਬਹੁਤ ਜ਼ਿਆਦਾ ਸਬਰ-ਸੰਤੋਖ ਅਤੇ ਮਿਹਨਤ-ਮੁਸ਼ੱਕਤ ਦੀ ਜ਼ਰੂਰਤ ਪੈਣੀ ਹੈ।

ਜੀਵਨ ਦੀ ਸਦਵਰਤੋਂ ਵਿਚ ਸਿਖਣ-ਸਿਖਾਉਣ ਦੀ ਪੂਰੀ ਪ੍ਰਕਿਰਿਆ ਸ਼ਾਮਲ ਹੈ। ਆਪਣੇ ਆਪ ਨਾਲ ਪ੍ਰਤਿਗਿਆ ਕਰ ਲਈਏ ਕਿ ਸਭ ਕੁਝ ਚੰਗਾ ਹੀ ਸਿਖਣਾ ਹੈ, ਆਖਰੀ ਦਮ ਤਕ ਸਿੱਖਣਾ ਹੈ। ਆਚਾਰ, ਵਿਹਾਰ ਅਤੇ ਕਿਰਦਾਰ ਨੂੰ ਨਿਖਾਰਨ ਅਤੇ ਬਲਵੰਤ ਕਰਨਹਾਰੇ ਚੰਗੇ ਗੁਰ-ਸੂਤਰ ਜਿੱਥੋਂ ਵੀ ਮਿਲਣ, ਉਨ੍ਹਾਂ ਨੂੰ ਬੇਝਿਜਕ, ਬੇਸ਼ਰਤ ਆਪਣੇ ਜੀਵਨ ਵਿਚ ਢਾਲਦੇ ਜਾਣਾ ਹੈ। ਕੁਦਰਤ ਦੀ ਹਰ ਰਚਨਾ, ਹਰ ਗਤੀਵਿਧੀ ਅਤੇ ਹਰ ਕਿਰਿਆ, ਸਾਡੇ ਆਦਰਸ਼ਕ ਸਿੱਖਿਆਦਾਤਾ ਦੀ ਭੂਮਿਕਾ ਵਿਚ ਹਰ ਵੇਲੇ ਹਾਜ਼ਰ ਹਨ। ਪਸ਼ੂ-ਪੰਛੀ, ਪੇੜ-ਪੌਦੇ, ਫੁੱਲ-ਬੂਟੇ, ਹਵਾ, ਪਾਣੀ, ਧਰਤੀ, ਸੂਰਜ, ਚੰਦ, ਤਾਰੇ, ਬੱਦਲ, ਝਰਨੇ, ਨਦੀਆਂ-ਨਾਲੇ, ਸਭ ਸਾਡੇ ਲਈ ਬਹੁਤ ਹੀ ਬਿਹਤਰ ਅਧਿਆਪਕ ਹਨ। ਇਸੇ ਲਈ ਧਰਮ ਗ੍ਰੰਥਾਂ ਦੇ ਪ੍ਰਵਚਨਾਂ ਵਿਚ ਜੀਵਨ ਦੇ ਡੂੰਘੇ ਰਾਜ਼, ਕੁਦਰਤ ਦੀਆਂ ਇਨ੍ਹਾਂ ਬਹੁਪ੍ਰਕਾਰੀ ਰਚਨਾਕਾਰੀਆਂ ਅਤੇ ਸੁੰਦਰ ਵਰਤਾਰਿਆਂ ਦੀਆਂ ਤਸ਼ਬੀਹਾਂ ਦੇ ਕੇ ਸਮਝਾਏ ਗਏ ਹਨ। ਲੋੜ ਸਿਰਫ ਇਨ੍ਹਾਂ ਦੀ ਉਪਯੋਗਤਾ ਨੂੰ ਜਾਣਨ, ਪਛਾਣਨ ਅਤੇ ਮਹਿਸੂਸਣ ਦੇ ਨਾਲ ਨਾਲ ਇਨ੍ਹਾਂ ਨੂੰ ਵਿਹਾਰਕ ਰੂਪ ਵਿਚ ਆਪਣੇ ਸੱਚੇ ਅਧਿਆਪਕ ਵਜੋਂ ਸਮਝਣ-ਗ੍ਰਹਿਣ ਕਰਨ ਦੀ ਹੈ।

ਜੀਵਨ ਦੀ ਸਦਵਰਤੋਂ ਕਰਨ ਲਈ ਸਾਨੂੰ ਕੁਦਰਤ ਨਾਲ ਜੁੜ ਕੇ ਹਮੇਸ਼ਾ ਤਰੋ-ਤਾਜ਼ਗੀ ਦੇ ਅਹਿਸਾਸ ਵਿਚ ਰਹਿਣ-ਵਿਚਰਨ ਦੀ ਆਦਤ ਬਣਾ ਲੈਣੀ ਬਹੁਤ ਹੀ ਫਾਇਦੇਮੰਦ ਰਹਿੰਦੀ ਹੈ। ਇਹ ਤਹੱਈਆ ਆਪਣੀ ਜੀਵਨ-ਸ਼ੈਲੀ ਦਾ ਹਿੱਸਾ ਬਣਾ ਲੈਣਾ ਜ਼ਰੂਰੀ ਹੈ ਕਿ ਮੈਂ ਆਪਣੇ ਰਵੱਈਏ ਅਤੇ ਨਜ਼ਰੀਏ ਨੂੰ ਉਸਾਰੂ ਦਿਸ਼ਾ ਵਿਚ ਨਿਰੰਤਰ ਵਿਕਸਿਤ ਕਰਾਂਗਾ! ਸਰਬੱਤ ਦੇ ਭਲੇ, ਸੇਵਾ, ਪਰਉਪਕਾਰ ਦੀ ਭਾਵਨਾ ਤਹਿਤ ਦੂਜਿਆਂ ਨਾਲ ਬਿਹਤਰ ਰਿਸ਼ਤੇ ਕਾਇਮ ਕਰ ਕੇ ਉਨ੍ਹਾਂ ਦੀ ਸੰਭਵ ਮਦਦ ਕਰਨ ਲਈ ਤਤਪਰ ਰਹਾਂਗਾ। ਇੱਕੋ ਕਾਦਰ-ਕਰਤਾ ਦੀ ਪੈਦਾਇਸ਼ ਸਮਝਦਿਆਂ ਸਭ ਨੂੰ ਆਪਣੇ ਭੈਣ-ਭਾਈ ਸਮਝਦਿਆਂ ਸਾਰਿਆਂ ਨਾਲ ਸਨਮਾਨ ਪੂਰਵਕ ਵਿਵਹਾਰ ਕਰਾਂਗਾ। ਦੂਜਿਆਂ ਨੂੰ ਨਾਲ ਲੈ ਕੇ ਚੱਲਣ ਅਤੇ ਦੂਜਿਆਂ ਦੇ ਨਾਲ ਹੋ ਕੇ ਚੱਲਣ ਦੀਆਂ ਮੁਹਾਰਤਾਂ ਸਿੱਖਣ ਲਈ ਹਰ ਵਕਤ ਤਿਆਰ ਰਹਾਂਗਾ। ਇਸੇ ਦ੍ਰਿਸ਼ਟੀ ਤੋਂ ਗੁਰਬਾਣੀ ਵਿਚ ਥਾਂ ਥਾਂ ਆਪਣੀ ਜ਼ਿੰਦਗੀ ਦੇ ਕੀਮਤੀ ਸਮੇਂ ਅਤੇ ਸ਼ਕਤੀ-ਸਾਧਨਾਂ ਨੂੰ ਖਾਣ-ਪੀਣ ਅਤੇ ਸੌਣ-ਹੰਢਾਉਣ ਵਿਚ ਫਜ਼ੂਲ ਜਾਂ ਅਜਾਈਂ ਗਵਾਉਣ ਤੋਂ ਹਰ ਹਾਲਤ ਬਚਾ ਕੇ ਸਾਨੂੰ ਹਰ ਪਲ ਵਿਸਮਾਦੀ ਸਚੁ ਨਾਲ ਜੁੜ ਕੇ ਜੀਵਨ ਗੁਜ਼ਾਰਨ ਦੀ ਦਿਸ਼ਾ-ਸੇਧ ਪ੍ਰਦਾਨ ਕੀਤੀ ਗਈ ਹੈ:

*-ਧ੍ਰਿਗੁ ਧ੍ਰਿਗੁ ਖਾਇਆ ਧ੍ਰਿਗੁ ਧ੍ਰਿਗੁ ਸੋਇਆ ਧ੍ਰਿਗੁ ਧ੍ਰਿਗੁ ਕਾਪੜੁ ਅੰਗਿ ਚੜਾਇਆ॥*
*ਧ੍ਰਿਗੁ ਸਰੀਰੁ ਕੁਟੰਬ ਸਹਿਤ ਸਿਉ ਜਿਤੁ ਹੁਣਿ ਖਸਮੁ ਨ ਪਾਇਆ॥*
*ਪਉੜੀ ਛੁੜਕੀ ਫਿਰਿ ਹਾਥਿ ਨ ਆਵੈ ਅਹਿਲਾ ਜਨਮੁ ਗਵਾਇਆ॥(ਪੰਨਾ ੭੯੬)*
*-ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ॥*
*ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣੁ ਨਹੀ ਰਹਣਾ॥ (ਪੰਨਾ ੧੨੫੪)*

ਵੱਖ-ਵੱਖ ਧਰਮ ਗ੍ਰੰਥ ਸਾਡੇ ਆਪਣੇ ਜੀਵਨ ਦੇ ਸਦਉਪਯੋਗ ਲਈ ਆਪਣੇ ਆਪ ਨਾਲ ਦ੍ਰਿੜ੍ਹ ਪ੍ਰਣ ਕਰਨ ਦੀ ਪ੍ਰੇਰਨਾ ਦਿੰਦੇ ਹਨ। ਇਨ੍ਹਾਂ ਧਰਮ ਗ੍ਰੰਥਾਂ ਅਨੁਸਾਰ ਜੀਵਨ ਦੀ ਸਦਵਰਤੋਂ ਜਾਂ ਦੁਰਵਰਤੋਂ ਸਾਡੇ ਆਪਣੇ ਹੱਥ ਹੈ, ਕਿਸੇ ਦੂਸਰੇ ਦੇ ਵੱਸ ਵਿਚ ਨਹੀਂ।

'ਪਟੀ ਲਿਖੀ' ਬਾਣੀ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਪਵਿੱਤਰ ਫੁਰਮਾਨ ਹੈ:

*ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥*
*ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥* *(ਪੰਨਾ ੪੩੩)*

ਸਾਡਾ ਮਿੱਤਰ ਜਾਂ ਦੁਸ਼ਮਣ ਕੋਈ ਦੂਜਾ ਹੋ ਹੀ ਨਹੀਂ ਸਕਦਾ, ਇਹ ਦੋਨੋਂ ਭੂਮਿਕਾਵਾਂ ਅਸੀਂ ਖ਼ੁਦ ਹੀ ਨਿਭਾਉਣੀਆਂ ਹਨ। ਭਗਵਦ ਗੀਤਾ (ਅਧਿਆਇ ੬:੫-੬) ਅਨੁਸਾਰ ਮਨੁੱਖ ਨੂੰ ਚਾਹੀਦਾ ਹੈ ਕਿ ਆਪਣੇ ਆਪੇ ਦੀ ਮਦਦ ਨਾਲ ਆਪਣਾ ਭਲਾ ਕਰੇ ਅਤੇ ਆਪਣੇ ਆਪੇ ਨੂੰ ਥੱਲੇ ਨਾ ਡਿੱਗਣ ਦੇਵੇ। ਇਹ ਜੀਵ ਆਪ ਹੀ ਆਪਣਾ ਮਿੱਤਰ ਵੀ ਹੈ ਅਤੇ ਦੁਸ਼ਮਣ ਵੀ। ਜਿਸ ਨੇ ਆਪਣੇ ਮਨ ਅਤੇ ਇੰਦਰੀਆਂ ਸਹਿਤ ਆਪਣੇ ਸਰੀਰ ਨੂੰ ਜਿੱਤ ਲਿਆ ਹੈ, ਉਹ ਜੀਵ ਆਪਣਾ ਸਭ ਤੋਂ ਵਧੀਆ ਮਿੱਤਰ ਹੈ; ਪਰ ਜਿਹੜਾ ਆਪਣੇ ਆਪ ਨੂੰ ਕਾਬੂ ਨਹੀਂ ਕਰ ਸਕਿਆ, ਉਸ ਲਈ ਉਹ ਆਪ ਹੀ ਸਭ ਤੋਂ ਵੱਡਾ ਦੁਸ਼ਮਣ ਬਣਿਆ ਰਹਿੰਦਾ ਹੈ।

ਜੀਵਨ ਦੀ ਸਦਵਰਤੋਂ ਦਾ ਸੰਬੰਧ ਹਰ ਤਰ੍ਹਾਂ ਸਾਡੇ ਚੇਤੰਨ ਰਹਿਣ ਉੱਤੇ ਨਿਰਭਰ ਕਰਦਾ ਹੈ ਜਦਕਿ ਦੁਰਵਰਤੋਂ ਦਾ ਸੰਬੰਧ ਸਾਡੇ ਅਚੇਤ ਜਾਂ ਗਾਫਲ ਹੋਣ ਨਾਲ ਹੈ। ਧੱਮਪਦ (ਅਪਮਾਦ ਵੱਗੋ, ੨:੨੧) ਵਿਚ ਮਹਾਤਮਾ ਬੁੱਧ ਜੀ ਦਾ ਪ੍ਰਵਚਨ ਹੈ ਕਿ ਸਦੀਵੀ ਜੀਵਨ (ਨਿਰਵਾਣ) ਦਾ ਰਸਤਾ ਹੈ ਸਦਾ ਚੇਤੰਨ ਰਹਿਣਾ; ਜਦਕਿ ਲਾਪਰਵਾਹੀ ਆਤਮਿਕ ਮੌਤ ਦੇ ਰਸਤੇ ਪਾਉਂਦੀ ਹੈ। ਸੁਚੇਤ ਰਹਿਣ ਵਾਲੇ ਵਿਅਕਤੀ ਕਦੇ ਨਹੀਂ ਮਰਦੇ; ਜਦਕਿ ਗਾਫਲ ਲੋਕ ਜੀਉਂਦਿਆਂ ਹੀ ਮਰਿਆਂ ਵਰਗੇ ਹੁੰਦੇ ਹਨ।

ਜੀਵਨ ਦੀ ਸਦਵਰਤੋਂ ਵਾਲੀ ਜੀਵਨ-ਸ਼ੈਲੀ ਲਈ ਆਪਣੇ ਆਪ ਨੂੰ ਹਮੇਸ਼ਾ ਠੀਕ ਦਿਸ਼ਾ ਵਿਚ ਰੱਖਣਾ ਜ਼ਰੂਰੀ ਹੈ। ਆਪਣੇ ਗਿਰੇਵਾਨ ਵਿਚ ਦੇਖਣਾ ਛੱਡ ਕੇ ਦੂਜਿਆਂ ਦੇ ਦਿਸ਼ਾਹੀਣ ਹੋਣ ਦੀ ਭਰਮਯੁਕਤ ਫਿਕਰਮੰਦੀ ਵਿਚ ਉਨ੍ਹਾਂ ਦੀ ਆਲੋਚਨਾ ਕਰਦਿਆਂ ਆਪਣੇ ਆਪ ਦੀਆਂ ਗਲਤੀਆਂ ਵੱਲੋਂ ਲਾਪਰਵਾਹ ਹੋ ਜਾਣਾ ਅਕਲਮੰਦੀ ਨਹੀਂ। ਕੁਰਾਨ ਮਜੀਦ (ਸੂਰਤ ਅਲ ਮਾਇਦਾ, ੫:੧੦੫) ਵਿਚ ਦਰਜ ਹੈ ਕਿ ਹੇ ਈਮਾਨ ਲਿਆਉਣ ਵਾਲਿਓ! ਆਪਣੀ ਚਿੰਤਾ ਕਰੋ। ਅਗਰ ਤੁਸੀਂ ਆਪ ਸਿੱਧੇ ਰਾਹ ਉੱਤੇ ਹੋ ਤਾਂ ਕਿਸੇ ਦੂਜੇ ਦੇ ਕੁਰਾਹੇ ਪੈਣ ਨਾਲ ਤੁਹਾਡਾ ਕੁਝ ਨਹੀਂ ਵਿਗੜ ਚੱਲਿਆ। ਅੱਲਾਹ ਵੱਲ ਤੁਸੀਂ ਸਾਰਿਆਂ ਨੇ ਪਰਤ ਜਾਣਾ ਹੈ, ਤਦ ਉਹ ਤੁਹਾਨੂੰ ਦੱਸ ਹੀ ਦੇਵੇਗਾ ਕਿ ਤੁਸੀਂ ਕੀ ਕਰਦੇ ਰਹੇ ਹੋ?

ਚੰਗਿਆਈ ਅਤੇ ਭਲਾਈ ਨਾਲ ਭਰਪੂਰ ਜੀਵਨ ਹਾਸਲ ਕਰਨ ਦੀ ਮਨਸ਼ਾ ਨਾਲ ਸਾਨੂੰ ਹਮੇਸ਼ਾ ਸੁਚੇਤ ਰਹਿ ਕੇ ਮਨ, ਬਚਨ ਅਤੇ ਕਰਮ ਕਰਕੇ ਗਲਤ ਕੰਮਾਂ ਤੋਂ ਤੋਬਾ ਕਰਦੇ ਰਹਿਣਾ ਚਾਹੀਦਾ ਹੈ। ਬਾਈਬਲ (ਪਤਰਸ ਦੀ ਪਹਿਲੀ ਚਿੱਠੀ, ੩:੧੦-੧੧) ਅਨੁਸਾਰ ਜਿਹੜਾ ਵੀ ਕੋਈ ਜਿਊਣ ਦੀ ਇੱਛਾ ਰਖਦਾ ਹੈ ਅਤੇ ਅੱਛੇ ਦਿਨ ਦੇਖਣਾ ਚਾਹੁੰਦਾ ਹੈ, ਉਹ ਆਪਣੀ ਜੀਭ ਨੂੰ ਬੁਰਾਈ ਤੋਂ ਅਤੇ ਆਪਣੇ ਹੋਠਾਂ ਨੂੰ ਛਲ-ਕਪਟ ਵਾਲੀਆਂ ਗੱਲਾਂ ਕਰਨ ਤੋਂ ਰੋਕ ਕੇ ਰੱਖੇ। ਉਹ ਬੁਰਾਈ ਦਾ ਸਾਥ ਛੱਡ ਕੇ ਭਲਾਈ ਹੀ ਕਰੇ। ਉਹ ਸ਼ਾਂਤੀ ਨੂੰ ਢੂੰਡੇ ਅਤੇ ਉਸ ਦੀ ਪ੍ਰਾਪਤੀ ਲਈ ਜਤਨਸ਼ੀਲ ਰਹੇ!

ਜੀਵਨ ਦੀ ਸਦਵਰਤੋਂ ਲਈ ਸਰੀਰਕ, ਮਾਨਸਿਕ, ਬੌਧਿਕ, ਨੈਤਿਕ ਅਤੇ ਸਮਾਜਿਕ

ਪੱਖੋਂ ਆਪਣੇ ਆਪ ਨੂੰ ਨਿਖਾਰਨ-ਸੰਵਾਰਨ ਦਾ ਨਿਰੰਤਰ ਅਹਿਸਾਸ ਜਗਾ ਕੇ ਖਾਮੀਆਂ ਦੀ ਛਾਂਟੀ ਕਰਦਿਆਂ ਖੂਬੀਆਂ ਨੂੰ ਆਪਣੀ ਨਿਤਕਰਮੀ ਜੀਵਨ-ਜਾਚ ਦਾ ਹਿੱਸਾ ਬਣਾਉਣਾ ਪੈਂਦਾ ਹੈ। ਸੁਖ-ਦੁਖ, ਖੁਸ਼ੀ-ਗਮੀ, ਉਸਤਤਿ-ਨਿੰਦਾ, ਮਾਨ-ਅਪਮਾਨ ਦੇ ਦਵੰਦਾਂ ਤੋਂ ਨਿਰਲੇਪ ਰਹਿਣ ਵਾਲੀ ਸੰਤੁਲਿਤ ਜੀਵਨ-ਸ਼ੈਲੀ ਬੇਹੱਦ ਮੁਸ਼ਕਲ ਬਾਜ਼ੀ ਹੈ, ਪਰੰਤੂ ਸੱਚ ਦੀ ਤਲਾਸ਼ ਵਿਚ ਗਿਆਨ ਵੱਲ ਮੂੰਹ ਕਰਕੇ ਜੀਵਨ ਜਿਉਣ ਵਾਲੇ ਜ਼ਿੰਦਾਦਿਲ ਗੁਰਮੁਖ ਖੋਜੀ ਇਸ ਔਖੇ ਮਾਰਗ ਦੇ ਪਾਂਧੀ ਬਣਨ ਦੀ ਜ਼ਿਮੇਵਾਰੀ ਨੂੰ ਨਿਧੜਕ ਹੋ ਕੇ ਕਬੂਲਦੇ ਅਤੇ ਬਾਖੂਬੀ ਨਿਭਾਉਂਦੇ ਹਨ। ਜੀਵਨ ਦੀ ਸਦਵਰਤੋਂ ਸੰਬੰਧੀ ਜ਼ਿਮੇਵਾਰੀ ਦੇ ਇਸ ਗੰਭੀਰ ਅਹਿਸਾਸ ਬਾਰੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪ੍ਰੇਰਕ-ਪ੍ਰਵਚਨ ਹੈ:

*ਸਾਧੋ ਮਨ ਕਾ ਮਾਨੁ ਤਿਆਗਉ॥*
*ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ॥੧॥ ਰਹਾਉ॥*
*ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥*
*ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥੧॥*
*ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥*
*ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ॥੨॥੧॥ (ਪੰਨਾ ੨੧੯)*

ਜੀਵਨ ਦੀ ਸਦਵਰਤੋਂ ਨੂੰ ਸਮੇਂ ਦੀ ਸਦਵਰਤੋਂ ਅਤੇ ਸਮੇਂ ਦੇ ਸਦ-ਪ੍ਰਬੰਧਨ ਜਾਂ ਵਿਉਂਤਕਾਰੀ ਦੇ ਰੂਪ ਵਿਚ ਵੀ ਸਮਝਿਆ ਜਾ ਸਕਦਾ ਹੈ। ਜੀਵਨ ਦੀ ਸੰਭਾਲ ਦਾ ਅਰਥ ਵੀ ਅਸਲ ਵਿਚ ਸਮੇਂ ਦੀ ਸੰਭਾਲ ਕਰਨਾ ਹੀ ਹੈ।ਵਰਤਮਾਨ ਸਮੇਂ ਦੀ ਸਦਵਰਤੋਂ, ਸਾਡੇ ਭੂਤ ਅਤੇ ਭਵਿੱਖ, ਦੋਨਾਂ ਨੂੰ ਸਾਰਥਕ ਬਣਾਉਂਦੀ ਹੈ। ਸਰੀਰਕ ਅਤੇ ਮਾਨਸਿਕ ਤੌਰ 'ਤੇ ਵਰਤਮਾਨ ਵਿਚ ਹਾਜ਼ਰ ਰਹਿਣਾ ਸਿੱਖਣਾ ਸਾਡੇ ਜੀਵਨ ਨੂੰ ਸਰਲਤਾ-ਸਹਿਜਤਾ ਬਖਸ਼ਦਾ ਹੈ। ਵਰਤਮਾਨ ਵਿੱਚੋਂ ਗੁਜ਼ਰ ਕੇ ਭੂਤਕਾਲ ਵਿਚ ਸਮਾ ਰਹੇ ਇਕ ਇਕ ਸਵਾਸ ਦੀ ਸਦਵਰਤੋਂ, ਜੀਵਨ ਦੀ ਉਚੇਰੀ ਪਦਵੀ ਨੂੰ ਹਾਸਲ ਕਰਨਾ ਯਕੀਨੀ ਬਣਾਉਂਦੀ ਹੈ। ਇਸ ਲਈ ਸਾਨੂੰ ਸਮੇਂ ਦੀ ਸਦਵਰਤੋਂ ਦੇ ਇਸ ਨੇਕ ਕੰਮ ਦੀ ਸ਼ੁਰੂਆਤ ਹੁਣੇ, ਬਸ ਹੁਣੇ ਕਰਨੀ ਬਣਦੀ ਹੈ; ਹੋਰ ਦੇਰ ਕਰਨਾ ਪਛਤਾਵਿਆਂ, ਝੋਰਿਆਂ ਨੂੰ ਸੱਦਾ ਦੇਣਾ ਹੈ:

*ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ॥*
*ਜਨਮ ਮਰਨ ਕਾ ਭਉ ਗਇਆ ਜੀਵਨ ਪਦਵੀ ਪਾਇ॥ (ਪੰਨਾ ੫੫੬)*
*-ਕਬੀਰ ਕਾਲਿ ਕਰੰਤਾ ਅਬਹਿ ਕਰੁ ਅਬ ਕਰਤਾ ਸੁਇ ਤਾਲ॥*
*ਪਾਛੈ ਕਛੂ ਨ ਹੋਇਗਾ ਜਉ ਸਿਰ ਪਰਿ ਆਵੈ ਕਾਲੁ॥ (ਪੰਨਾ ੧੩੭੧)*

ਇਸ ਪ੍ਰਸੰਗ ਵਿਚ ਸਦਵਰਤੋਂ ਦਾ ਅਰਥ-ਭਾਵ ਆਪਣੀਆਂ ਨਿੱਤ-ਕਿਰਿਆਵਾਂ ਨੂੰ ਨਿਯਮਤ ਕਰਨਾ, ਭਾਵ ਰਹਿਣ-ਸਹਿਣ, ਸੌਣ-ਜਾਗਣ, ਖਾਣ-ਪੀਣ, ਸੁਣਨ-ਬੋਲਣ ਦੀਆਂ ਚੰਗੀਆਂ ਆਦਤਾਂ ਬਣਾਉਣਾ ਹੈ। ਇਸ ਦਿਸ਼ਾ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਸੰਦੇਸ਼ ਬਾਖੂਬੀ ਸਾਡੀ ਰਹਿਨੁਮਾਈ ਕਰਦਾ ਹੈ:

*ਅਲਪ ਆਹਾਰ ਸੁਲਪ ਸੀ ਨਿਦ੍ਰਾ ਦਯਾ ਛਿਮਾ ਤਨ ਪ੍ਰੀਤਿ॥*
*ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤਿ॥*

*ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ ਨ ਮਨ ਸੋ ਲਯਾਵੈ॥*
*ਤਬ ਹੀ ਆਤਮ ਤਤ ਕੋ ਦਰਸੇ ਪਰਮ ਪੁਰਖ ਕਹ ਪਾਵੈ॥*

*(ਰਾਮਕਲੀ ਪਾਤਸਾਹੀ ੧੦)*

ਸਰੀਰ, ਮਨ, ਬੁੱਧੀ ਅਤੇ ਭਾਵਾਂ ਦੀ ਚੰਗੀ ਪਰਵਰਿਸ਼ ਅਤੇ ਸਦਵਰਤੋਂ - ਸਾਡੇ ਜੀਵਨ ਨੂੰ ਸਰਲ, ਸਹਿਜ ਅਤੇ ਸੁਖੀ ਬਣਾਉਣ ਦਾ ਕੰਮ ਕਰਦੀ ਹੈ। ਮਨ, ਬਚਨ, ਕਰਮ ਕਰਕੇ ਗਲਤ ਕੰਮਾਂ ਤੋਂ ਗੁਰੇਜ਼-ਪਰਹੇਜ਼ ਸਾਡੀ ਜੀਵਨ-ਦਿਸ਼ਾ ਨੂੰ ਸਤੋਗੁਣੀ ਅਤੇ ਪਰਗਾਸਮੁਖੀ ਬਣਾਈ ਰੱਖਦਾ ਹੈ। ਦਿਲ, ਦਿਮਾਗ, ਅੱਖਾਂ, ਕੰਨ, ਨੱਕ, ਜੀਭ, ਦੰਦ, ਹੱਥ, ਪੈਰ, ਲੱਤਾਂ, ਬਾਹਾਂ ਨੂੰ ਔਗੁਣਾਂ-ਬੁਰਾਈਆਂ ਵੱਲੋਂ ਵਰਜ ਕੇ ਗੁਣਾਂ-ਚੰਗਿਆਈਆਂ ਵੱਲ ਲਗਾਉਣ ਦੀ ਸਵੈ-ਸੰਜਮੀ ਸਿਖਲਾਈ, ਸਾਡੇ ਇਸ ਅਨਮੋਲ ਮਨੁਖੀ ਜੀਵਨ ਨੂੰ ਸਾਰਥਕ ਅਤੇ ਸਨਮਾਨਪੂਰਵਕ ਢੰਗ ਨਾਲ ਪ੍ਰਵਾਨ ਚੜ੍ਹਾਉਣ ਦਾ ਕਾਰਗਰ ਸਾਧਨ ਬਣਦੀ ਹੈ। ਭਾਈ ਗੁਰਦਾਸ ਜੀ ਨੇ ਬਹੁਤ ਹੀ ਖੂਬਸੂਰਤ ਤਰੀਕੇ ਨਾਲ ਸਮਝਾਇਆ ਹੈ:

*ਮਾਣਸ ਜਨਮੁ ਅਮੋਲੁ ਹੈ ਹੋਇ ਅਮੋਲੁ ਸਾਧਸੰਗੁ ਪਾਏ।*
*ਅਖੀ ਦੁਇ ਨਿਰਮੋਲਕਾ ਸਤਿਗੁਰ ਦਰਸ ਧਿਆਨ ਲਿਵ ਲਾਏ।*
*ਮਸਤਕੁ ਸੀਸ ਅਮੋਲੁ ਹੈ ਚਰਣਿ ਸਰਣਿ ਗੁਰੁ ਧੂੜਿ ਸੁਹਾਏ।*
*ਜਿਹਬਾ ਸ੍ਰਵਣ ਅਮੋਲਕਾ ਸਬਦ ਸੁਰਤਿ ਸੁਣਿ ਸਮਝਿ ਸੁਣਾਏ।*
*ਹਸਤ ਚਰਣ ਨਿਰਮੋਲਕਾ ਗੁਰਮੁਖ ਮਾਰਗਿ ਸੇਵ ਕਮਾਏ।*
*ਗੁਰਮੁਖਿ ਰਿਦਾ ਅਮੋਲੁ ਹੈ ਅੰਦਰਿ ਗੁਰੁ ਉਪਦੇਸੁ ਵਸਾਏ।*
*ਪਤਿ ਪਰਵਾਣੈ ਤੋਲਿ ਤੁਲਾਏ॥੧੭॥* *(ਵਾਰ ੧੫:੧੭)*

ਸੋ ਲੋੜ ਹੈ ਕਿ ਰੂਹਾਨੀ ਖੇੜੇ ਜਾਂ ਆਤਮ-ਵਿਗਾਸ, ਭਾਵ ਜੀਵਨ ਦੇ ਭਰਪੂਰ ਵਿਕਾਸ ਜਾਂ ਪ੍ਰਫੁੱਲਤਾ ਲਈ ਹਮੇਸ਼ਾ ਸਵੈਚੇਤਨ ਰਹਿ ਕੇ ਆਪਣੇ ਜੀਵਨ ਦੀ ਸਦਵਰਤੋਂ ਦੀ ਸਾਰਥਕ ਸਮਝ ਹਾਸਲ ਕਰੀਏ! ਸਵੈਚੇਤਨ ਹੋ ਕੇ ਆਪਣੇ ਅਹਿਸਾਸਾਂ, ਵਿਸ਼ਵਾਸਾਂ ਅਤੇ ਅਭਿਆਸਾਂ ਨੂੰ ਸੰਵਾਰਨ ਤੇ ਨਿਖਾਰਨ ਲਈ ਜੀਵਨ ਦੀ ਸਦਵਰਤੋਂ ਨੂੰ ਸੁਭ ਭਾਵਨਾ ਤਹਿਤ ਚੰਗੀ ਤਰ੍ਹਾਂ ਸਮਝੀਏ! ਇਸ ਲਈ ਬੇਹੱਦ ਜ਼ਰੂਰੀ ਹੈ - ਆਪਣੇ ਅੰਦਰ ਛੁਪੇ ਹੋਏ ਗੁਣਾਂ, ਸ਼ਕਤੀਆਂ, ਸਮਰੱਥਾਵਾਂ ਅਤੇ ਸੰਭਾਵਨਾਵਾਂ ਨੂੰ ਪਛਾਣ ਕੇ ਉਨ੍ਹਾਂ ਨੂੰ ਆਪਣੇ ਸਵੈ-ਵਿਕਾਸ ਹਿਤ ਵੱਧ ਤੋਂ ਵੱਧ ਵਰਤਣ ਲਈ ਯਤਨਸ਼ੀਲ ਰਹੀਏ। ਇਹ ਤਾਂ ਹੀ ਸੰਭਵ ਹੋਵੇਗਾ ਜੇ ਪਹਿਲਾਂ ਅਸੀਂ ਆਪਣੀਆਂ ਖੂਬੀਆਂ-ਖਾਮੀਆਂ, ਸ਼ਕਤੀਆਂ ਅਤੇ ਸਮਰੱਥਾਵਾਂ ਬਾਰੇ ਚੰਗੀ ਤਰ੍ਹਾਂ ਸਵੈਚੇਤਨ ਹੋਈਏ! ਫਿਰ ਇਨ੍ਹਾਂ ਨੂੰ ਵਰਤਣ ਦੀਆਂ ਤਕਨੀਕਾਂ, ਤਰਕੀਬਾਂ ਅਤੇ ਜੁਗਤਾਂ ਤੋਂ ਜਾਣੂ ਹੋਈਏ! ਇਨ੍ਹਾਂ ਤਕਨੀਕਾਂ, ਤਰਕੀਬਾਂ ਅਤੇ ਜੁਗਤਾਂ ਨੂੰ ਸਮਝ ਕੇ ਉਨ੍ਹਾਂ ਲਈ ਨਿਰੰਤਰ ਜਤਨ-ਅਭਿਆਸ ਕਰਦੇ ਰਹੀਏ! ਇਸ ਦੇ ਨਾਲ ਹੀ ਦਿਲ ਦੇ ਅੰਦਰ ਜੀਵਨ ਦੀ ਸਦਵਰਤੋਂ ਕਰਨ ਦੀ ਤੀਬਰ ਇੱਛਾ, ਤੜਪ ਅਤੇ ਰੀਝ ਨਿਰੰਤਰ ਬਣਾਈ ਰੱਖੀਏ! ਸਵੈ-ਵਿਕਸਿਤ ਹੋਣ ਦੇ ਉਦੇਸ਼ ਨਾਲ ਆਪਣੇ ਦਿਲ ਅੰਦਰ ਆਪੇ ਨੂੰ ਬਦਲਣ ਲਈ ਪੂਰਨ ਸਵੈ-ਵਿਸ਼ਵਾਸ ਨਾਲ ਆਤਮ-ਸੁਧਾਈ ਦੀ ਜੋਤ ਨੂੰ ਨਿਰੰਤਰ ਜਗਾਈ ਰੱਖਣਾ, ਜੀਵਨ ਦੀ ਸਦਵਰਤੋਂ ਲਈ ਬੇਹੱਦ ਕਾਰਗਰ ਗੁਰ-ਸੂਤਰ ਹੈ। ■

# ਭਾਈ ਤਾਰੂ ਸਿੰਘ ਸ਼ਹੀਦ

*-ਸ. ਅਮਰਜੀਤ ਸਿੰਘ,*

*ਭਾਈ ਤਾਰੂ ਸਿੰਘ ਨੇ, ਨਾ ਲਾਜ ਸਿੱਖੀ ਨੂੰ ਲਾਈ*
*ਪੱਤ ਰੱਖਣ ਲਈ ਕੇਸਾਂ ਦੀ, ਸੀ ਖੋਪਰੀ ਓਸ ਲੁਹਾਈ।*

*ਪੂਹਲੇ ਪਿੰਡ ਦਾ ਵਾਸੀ ਸੀ ਉਹ, ਕਰਦਾ ਕਿਰਤ ਕਮਾਈ।*
*ਬਾਗੀ ਸਿੱਖਾਂ ਤਾਈਂ ਲਕੋਵੇ, ਰੱਖੇ ਵਿਚ ਸਰਣਾਈ।*
*ਨਿਰੰਜਣੀਏ ਨੇ ਕੋਲ ਜ਼ਕਰੀਏ, ਜਾ ਕੇ ਲੂਤੀ ਲਾਈ।*
*ਭਾਈ ਤਾਰੂ ਸਿੰਘ ਨੇ . . .*

*ਫੜ ਕੇ ਕੈਦ ਕੀਤਾ, ਦੱਸੋ ਕੀ ਹੈ ਕਸੂਰ ਮੇਰਾ?*
*ਨਿਰਦੋਸ਼ੇ ਨੂੰ ਡੱਕ ਦਿੱਤਾ, ਕੀ ਹੈ ਦਸਤੂਰ ਤੇਰਾ?*
*ਕਾਫ਼ਰ ਤੋਂ ਮੋਮਨ ਬਣ ਜਾ! ਸੂਬੇ ਏਹ ਗੱਲ ਸੁਝਾਈ।*
*ਭਾਈ ਤਾਰੂ ਸਿੰਘ ਨੇ . . .*

*ਧਰਮ ਖਾਤਰ ਭਾਈ ਤਾਰੂ ਸਿੰਘ ਨੇ, ਆਪਣਾ ਸੀਸ ਕਟਾਇਆ।*
*ਸਿੱਖੀ ਦੀ ਉਸ ਰੱਖ ਵਿਖਾਈ, ਨਾ ਦਾਗ਼ ਧਰਮ ਨੂੰ ਲਾਇਆ।*
*ਸਿੱਖੀ ਸਿਦਕ ਭਰੋਸਾ ਕਰ ਕੇ, ਗੁਰੂ ਦੀ ਰੀਤ ਨਿਭਾਈ।*
*ਭਾਈ ਤਾਰੂ ਸਿੰਘ . . .*

*ਜ਼ਕਰੀਏ ਨੂੰ ਪੈ ਗਿਆ, ਆਖਰ ਬੰਨ੍ਹ ਪਿਸ਼ਾਬ ਦਾ।*
*ਤਾਰੂ ਸਿੰਘ ਦੀ ਜੁੱਤੀ ਸਦਕਾ, ਟੁੱਟਾ ਕੜ ਨਵਾਬ ਦਾ।*
*ਜਬਰ ਨਾਲ ਜੂਝਦਿਆਂ, ਉਸ ਨੇ ਜਾਨ ਦੀ ਬਾਜ਼ੀ ਲਾਈ।*
*ਭਾਈ ਤਾਰੂ ਸਿੰਘ . . .*

■

*-ਪਿੰਡ ਤੇ ਡਾਕਖਾਨਾ ਰਾਮਪੁਰਾ, ਜ਼ਿਲ੍ਹਾ ਲੁਧਿਆਣਾ। ਫ਼ੋਨ: ੦੧੬੨੮-੨੮੪੩੩੧*

# ਸਿੱਖ ਕੌਮ ਨੇ

-ਸ. ਕਰਨੈਲ ਸਿੰਘ ਸਰਦਾਰ ਪੰਛੀ*

*ਮਾਨਵਤਾ ਦਾ ਕਰੇ ਕੋਈ ਨੁਕਸਾਨ ਨਹੀਂ ਸਹਿਣਾ।*
*ਸਿੱਖ ਕੌਮ ਨੇ ਗੁਰੂਆਂ ਦਾ ਅਪਮਾਨ ਨਹੀਂ ਸਹਿਣਾ।*

*ਸਾਰੇ ਸੱਚੇ ਧਰਮਾਂ ਦਾ ਸਤਿਕਾਰ ਵੀ ਕਰਦੇ ਹਾਂ।*
*ਸੱਚੇ ਸੰਤਾਂ ਤਾਈਂ ਸੱਚਾ ਪਿਆਰ ਵੀ ਕਰਦੇ ਹਾਂ।*
*ਅਪਣੇ ਧਰਮ ਦਾ ਰੂਹਾਨੀ ਪ੍ਰਚਾਰ ਵੀ ਕਰਦੇ ਹਾਂ।*
*ਬੰਦੇ ਨੂੰ ਰੱਬ ਮੰਨਣ ਤੋਂ ਇਨਕਾਰ ਵੀ ਕਰਦੇ ਹਾਂ।*

*ਹਾਕਮ ਕਰੇ ਜੇ ਝੂਠੇ ਦਾ ਸਨਮਾਨ ਨਹੀਂ ਸਹਿਣਾ।*
*ਸਿੱਖ ਕੌਮ ਨੇ ਗੁਰੂਆਂ ਦਾ ਅਪਮਾਨ ਨਹੀਂ ਸਹਿਣਾ।*

*ਕੀ ਦੇਵੇਗਾ ਦੂਜੇ ਨੂੰ ਜੋ ਆਪ ਸਵਾਲੀ ਹੈ।*
*ਜਿਸ ਦਾ ਆਪਣਾ ਨਾਂ ਤੇ ਘਰ ਦਾ ਨਾਂ ਵੀ ਜਾਅਲੀ ਹੈ।*
*ਸੋਨੇ ਦੇ ਹਰ ਇਕ ਪਿੰਜਰੇ ਵਿਚ ਬੁਲਬੁਲ ਪਾਲੀ ਹੈ।*
*ਲੁੱਟੇ ਪੱਤ ਜੋ ਕਲੀਆਂ ਦੀ ਉਹਦਾ ਕਾਹਦਾ ਮਾਲੀ ਹੈ।*

*ਆਪਾਂ ਕਿਸੇ ਕਲੀ ਦਾ ਹੁਣ ਅਪਮਾਨ ਨਹੀਂ ਸਹਿਣਾ।*
*ਸਿੱਖ ਕੌਮ ਨੇ ਗੁਰੂਆਂ ਦਾ ਅਪਮਾਨ ਨਹੀਂ ਸਹਿਣਾ।*

*ਆਪਾਂ ਰਲ ਮਿਲ ਕੇ ਐਸਾ ਮਹਿਲ ਬਣਾਉਣਾ ਹੈ।*
*ਭੁੱਲੇ ਭਟਕੇ ਲੋਕਾਂ ਨੂੰ ਸਿੱਧੇ ਰਾਹ ਪਾਉਣਾ ਹੈ।*
*ਡੇਰੇ ਵਿਚ ਗੁਆਚਿਆਂ ਨੂੰ ਬਾਣੀ ਲੜ ਲਾਉਣਾ ਹੈ।*
*ਜਾਤ-ਪਾਤ ਦੇ ਜਾਲ ਦੇ ਵਿੱਚੋਂ ਮੁਕਤ ਕਰਾਉਣਾ ਹੈ।*

*ਹੋਰ ਜ਼ੁਲਮ ਹੁਣ 'ਪੰਛੀ' ਇਸ ਕਿਰਪਾਨ ਨਹੀਂ ਸਹਿਣਾ।*
*ਸਿੱਖ ਕੌਮ ਨੇ ਗੁਰੂਆਂ ਦਾ ਅਪਮਾਨ ਨਹੀਂ ਸਹਿਣਾ।* ■

*ਜੇਠੀ ਨਗਰ, ਮਲੇਰਕੋਟਲਾ ਰੋਡ, ਖੰਨਾ-੧੪੧੪੦੧; ਮੋ: +੯੧੯੪੧੭੦-੯੧੬੬੮

# ਲਗਾਂ ਅੱਖਰਾਂ ਦੀਆਂ ਬੋਲੀਆਂ

*-ਸ. ਰਣਜੀਤ ਸਿੰਘ**

*ਊੜੇ ਤੋਂ ਲੈ ਲੱਲੇ ਬਿੰਦੀ ਤਕ ਜਿੰਨੀਆਂ ਕੀਤੀਆਂ ਗੱਲਾਂ*
*ਪੜ੍ਹ ਕੇ ਥੋਡੇ ਮਨਾਂ ਅੰਦਰ ਉੱਠੀਆਂ ਤਾਂ ਹੋਣੀਐਂ ਛੱਲਾਂ*
*ਇਹ ਛੱਲਾਂ ਏਦਾਂ ਹੀ ਬਣੀਆਂ ਰਹਿਣ, ਪੈਣ ਨਾ ਠੱਲ੍ਹਾਂ*
*ਆ ਜਾਓ! ਥੋਨੂੰ ਲਗਾਂ-ਮਾਤਰਾਵਾਂ ਵੱਲ ਵੀ ਲੈ ਚੱਲਾਂ*
*ਅੱਖਰਾਂ ਨੂੰ ਲਾ ਕੇ ਲਗਾਂ ਸ਼ਬਦ ਤੁਹਾਨੂੰ ਘੱਲਾਂ*

*ਪੰਜਾਬੀ ਦੀਆਂ ਇਨ੍ਹਾਂ ਲਗਾਂ ਦੀ ਗਿਣਤੀ ਹੈ ਦਸ ਸਾਰੀ*
*ਮੁਕਤਾ, ਕੰਨਾ, ਸਿਹਾਰੀ ਤੇ ਚੌਥੀ ਦਾ ਨਾਮ ਬਿਹਾਰੀ*
*ਔਂਕੜ ਨਾਲ ਦੁਲੈਂਕੜ, ਲਾਂ ਦੇ ਨਾਲ ਦੁਲਾਂ ਵੀ ਪਿਆਰੀ*
*ਹੋੜਾ ਅਤੇ ਕਨੌੜਾ ਵੀ ਨਾ ਭੁੱਲਣ ਆਪਣੀ ਵਾਰੀ*
*ਵਾਹਿਗੁਰੂ ਬਣੀ ਰਹੇ ਇਨ੍ਹਾਂ ਦੀ ਸਰਦਾਰੀ*

*ਕੁੱਲ ਇਕਤਾਲੀ ਅੱਖਰ ਅਜੋਕੀ ਵਰਨਮਾਲਾ ਵਿਚ ਆਉਂਦੇ*
*ੳ, ਅ, ੲ ਤਿੰਨੇ ਸਵਰ ਵਾਹਕ ਅਖਵਾਉਂਦੇ*
*ਬਾਕੀ ਅਠੱਤੀ ਅੱਖਰ ਵਿਅੰਜਨ ਬਣ ਕੇ ਸੋਭਾ ਪਾਉਂਦੇ*
*ਇਨ੍ਹਾਂ ਨੂੰ ਕਿੰਨੀਆਂ ਤੇ ਕਿਹੜੀਆਂ-ਕਿਹੜੀਆਂ ਲਗਾਂ ਲਗਾਉਂਦੇ*
*ਆ ਜਾਓ! ਸਮਝ ਲਈਏ ਅਧਿਆਪਕ ਜੀ ਸਮਝਾਉਂਦੇ*

*ਜੋ ਕੁਝ ਕਹਿਣਾ ਕਹੂੰ ਪਤੇ ਦਾ ਨਾ ਘੱਟ ਨਾ ਬੇ-ਲੋੜਾ*
*ਊੜੇ ਨੂੰ ਤਿੰਨ ਲਗਾਂ ਲਗਦੀਆਂ ਔਂਕੜ, ਦੁਲੈਂਕੜ, ਹੋੜਾ*
*ਊੜੇ ਦਾ ਮੂੰਹ ਖੁੱਲ੍ਹ ਜੇ ਲੱਗ ਜੇ ਜਦੋਂ ਏਸ ਨੂੰ ਹੋੜਾ*
*ਸਭ ਕੁਝ ਮਿਲੇ ਗੁਰਮੁਖੀ ਅੰਦਰ, ਕਿਸੇ ਨਾ ਚੀਜ਼ ਦਾ ਤੋੜਾ*
*ਸੱਦਦੀ ਮਾਂ-ਬੋਲੀ ਪਾ ਪੁੱਤਰਾ ਘਰ ਮੋੜਾ*

*ਐੜੇ ਨੂੰ ਕੁੱਲ ਚਾਰ ਲਗਾਂ ਹੀ ਲੱਗਣ ਸੋਹਣਿਆਂ ਚੰਨਾ*
*ਵੇਖੀਂ ਟਪਲਾ ਖਾ ਨਾ ਜਾਈਂ ਹੋ ਜਾ ਜ਼ਰਾ ਚੁਕੰਨਾ*
*ਮੁਕਤਾ ਲਗ ਚਿੰਨ੍ਹ ਰਹਿਤ ਬਾਕੀ ਦੀਆਂ ਦੁਲਾਂ, ਕਨੌੜਾ, ਕੰਨਾ*

*ਪਿੰਡ ਤੇ ਡਾਕ. ਕੋਠਾ (੨-ਬੀ-ਵੱਡੀ), ਤਹਿ ਤੇ ਜ਼ਿਲ੍ਹਾ ਸ੍ਰੀ ਗੰਗਾਨਗਰ (ਰਾਜਸਥਾਨ) ਮੋ: +੯੧੭੭੪੨੮-੭੩੯੭੨

*ਮਾਂ-ਬੋਲੀ ਦੇ ਸ਼ਬਦਾਂ ਦੀ ਚੂਰੀ ਦਾ ਛੱਕ ਕੇ ਛੰਨਾ*
*ਫੋਕੇ ਲਗਦੇ ਐ ਮਿਸ਼ਰੀ, ਸ਼ਹਿਦ, ਗੁੜ, ਗੰਨਾ*

*ਤੀਜੀ ਥਾਂ 'ਤੇ 'ੲ' ਨੇ ਵੀ ਆਪਣੀ ਮਹਿਕ ਖਿਲਾਰੀ*
*'ੲ' ਨੂੰ ਤਿੰਨ ਲਗਾਂ ਲਗਦੀਆਂ, ਲਾਂ, ਸਿਹਾਰੀ ਤੇ ਬਿਹਾਰੀ*
*ਜਦੋਂ ਪੰਜਾਬੀ ਵਰਨਾਂ ਦੀ ਮਾਲਾ ਮੈਂ ਘੋਖ ਵਿਚਾਰੀ*
*ਇਕਤਾਲੀ ਜਣਿਆਂ 'ਚੋਂ ਚਾਲੀ ਮਰਦ ਇਕ ਨਾਰੀ*
*ਮਾਂ ਦੇ ਜਾਇਆਂ ਤੋਂ 'ੲ' ਭੈਣ ਬਲਿਹਾਰੀ*

*ਏਸ ਵਰਨਮਾਲਾ ਵਿਚ ਬਾਕੀ ਅੱਖਰ ਵਿਅੰਜਨ ਸਾਰੇ*
*ਸਭ ਨੂੰ ਦਸ-ਦਸ ਲਗਾਂ ਲੱਗਣ ਚਹੁੰ ਪਾਸਿਓਂ ਰਹਿਣ ਸ਼ਿੰਗਾਰੇ*
*ਵਿੱਦਿਆ ਦਾ ਚਾਨਣ ਸਭ ਦਾ ਅਗਿਆਨ ਅੰਧੇਰਾ ਮਾਰੇ*
*ਬੋਲ ਪੰਜਾਬੀ ਮਾਂ-ਬੋਲੀ ਦੇ ਲੱਗਦੇ ਬਹੁਤ ਪਿਆਰੇ*
*ਪੀਂਘ ਪੰਜਾਬੀ ਦੀ ਖੁੱਲ੍ਹ ਕੇ ਝੂਟ ਲਓ ਸਾਰੇ*

*ਲਗਾਂ ਨਾਲ ਤਿੰਨ ਲੱਗਣ ਲਗਾਖਰ ਟਿੱਪੀ, ਅੱਧਕ ਤੇ ਬਿੰਦੀ*
*ਸ਼ਬਦਾਂ ਨੂੰ ਇਨ੍ਹਾਂ ਦੀ ਹਾਜ਼ਰੀ ਹੋਰ ਸੁੰਦਰ ਕਰ ਦਿੰਦੀ*
*ਮਾੜੇ ਉਸ ਦੇ ਭਾਗ ਜਿਸਨੇ ਮਾਂ-ਬੋਲੀ ਆਪਣੀ ਨਿੰਦੀ*
*ਉਹ ਵਿਦਵਾਨ ਨਹੀਂ ਜਿਸ ਨੇ ਮਾਂ-ਬੋਲੀ ਹੋਰ ਦੀ ਨਿੰਦੀ*
*ਮਾਂਵਾਂ ਸਭ ਚੰਗੀਆਂ ਉਰਦੂ, ਫ਼ਾਰਸੀ, ਹਿੰਦੀ*

*ਮੁਕਤਾ, ਔਂਕੜ ਅਤੇ ਦੁਲੈਂਕੜ, ਜਿੱਥੇ ਸਿਹਾਰੀ ਆਵੇ*
*ਚਾਰਾਂ ਦੇ ਨਾਲ ਟਿੱਪੀ, ਬਾਕੀਆਂ ਨਾਲ ਬਿੰਦੀ ਲੱਗ ਜਾਵੇ*
*ਪਰ ਊੜੇ ਦੇ ਨਾਲ ਹਮੇਸ਼ਾਂ ਬਿੰਦੀ ਲਗਾਖਰ ਆਵੇ*
*ਮੁਕਤਾ, ਔਂਕੜ, ਦੁਲਾਂ, ਸਿਹਾਰੀ ਨਾਲ ਅੱਧਕ ਲੱਗ ਜਾਵੇ*
*ਅੱਧਕ ਪੰਜਾਬੀ ਦੇ ਦੁੱਤ ਵਿਅੰਜਨ ਨੂੰ ਪ੍ਰਗਟਾਵੇ*

*ਕੋਠੇ ਦਾ 'ਰਣਜੀਤ ਸਿੰਘ' ਸਭ ਨੂੰ ਬੇਨਤੀ ਕਰਦਾ*
*ਇਹ ਤਾਂ ਠੀਕ ਐ ਹੋਰ ਭਾਸ਼ਾਵਾਂ ਪੜ੍ਹੇ ਬਿਨਾ ਨਹੀਂ ਸਰਦਾ*
*ਪਰ ਆਪਣੀ ਮਾਂ-ਬੋਲੀ ਦਾ ਸਤਿਕਾਰ ਫ਼ਰਜ਼ ਹਰ ਘਰ ਦਾ*
*ਪੰਜਾਬੀ 'ਚੋਂ ਗੁਰੂਆਂ ਦੀ ਕਿਰਪਾ ਦਾ ਅੰਮ੍ਰਿਤ ਵਰ੍ਹਦਾ*
*ਮਾਂ ਦੀ ਬੋਲੀ ਐ ਮੱਖਣ ਲੱਸੀ ਤੇ ਤਰਦਾ।*

■

# ਜੂਨ ੧੯੮੪ ਦੇ ਸ਼ਹੀਦਾਂ ਦੀ ਯਾਦ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕਰਵਾਇਆ ਸ਼ਹੀਦੀ ਸਮਾਗਮ

ਸ੍ਰੀ ਅੰਮ੍ਰਿਤਸਰ ੬ ਜੂਨ: ਜੂਨ ੧੯੮੪ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਸਮੇਂ ਦੀ ਕੇਂਦਰ ਸਰਕਾਰ ਦੇ ਹੁਕਮ 'ਤੇ ਭਾਰਤੀ ਫੌਜ ਵੱਲੋਂ ਕੀਤੇ ਗਏ ਫੌਜੀ ਹਮਲੇ ਦੌਰਾਨ ਸ਼ਹੀਦ ਹੋਏ ਸਿੰਘ, ਸਿੰਘਣੀਆਂ ਤੇ ਭੁਝੰਗੀਆਂ ਦੀ ੩੩ਵੀਂ ਸਲਾਨਾ ਯਾਦ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਜਥੇਬੰਦੀਆਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸ਼ਹੀਦੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸ੍ਰੀ ਅਖੰਡਪਾਠ ਸਾਹਿਬ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਰਾਇ ਸਿੰਘ ਦੇ ਰਾਗੀ ਜਥੇ ਵੱਲੋਂ ਗੁਰਬਾਣੀ ਕੀਰਤਨ ਕੀਤਾ ਗਿਆ। ਅਰਦਾਸ ਸ੍ਰੀ ਅਕਾਲ ਤਖਤ ਸਾਹਿਬ ਦੇ ਹੈਡ ਗ੍ਰੰਥੀ ਭਾਈ ਮਲਕੀਤ ਸਿੰਘ ਨੇ ਕੀਤੀ ਅਤੇ ਪਾਵਨ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਲਿਆ। ਇਸ ਸ਼ਹੀਦੀ ਸਮਾਗਮ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ, ਤਰਨਾ ਦਲ ਦੇ ਮੁਖੀ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ, ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਦੇ ਸਪੁੱਤਰ ਭਾਈ ਈਸ਼ਰ ਸਿੰਘ, ਸ਼ਹੀਦ ਭਾਈ ਅਮਰੀਕ ਸਿੰਘ ਦੀ ਸੁਪਤਨੀ ਬੀਬੀ ਹਰਪ੍ਰੀਤ ਕੌਰ, ਸਪੁੱਤਰੀ ਬੀਬੀ ਸਤਵੰਤ ਕੌਰ ਤੇ ਭਰਾਤਾ ਭਾਈ ਮਨਜੀਤ ਸਿੰਘ ਸਮੇਤ ਸ਼ਹੀਦਾਂ ਦੇ ਪਰਿਵਾਰਕ ਮੈਂਬਰ ਅਤੇ ਵੱਖ-ਵੱਖ ਜਥੇਬੰਦੀਆਂ ਦੇ ਨੁਮਾਇੰਦੇ ਸ਼ਾਮਲ ਹੋਏ।

ਇਸ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕੌਮ ਦੇ ਨਾਮ ਸੰਦੇਸ਼ ਦਿੰਦਿਆਂ ਜਿਥੇ ਜੂਨ ੧੯੮੪ ਵਿਚ ਜ਼ਾਲਮ ਕੇਂਦਰ ਸਰਕਾਰ ਵੱਲੋਂ ਕਰਵਾਏ ਗਏ ਇਸ ਘੱਲੂਘਾਰੇ ਨੂੰ ਅਤਿ-ਨਿੰਦਣਯੋਗ ਕਰਾਰ ਦਿੱਤਾ, ਉਥੇ ਹੀ ਉਨ੍ਹਾਂ ਨੇ ਕੌਮੀ ਇੱਕਜੁਟਤਾ ਨਾਲ ਵਰਤਮਾਨ ਚੁਣੌਤੀਆਂ ਦਾ ਮੁਕਾਬਲਾ ਕਰਨ ਲਈ ਵੀ ਕਿਹਾ। ਉਨ੍ਹਾਂ ਕਿਹਾ ਕਿ ੧੯੮੪ ਦੇ ਘੱਲੂਘਾਰੇ ਵਿਚ ਭਾਰਤੀ ਫੌਜ ਵੱਲੋਂ ਕੀਤੇ ਗਏ ਜ਼ੁਲਮ ਵਿਰੁੱਧ ਸੂਰਬੀਰ ਯੋਧੇ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ, ਸ਼ਹੀਦ ਭਾਈ ਅਮਰੀਕ ਸਿੰਘ ਤੇ ਜਨਰਲ ਸ਼ੁਬੇਗ ਸਿੰਘ ਸਮੇਤ ਬੇਅੰਤ ਸਿੰਘ, ਸਿੰਘਣੀਆਂ ਤੇ ਭੁਝੰਗੀਆਂ ਨੇ ਸ਼ਹਾਦਤਾਂ ਦਿੱਤੀਆਂ, ਜਿਨ੍ਹਾਂ ਨੂੰ ਸਿੱਖ ਕੌਮ ਹਰ ਸਾਲ ਸ਼ਹੀਦੀ ਸਮਾਗਮ ਕਰ ਕੇ ਯਾਦ

ਕਰਦੀ ਹੈ। ਉਨ੍ਹਾਂ ਇਸ ਘੱਲੂਘਾਰੇ ਲਈ ਮੁਕੰਮਲ ਰੂਪ ਵਿਚ ਭਾਰਤ ਦੀ ਤਤਕਾਲੀ ਸਰਕਾਰ ਨੂੰ ਦੋਸ਼ੀ ਠਹਿਰਾਉਂਦਿਆਂ ਕਿਹਾ ਕਿ ਇਸ ਤੋਂ ਵੱਧ ਦੁੱਖ ਦੀ ਗੱਲ ਕੀ ਹੋ ਸਕਦੀ ਹੈ ਕਿ ਆਪਣੇ ਹੀ ਦੇਸ਼ ਦੀ ਸਰਕਾਰ ਵੱਲੋਂ ਆਪਣੀ ਹੀ ਫੌਜ ਦੁਆਰਾ ਸਿੱਖਾਂ ਦੇ ਧਾਰਮਿਕ ਅਸਥਾਨ ਨੂੰ ਟੈਂਕਾਂ-ਤੋਪਾਂ ਤੇ ਗੋਲੇ-ਬਾਰੂਦ ਦਾ ਨਿਸ਼ਾਨਾ ਬਣਾ ਕੇ ਸੰਗਤਾਂ ਨੂੰ ਸ਼ਹੀਦ ਕਰ ਦਿੱਤਾ ਗਿਆ ਹੋਵੇ। ਉਨ੍ਹਾਂ ਇਸ ਹਮਲੇ ਨੂੰ ਸਿੱਖਾਂ 'ਤੇ ਗਿਣੀ ਮਿਥੀ ਸਾਜ਼ਿਸ਼ ਕਰਾਰ ਦਿੰਦਿਆਂ ਕਿਹਾ ਕਿ ਜ਼ਾਲਮ ਸਰਕਾਰ ਨੇ ਕਤਲੋ-ਗਾਰਤ ਕਰਦਿਆਂ ਇਹ ਵੀ ਲਿਹਾਜ਼ ਨਹੀਂ ਕੀਤਾ ਕਿ ਆਪਣੇ ਮੁਕੱਦਸ ਅਸਥਾਨ 'ਤੇ ਸ਼ਰਧਾ ਸਹਿਤ ਪੁੱਜੀਆਂ ਵੱਡੀ ਗਿਣਤੀ ਵਿਚ ਨਿਰਦੋਸ਼ ਸੰਗਤਾਂ ਸ਼ਾਮਲ ਸਨ। ਉਨ੍ਹਾਂ ਆਖਿਆ ਕਿ ਕਦੀ ਮੁਗਲਈ ਸਰਕਾਰਾਂ, ਕਦੀ ਅੰਗਰੇਜ਼ ਅਤੇ ਹਿੰਦੁਸਤਾਨ ਦੀ ਸਰਕਾਰ ਨੇ ਸਮੇਂ-ਸਮੇਂ 'ਤੇ ਸਿੱਖਾਂ ਨੂੰ ਦਬਾਉਣ ਦਾ ਯਤਨ ਕੀਤਾ ਪਰ ਗੁਰੂ ਸਾਹਿਬਾਨ ਦੇ ਮਿਸ਼ਨ ਅਨੁਸਾਰ ਸਿੱਖਾਂ ਨੇ ਹਮੇਸ਼ਾਂ ਹੀ ਜ਼ਾਬਰੀ ਤਾਕਤਾਂ ਦਾ ਮੁਕਾਬਲਾ ਸਿਦਕ, ਸਿਰੜ ਤੇ ਚੜ੍ਹਦੀ ਕਲਾ ਨਾਲ ਕੀਤਾ। ਇਤਿਹਾਸ ਗਵਾਹ ਹੈ ਕਿ ਜ਼ਾਬਰੀ ਤਾਕਤਾਂ ਚੜ੍ਹਦੀ ਕਲਾ ਵਾਲੀ ਸੋਚ ਨੂੰ ਦਬਾਉਣ ਲਈ ਯਤਨਸ਼ੀਲ ਰਹੀਆਂ ਪਰ ਉਨ੍ਹਾਂ ਨੂੰ ਸਦਾ ਨਾਕਾਮਯਾਬੀ ਹਾਸਲ ਹੋਈ ਅਤੇ ਕੌਮ ਹੋਰ ਬੁਲੰਦੀ ਨਾਲ ਉਭਰੀ। ਉਨ੍ਹਾਂ ਸਮੁੱਚੇ ਸਿੱਖ ਜਗਤ ਨੂੰ ਪੰਥਕ ਮਸਲਿਆਂ ਤੇ ਦਰਪੇਸ਼ ਚੁਣੌਤੀਆਂ ਦੇ ਹੱਲ ਲਈ ਇਕਜੁੱਟ ਹੋ ਕੇ ਯਤਨ ਕਰਨ ਲਈ ਕਿਹਾ।

ਸਮਾਗਮ ਦੌਰਾਨ ਸੰਤ ਬਾਬਾ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਦੇ ਸਪੁੱਤਰ ਭਾਈ ਈਸ਼ਰ ਸਿੰਘ, ਸ਼ਹੀਦ ਭਾਈ ਅਮਰੀਕ ਸਿੰਘ ਦੀ ਸੁਪਤਨੀ ਬੀਬੀ ਹਰਪ੍ਰੀਤ ਕੌਰ ਤੇ ਭਰਾਤਾ ਭਾਈ ਮਨਜੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਸ਼ਹੀਦ ਭਾਈ ਨਛੱਤਰ ਸਿੰਘ ਭਲਵਾਨ ਦੇ ਸਪੁੱਤਰ ਭਾਈ ਭੁਪਿੰਦਰ ਸਿੰਘ ਭਲਵਾਨ ਅਤੇ ਹੋਰ ਸ਼ਹੀਦਾਂ ਦੇ ਪਰਿਵਾਰਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ: ਕਿਰਪਾਲ ਸਿੰਘ ਬਡੂੰਗਰ ਵੱਲੋਂ ਸਿਰੋਪਾਓ ਦਿੱਤੇ ਗਏ।

ਇਸੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਜੂਨ ੧੯੮੪ ਦੇ ਸ਼ਹੀਦਾਂ ਦੀ ਯਾਦ ਵਿਚ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਕਰਵਾਏ ਗਏ ਸਾਲਾਨਾ ਸ਼ਹੀਦੀ ਸਮਾਗਮ ਵਿਚ ਇੱਕਜੁਟ ਹੋ ਕੇ ਸਹਿਯੋਗ ਕਰਨ ਲਈ ਪੁੱਜੀਆਂ ਸਮੂਹ ਸਿੱਖ ਜਥੇਬੰਦੀਆਂ, ਨਿਹੰਗ ਸਿੰਘ ਦਲਾਂ, ਪ੍ਰਮੁੱਖ ਸ਼ਖਸੀਅਤਾਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਅਤਿ ਭਾਵੁਕ ਤੇ ਸੰਜੀਦਾ ਦਿਹਾੜਾ ਹੈ ਜੋ ਸਮੁੱਚੀ ਕੌਮ ਲਈ ਕਦੇ ਨਾ-ਭੁੱਲਣਯੋਗ ਹੈ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਦਿਨਾਂ ਤੋਂ ਜਿਨ੍ਹਾਂ ਵੀ ਸਿੱਖ ਆਗੂਆਂ ਨੂੰ ਸਹਿਯੋਗ ਕਰਨ ਤੇ ਇੱਕਜੁਟ ਹੋਣ ਲਈ ਅਪੀਲ ਕੀਤੀ ਸੀ ਉਨ੍ਹਾਂ ਸਾਰਿਆਂ ਨੇ ਪੂਰਨ ਸਹਿਯੋਗ ਕੀਤਾ ਹੈ ਜੋ ਕੌਮ ਲਈ ਚੰਗਾ ਸੁਨੇਹਾ ਹੈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੌਮੀ ਇੱਕਜੁਟਤਾ ਲਈ ਹਮੇਸ਼ਾ ਯਤਨਸ਼ੀਲ ਰਹੇਗੀ।

# ਬਰਤਾਨੀਆ 'ਚ ਸਿੱਖ ਬੱਚਿਆਂ ਨੂੰ ਕਿਰਪਾਨ ਪਹਿਨ ਕੇ ਪਾਰਕ ਜਾਣ ਤੋਂ ਰੋਕਣਾ ਮੰਦਭਾਗਾ-ਪ੍ਰੋ. ਕਿਰਪਾਲ ਸਿੰਘ ਬਡੂੰਗਰ

ਸ੍ਰੀ ਅੰਮ੍ਰਿਤਸਰ ੧੦ ਜੂਨ: ਸ਼੍ਰੋਮਣੀ ਗੁ.ਪ੍ਰ. ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਬਰਤਾਨੀਆ ਵਿਚ ਅੰਮ੍ਰਿਤਧਾਰੀ ਸਿੱਖ ਬੱਚਿਆਂ ਨੂੰ ਕਿਰਪਾਨ ਪਹਿਨ ਕੇ ਥੀਮ ਪਾਰਕ ਵਿਚ ਦਾਖ਼ਲ ਹੋਣ ਤੋਂ ਰੋਕਣ ਦਾ ਗੰਭੀਰ ਨੋਟਿਸ ਲੈਂਦਿਆਂ ਕਿਹਾ ਕਿ ਵਿਦੇਸ਼ਾਂ ਵਿਚ ਵੱਸਦੇ ਅੰਮ੍ਰਿਤਧਾਰੀ ਸਿੱਖ ਪਰਵਾਰਾਂ ਨੂੰ ਧਾਰਮਿਕ ਚਿੰਨ੍ਹ ਉਤਾਰਨ ਲਈ ਕਹਿਣਾ ਬਹੁਤ ਹੀ ਮੰਦਭਾਗਾ ਹੈ। ਜਿਸ ਨਾਲ ਸਿੱਖ ਹਿਰਦਿਆਂ ਨੂੰ ਠੇਸ ਪਹੁੰਚਦੀ ਹੈ। ਇਹ ਮਾਮਲਾ ਸਟੈਫੋਰਡਸ਼ਾਇਰ ਸਥਿਤ ਡ੍ਰੇਟਨ ਮੇਨਰ ਥੀਮ ਪਾਰਕ ਵਿਚ ਉਸ ਸਮੇਂ ਸਾਹਮਣੇ ਆਇਆ ਜਿੱਥੇ ਇਸ ਪਾਰਕ ਵਿਚ ਲੋਕ ਸੈਰ-ਸਪਾਟੇ ਲਈ ਆਉਂਦੇ ਹਨ, ਉੱਥੇ ਸਿੱਖ ਬੱਚਿਆਂ ਨੂੰ ਥੀਮ ਪਾਰਕ ਦੇ ਪ੍ਰਬੰਧਕਾਂ ਵੱਲੋਂ ਕਿਰਪਾਨ ਉਤਾਰ ਕੇ ਪਾਰਕ ਵਿਚ ਦਾਖ਼ਲ ਹੋਣ ਲਈ ਕਿਹਾ ਜਾਣਾ ਪਾਰਕ ਦੇ ਪ੍ਰਬੰਧਕਾਂ ਲਈ ਬਹੁਤ ਮਾੜੀ ਗੱਲ ਹੈ।

ਸ਼੍ਰੋਮਣੀ ਗੁ.ਪ੍ਰ. ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਅੰਮ੍ਰਿਤ ਦੀ ਦਾਤ ਬਖਸ਼ ਕੇ ਖਾਲਸਾ ਪੰਥ ਦੀ ਸਥਾਪਨਾ ਕੀਤੀ ਸੀ। ਉਨ੍ਹਾਂ ਆਪਣੇ ਅੰਮ੍ਰਿਤਧਾਰੀ ਸਿੱਖਾਂ ਨੂੰ ਰਹਿਤ ਵਜੋਂ ਪੰਜ ਕਕਾਰ ਕਛਹਿਰਾ, ਕੰਘਾ, ਕੜ੍ਹਾ, ਕਿਰਪਾਨ ਤੇ ਕੇਸਾਂ ਦੇ ਧਾਰਨੀ ਬਣਾਇਆ। ਉਨ੍ਹਾਂ ਕਿਹਾ ਕਿ ਸਾਬਤ ਸੂਰਤ ਸਿੱਖ ਲਈ ਕਕਾਰ ਸਰੀਰ ਦੇ ਇਕ ਅੰਗ ਵਾਂਗ ਹੁੰਦੇ ਹਨ ਜਿਨ੍ਹਾਂ ਨੂੰ ਵੱਖ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਇਕ ਪਾਸੇ ਵਿਦੇਸ਼ਾਂ ਵਿੱਚ ਸਿੱਖਾਂ ਦੀ ਪਹਿਚਾਣ ਨੂੰ ਲੈ ਕੇ ਪੈਦਾ ਹੋਏ ਭਰਮ-ਭੁਲੇਖਿਆਂ ਨੂੰ ਦੂਰ ਕਰਨ ਲਈ ਯਤਨ ਕੀਤੇ ਜਾ ਰਹੇ ਹਨ, ਵਿਦੇਸ਼ਾਂ ਵਿਚ ਅੰਮ੍ਰਿਤਧਾਰੀ ਸਿੱਖਾਂ ਨੂੰ ਬੇਗਾਨਗੀ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ, ਇਸ ਤੋਂ ਵੱਡੀ ਨਮੋਸ਼ੀ ਹੋਰ ਕੀ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਅਮਨਪਸੰਦ ਸਿੱਖ ਕੌਮ ਦੇ ਧਾਰਮਿਕ ਚਿੰਨ੍ਹਾਂ ਨੂੰ ਅਸ਼ਾਂਤੀ ਤੇ ਅਸੁਰੱਖਿਆ ਨਾਲ ਜੋੜ ਕੇ ਵੇਖਣਾ ਨਹੀਂ ਚਾਹੀਦਾ।

ਉਨ੍ਹਾਂ ਕਿਹਾ ਕਿ ਪਾਰਕ ਅੰਦਰ ਦਾਖ਼ਲ ਹੋਣ ਤੋਂ ਰੋਕੇ ਜਾਣ ਵਾਲਾ ਅੰਮ੍ਰਿਤਧਾਰੀ ਪਰਵਾਰ ਦਾ ਮੁੱਖੀ ਅਧਿਆਪਕ ਹੈ, ਜਿਸ ਨੂੰ ਆਪਣੇ ਬੇਟੇ ਦਾ ਜਨਮ ਦਿਨ ਮਨਾਉਣ ਲਈ ਪਾਰਕ ਵਿਚ ਦਾਖ਼ਲ ਹੋਣ ਦੀ ਇਜਾਜ਼ਤ ਇਸ ਕਰਕੇ ਨਹੀਂ ਦਿੱਤੀ ਗਈ ਕਿ ਉਨ੍ਹਾਂ ਨੇ ਪਾਰਕ ਪ੍ਰਬੰਧਕਾਂ ਦੇ ਕਹਿਣ 'ਤੇ ਕਿਰਪਾਨ ਨਹੀਂ ਉਤਾਰੀ। ਉਨ੍ਹਾਂ ਕਿਹਾ ਕਿ ਬਰਤਾਨੀਆ ਦੀ ਸੰਸਦ ਵਿਚ ਅੰਮ੍ਰਿਤਧਾਰੀ ਸਿੱਖਾਂ ਨੂੰ ਜਾਣ ਦੀ ਇਜਾਜ਼ਤ ਹੈ ਤਾਂ ਇਕ ਥੀਮ ਪਾਰਕ ਦੇ ਪ੍ਰਬੰਧਕ ਸੁਰੱਖਿਆ ਇਸ ਉਪਰ ਪਾਬੰਦੀ ਕਿਵੇਂ ਲਾ ਸਕਦੇ ਹਨ। ਇਸ ਸਬੰਧੀ ਸ਼੍ਰੋਮਣੀ ਗੁ.ਪ੍ਰ. ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵੱਲੋਂ ਭਾਰਤ ਦੇ ਵਿਦੇਸ਼ ਮੰਤਰੀ ਅਤੇ ਭਾਰਤ ਸਥਿਤ ਬ੍ਰਿਟਿਸ਼ ਦੇ ਹਾਈ ਕਮਿਸ਼ਨ ਨੂੰ ਪੱਤਰ ਲਿਖ ਕੇ ਮੰਗ ਕੀਤੀ ਕਿ ਵਿਦੇਸ਼ਾਂ ਵਿਚ ਵੱਸਦੇ ਅੰਮ੍ਰਿਤਧਾਰੀ ਸਿੱਖ ਪਰਵਾਰਾਂ ਨੂੰ ਗੁਰੂ ਮਹਾਰਾਜ ਵੱਲੋਂ ਬਖ਼ਸ਼ੇ ਧਾਰਮਿਕ ਚਿੰਨ੍ਹਾਂ ਨੂੰ ਉਤਾਰਨ ਬਾਰੇ ਨਹੀਂ ਕਹਿਣਾ ਚਾਹੀਦਾ। ■

# ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਸਰਗਰਮੀਆਂ

## ਪਿੰਡ ਬਹਿੜਵਾਲ ਵਿਖੇ ਗੁਰਮਤਿ ਸਮਾਗਮ

ਭਾਈ ਗੁਰਬਚਨ ਸਿੰਘ ਕਲਸੀਆਂ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ.ਪ੍ਰ. ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ਪਿੰਡ ਬਹਿੜਵਾਲ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਵਿਖੇ ੨੫ ਅਤੇ ੨੬ ਫਰਵਰੀ, ੨੦੧੭ ਨੂੰ ਸਾਲਾਨਾ ਗੁਰਮਤਿ ਸਮਾਗਮ ਕਰਵਾਇਆ ਗਿਆ। ੨੬ ਫਰਵਰੀ, ੨੦੧੭ ਨੂੰ ਸ੍ਰੀ ਅਕਾਲ ਤਖਤ ਸਾਹਿਬ ਜੀ ਤੋਂ ਪਹੁੰਚੇ ਪੰਜ ਪਿਆਰੇ ਸਾਹਿਬਾਨ ਵੱਲੋਂ ਅੰਮ੍ਰਿਤ ਦਾ ਬਾਟਾ ਤਿਆਰ ਕਰ ਕੇ ੫੬ ਪ੍ਰਾਣੀਆਂ ਨੂੰ ਗੁਰੂ ਵਾਲੇ ਬਣਾਇਆ। ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ.ਪ੍ਰ. ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ਅੰਮ੍ਰਿਤ-ਅਭਿਲਾਖੀਆਂ ਨੂੰ ਕਕਾਰ ਭੇਟਾ-ਰਹਿਤ ਦਿੱਤੇ ਗਏ। ਇਸ ਸਮਾਗਮ ਦੀ ਸਫਲਤਾ ਵਾਸਤੇ ਪ੍ਰਚਾਰਕ ਭਾਈ ਗੁਰਬਚਨ ਸਿੰਘ ਕਲਸੀਆਂ, ਭਾਈ ਹੀਰਾ ਸਿੰਘ ਮਨਿਹਾਲਾ, ਭਾਈ ਗੁਰਲਾਲ ਸਿੰਘ ਮਾੜੀ ਉਦੋਕੇ ਅਤੇ ਭਾਈ ਹੀਰਾ ਸਿੰਘ ਕੋਮਲ, ਸਾਥੀ ਦੀਦਾਰ ਸਿੰਘ ਮਨਿਹਾਲਾ ਕਵੀਸ਼ਰ ਨੇ ਵੱਖ-ਵੱਖ ਨਗਰਾਂ ਵਿਚ ਸੰਗਤਾਂ ਨੂੰ ਅੰਮ੍ਰਿਤ-ਛਕਣ ਦੀ ਪ੍ਰੇਰਨਾ ਕੀਤੀ। ਇਸ ਸਮਾਗਮ ਵਿਚ ਭਾਈ ਹਰਪਾਲ ਸਿੰਘ ਢੰਡ ਅਤੇ ਭਾਈ ਜਸਬੀਰ ਸਿੰਘ ਵਲਟੋਹਾ ਦੇ ਢਾਡੀ ਜਥਿਆਂ ਨੇ ਸੰਗਤਾਂ ਨੂੰ ਗੁਰ-ਇਤਿਹਾਸ ਅਤੇ ਸਿੱਖ ਇਤਿਹਾਸ ਸਰਵਣ ਕਰਵਾਇਆ। ਇਸ ਮੌਕੇ ਸ. ਪੰਜਾਬ ਸਿੰਘ ਬਹਿੜਵਾਲ, ਸ. ਮਲਕੀਅਤ ਸਿੰਘ ਬਹਿੜਵਾਲ, ਸਹਾਇਕ ਸੁਪਰਡੈਂਟ, (ਸ਼੍ਰੋਮਣੀ ਗੁ.ਪ੍ਰ. ਕਮੇਟੀ), ਸ. ਲਖਬੀਰ ਸਿੰਘ ਗੁ. ਇੰ. ਅਤੇ ਸਥਾਨਕ ਸੰਗਤਾਂ ਨੇ ਵਿਸ਼ੇਸ਼ ਸਹਿਯੋਗ ਦਿੱਤਾ।

## ਰਾਜਸਥਾਨ ਵਿਖੇ ਗੁਰਮਤਿ ਸਮਾਗਮ

ਭਾਈ ਗੁਰਮੀਤ ਸਿੰਘ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਸ਼ਹੀਦ ਨਗਰ ਗੁਰਦੁਆਰਾ ਬੁੱਢਾ ਜੌਹੜ, ਜ਼ਿਲ੍ਹਾ ਸ੍ਰੀ ਗੰਗਾ ਨਗਰ (ਰਾਜਸਥਾਨ) ਵਿਖੇ ਸੰਤ ਫਤਹਿ ਸਿੰਘ ਸੰਤ ਚੰਨਣ ਸਿੰਘ ਜੀ ਦੀ ਯਾਦ ਵਿਚ ਸਲਾਨਾ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਸਬੰਧ ਵਿਚ ਭਾਈ ਗੁਰਮੀਤ ਸਿੰਘ ਪ੍ਰਚਾਰਕ, ਭਾਈ ਬਹਾਦਰ ਸਿੰਘ ਪ੍ਰਚਾਰਕ, ਢਾਡੀ ਭਾਈ ਸੁਖਚੈਨ ਸਿੰਘ ਸ਼ਾਹਪੀਣੀ ਅਤੇ ਭਾਈ ਗੁਰਜੀਤ ਸਿੰਘ ਦੇ ਕਵੀਸ਼ਰੀ ਜਥੇ ਨੇ ਵੱਖ-ਵੱਖ ਪਿੰਡਾਂ ਤੇ ਨਗਰਾਂ 'ਚ ਧਰਮ ਪ੍ਰਚਾਰ ਕੀਤਾ। ਇਸ ਤਹਿਤ ੨੬ ਫਰਵਰੀ, ੨੦੧੭ ਨੂੰ ਅੰਮ੍ਰਿਤ-ਸੰਚਾਰ ਕਰਵਾਇਆ ਗਿਆ, ਜਿਸ ਵਿਚ ਤਖਤ ਸ੍ਰੀ ਦਮਦਮਾ ਸਾਹਿਬ ਤੋਂ ਪੁੱਜੇ ਪੰਜ ਪਿਆਰੇ ਸਾਹਿਬਾਨ ਵੱਲੋਂ ੯੩ ਪ੍ਰਾਣੀਆਂ ਨੂੰ ਅੰਮ੍ਰਿਤ-ਪਾਨ ਕਰਵਾਇਆ। ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ.ਪ੍ਰ. ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ਅੰਮ੍ਰਿਤ-ਅਭਿਲਾਖੀਆਂ ਨੂੰ ਕਕਾਰ ਭੇਟਾ-ਰਹਿਤ ਦਿੱਤੇ ਗਏ।

ਇਸ ਸਮਾਗਮ ਵਿਚ ਜਥੇਦਾਰ ਸ. ਬੂਟਾ ਸਿੰਘ, ਸੀਨੀਅਰ ਮੀਤ ਪ੍ਰਧਾਨ,

(ਸ਼੍ਰੋਮਣੀ ਗੁ. ਪ੍ਰ. ਕਮੇਟੀ) ਉਚੇਚੇ ਤੌਰ 'ਤੇ ਪਹੁੰਚੇ। ਉਨ੍ਹਾਂ ਨੇ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਮਰਯਾਦਾ ਨਾਲ ਜੁੜਨ ਦੀ ਪ੍ਰੇਰਨਾ ਕੀਤੀ। ਇਸ ਮੌਕੇ ਸ. ਸੁਰਜੀਤ ਸਿੰਘ, ਮੈਂਬਰ (ਸ਼੍ਰੋਮਣੀ ਗੁ.ਪ੍ਰ. ਕਮੇਟੀ) ਨੇ ਸੰਗਤਾਂ ਨੂੰ ਬਾਣੀ ਤੇ ਬਾਣੇ ਨਾਲ ਜੁੜਨ ਲਈ ਪ੍ਰੇਰਿਆ।

## ਪਿੰਡ ਨਡਾਲੋਂ ਵਿਖੇ ਅੰਮ੍ਰਿਤ-ਸੰਚਾਰ

ਭਾਈ ਦਿਆਲ ਸਿੰਘ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ.ਪ੍ਰ. ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ਗੁਰਦੁਆਰਾ ਸੰਤ ਬਾਬਾ ਦੀਵਾਨ ਸਿੰਘ ਜੀ-ਸੰਤ ਬਾਬਾ ਨਿਧਾਨ ਸਿੰਘ ਜੀ, ਪਿੰਡ ਨਡਾਲੋਂ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਬੀਬੀ ਰਣਜੀਤ ਕੌਰ, ਮੈਂਬਰ, ਸ਼੍ਰੋਮਣੀ ਗੁ.ਪ੍ਰ. ਕਮੇਟੀ, ਭਾਈ ਸੁਖਵਿੰਦਰ ਸਿੰਘ, ਭਾਈ ਸਤਨਾਮ ਸਿੰਘ ਗ੍ਰੰਥੀ ਅਤੇ ਸੰਗਤਾਂ ਦੇ ਸਹਿਯੋਗ ਨਾਲ ੨੫ ਮਾਰਚ, ੨੦੧੭ ਨੂੰ ਅੰਮ੍ਰਿਤ-ਸੰਚਾਰ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿਚ ਕੁੱਲ ੧੫ ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ। ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ.ਪ੍ਰ. ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ਅੰਮ੍ਰਿਤ-ਅਭਿਲਾਖੀਆਂ ਨੂੰ ਕਕਾਰ ਭੇਟਾ-ਰਹਿਤ ਦਿੱਤੇ ਗਏ।

## ਜ਼ਿਲ੍ਹਾ ਸ੍ਰੀ ਗੰਗਾ ਨਗਰ ਵਿਖੇ ਅੰਮ੍ਰਿਤ-ਸੰਚਾਰ

ਭਾਈ ਗੁਰਮੀਤ ਸਿੰਘ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਸ਼ਹੀਦ ਨਗਰ ਗੁਰਦੁਆਰਾ ਬੁੱਢਾ ਜੌਹੜ, ਜ਼ਿਲ੍ਹਾ ਸ੍ਰੀ ਗੰਗਾ ਨਗਰ (ਰਾਜਸਥਾਨ) ਵਿਖੇ ੨੮ ਮਾਰਚ, ੨੦੧੭ ਨੂੰ ਅੰਮ੍ਰਿਤ-ਸੰਚਾਰ ਕਰਵਾਇਆ ਗਿਆ। ਇਸ ਸਮਾਗਮ ਵਿਚ ਤਖਤ ਸ੍ਰੀ ਦਮਦਮਾ ਸਾਹਿਬ ਤੋਂ ਪੁੱਜੇ ਪੰਜ ਪਿਆਰੇ ਸਾਹਿਬਾਨ ਵੱਲੋਂ ੫੨ ਪ੍ਰਾਣੀਆਂ ਨੂੰ ਅੰਮ੍ਰਿਤ-ਪਾਨ ਕਰਵਾਇਆ ਗਿਆ। ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ.ਪ੍ਰ. ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ਅੰਮ੍ਰਿਤ-ਅਭਿਲਾਖੀਆਂ ਨੂੰ ਕਕਾਰ ਭੇਟਾ-ਰਹਿਤ ਦਿੱਤੇ ਗਏ। ਇਸ ਤੋਂ ਪਹਿਲਾਂ ਢਾਡੀ ਭਾਈ ਸੁਖਚੈਨ ਸਿੰਘ ਸ਼ਾਹਪੀਣੀ ਅਤੇ ਭਾਈ ਗੁਰਜੀਤ ਸਿੰਘ ਦੇ ਕਵੀਸ਼ਰੀ ਜਥੇ ਨੇ ਵੱਖ-ਵੱਖ ਪਿੰਡਾਂ ਤੇ ਨਗਰਾਂ 'ਚ ਸੰਗਤਾਂ ਨੂੰ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਨ ਅਤੇ ਗੁਰਮਤਿ ਨਾਲ ਜੁੜਨ ਲਈ ਪ੍ਰੇਰਿਤ ਕੀਤਾ।

## ਗੁਰਦੁਆਰਾ ਬਾਬਾ ਬੁੱਢਾ ਜੀ ਵਿਖੇ ਅੰਮ੍ਰਿਤ-ਸੰਚਾਰ

ਭਾਈ ਬਲਕਾਰ ਸਿੰਘ ਸੂਰੇਪੁਰ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ.ਪ੍ਰ. ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ੨ ਅਪ੍ਰੈਲ, ੨੦੧੭ ਨੂੰ ਗੁਰਦੁਆਰਾ ਬਾਬਾ ਬੁੱਢਾ ਜੀ, ਪਿੰਡ ਤੇ ਡਾਕ: ਰਮਦਾਸ, ਤਹਿ: ਅਜਨਾਲਾ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮ ਵਿਚ ਕੁੱਲ ੧੯੪ ਪ੍ਰਾਣੀ ਖੰਡੇ ਬਾਟੇ ਦੀ ਪਾਹੁਲ ਛਕ ਕੇ ਗੁਰੂ ਵਾਲੇ ਬਣੇ। ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ.ਪ੍ਰ. ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ਅੰਮ੍ਰਿਤ-ਅਭਿਲਾਖੀਆਂ ਨੂੰ ਕਕਾਰ ਭੇਟਾ-ਰਹਿਤ ਦਿੱਤੇ ਗਏ।

■